ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 85 | 23 to 29 August, 2023 | Ph.: (510) 240-5949 | Email: asrtimes@gmail.com




## ਗ਼ੈਰਕਾਨੂੰਨੀ ਪ੍ਰਵਾਸ ਦੀ ਤ੍ਰਾਸਦੀ

# ਪੰਜਾਬੀਆਂ ਨੂੰ ਮੌਤ ਦੇ ਮੂੰਹ ਪਾ ਰਹੀ ਹੈ ਚੰਗੇ ਭਵਿੱਖ ਦੀ ਆਸ

## ਪੰਜਾਬ ਨੂੰ ਬੇਦਾਅਵਾ ਕਿਉਂ ਦੇ ਰਹੇ ਹਨ ਪੰਜਾਬੀ ਨੌਜਵਾਨ?

ਪੰਜਾਬ ਦੇ ਨੌਜਵਾਨ ਮੁੰਡੇ ਕੁੜੀਆਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਏਨਾ ਜਿਆਦਾ ਵੱਧ ਗਿਆ ਹੈ ਕਿ ਉਹ ਹੁਣ ਹਰ ਜਾਇਜ਼ ਤੇ ਨਾਜਾਇਜ਼ ਤਰੀਕਾ ਅਪਨਾਅ ਕੇ ਵਿਦੇਸ਼ ਜਾ ਰਹੇ ਹਨ। ਜਿਹੜੇ ਨੌਜਵਾਨ ਜਾਇਜ਼ ਤਰੀਕੇ ਨਾਲ ਅਤੇ ਆਈਲੈਟਸ ਕਰਕੇ ਜਾਂ ਐਨ.ਆਰ. ਆਈ ਮੁੰਡੇ ਜਾਂ ਕੁੜੀ ਨਾਲ ਵਿਆਹ ਸ਼ਾਦੀ ਕਰਵਾ ਕੇ ਵਿਦੇਸ਼ ਜਾਂਦੇ ਹਨ, ਉਹ ਤਾਂ ਵਿਦੇਸ਼ਾਂ ਵਿੱਚ ਸਹੀ ਠਿਕਾਣੇ 'ਤੇ ਪਹੁੰਚ ਜਾਂਦੇ ਹਨ ਪਰ ਜਿਹੜੇ ਪੰਜਾਬੀ ਨੌਜਵਾਨ ਗੈਰ ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਦਾ ਜੁਗਾੜ ਕਰਦੇ ਹਨ, ਉਹਨਾਂ ਵਿੱਚੋਂ ਵੱਡੀ ਗਿਣਤੀ ਨੌਜਵਾਨ ਸਹੀ ਠਿਕਾਣੇ ਅਤੇ ਮਨਪਸੰਦ ਦੇਸ਼ ਵਿੱਚ ਪਹੁੰਚਣ ਦੀ ਥਾਂ ਹੋਰਨਾਂ ਅਨਜਾਣੇ ਦੇਸ਼ਾਂ ਦੇ ਜੰਗਲਾਂ, ਪਹਾੜਾਂ ਵਿੱਚ ਸਫ਼ਰ ਕਰਦੇ ਰਹਿ ਜਾਂਦੇ ਹਨ, ਇਹਨਾਂ ਜੰਗਲਾਂ ਤੇ ਪਹਾੜਾਂ ਵਿੱਚ ਸਫ਼ਰ ਕਰਦਿਆਂ ਉਹਨਾਂ ਦੀ ਜਿੰਦਗੀ ਤਾਂ ਮੁੱਕ ਜਾਂਦੀ ਹੈ ਪਰ ਉਹਨਾਂ ਦਾ ਸਫ਼ਰ ਨਹੀਂ ਮੁੱਕਦਾ। ਕਈ ਵਾਰ ਕੈਨੇਡਾ ਅਤੇ



ਅਮਰੀਕਾ ਵਿੱਚ ਗ਼ੈਰਕਾਨੂੰਨੀ ਤਰੀਕਿਆਂ, ਡੌਂਕੀ ਲਾ ਕੇ ਜਾਂਦੇ ਹੋਏ ਅਨੇਕਾਂ ਪੰਜਾਬੀ ਨੌਜਵਾਨ ਅਨਜਾਣੇ ਮੁਲਕਾਂ ਦੀਆਂ ਪੁਲਿਸ ਅਤੇ ਫ਼ੌਜ ਵੱਲੋਂ ਗ੍ਰਿਫ਼ਤਾਰ ਵੀ ਕੀਤੇ ਜਾਂਦੇ ਹਨ, ਜਿਥੇ ਕਿ ਉਹ ਪੈਸੇ ਦਾ ਘਾਟ ਅਤੇ ਬੇਗਾਨੇ ਮੁਲਕਾਂ ਦੀ ਭਾਸ਼ਾ ਦੀ ਜਾਣਕਾਰੀ ਨਾ ਹੋਣ ਕਾਰਨ ਜੇਲ੍ਹਾਂ ਵਿੱਚ ਸੜਦੇ ਰਹਿੰਦੇ ਹਨ ਅਤੇ ਉਸ ਸਮੇਂ ਨੂੰ ਕੋਸਦੇ ਹਨ, ਜਦੋਂ ਉਹਨਾਂ ਨੇ ਕਿਸੇ ਏਜੰਟ 'ਤੇ ਭਰੋਸਾ ਕਰਕੇ ਵਿਦੇਸ਼ ਜਾਣ ਲਈ ਸਫ਼ਰ ਸ਼ੁਰੂ ਕੀਤਾ ਸੀ।

ਪੰਜਾਬੀਆਂ ਦੇ ਸਿਰ ਵਿਦੇਸ਼ ਜਾਣ ਦਾ ਜਾਦੂ ਸਿਰ ਚੜ ਕੇ ਬੋਲ ਰਿਹਾ ਹੈ। ਵੱਡੀ ਗਿਣਤੀ ਪੰਜਾਬੀ ਅਨੇਕਾਂ ਗ਼ੈਰਕਨੂੰਨੀ ਤਰੀਕਿਆਂ ਨਾਲ ਵੀ ਵਿਦੇਸ਼ ਜਾ ਰਹੇ ਹਨ। ਕਈ ਵਾਰ ਕਿਸੇ ਗਾਇਕ ਦੇ ਨਾਲ ਕੋਰਸ ਗਾਇਕ ਬਣਕੇ , ਜਾਂ ਗਾਇਕ ਮੰਡਲੀ ਦਾ ਮੈਂਬਰ ਬਣਕੇ ਜਾਂ ਕਿਸੇ ਰਾਗੀ ਜਥੇ ਨਾਲ ਉਹਨਾਂ ਦਾ ਮੈਂਬਰ ਬਣ ਕੇ ਵੀ ਅਨੇਕਾਂ ਪੰਜਾਬੀ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਚਰਚੇ ਅਕਸਰ ਚਲਦੇ ਰਹਿੰਦੇ ਹਨ ਤੇ ਮੀਡੀਆ ਦੀਆਂ ਸੁਰਖੀਆ ਬਣਦੇ ਹਨ। ਇਸ ਤੋਂ ਇਲਾਵਾ ਕਈ ਚੁਸਤ ਤੇ ਚਲਾਕ ਏਜੰਟਾਂ ਅਤੇ ਦਲਾਲਾਂ ਵੱਲੋਂ ਨੌਜਵਾਨਾਂ ਨੂੰ ਕਿਸੇ ਨਾ ਕਿਸੇ ਤਰੀਕੇ ਵਿਦੇਸ਼ ਭੇਜਣ ਦਾ

(ਬਾਕੀ ਸਫ਼ਾ 29 'ਤੇ)

## ਕਬੂਤਰਬਾਜ਼ੀ ਦੇ ਵੱਖ-ਵੱਖ ਤਰੀਕੇ

ਪੰਜਾਬੀ ਗਾਇਕ ਦਲੇਰ ਮਹਿੰਦੀ ਨੂੰ ਪਟਿਆਲਾ ਦੀ ਅਦਾਲਤ ਨੇ ਕਬੂਤਰਬਾਜ਼ੀ ਦੇ ਇਲਜ਼ਾਮਾਂ ਵਿੱਚ 2 ਸਾਲ ਕੈਦ ਦੀ ਸਜ਼ਾ ਸੁਣਾਈ ਸੀ।



ਉਨ੍ਹਾਂ ਉੱਤੇ 2003 ਵਿੱਚ ਪੈਸੇ ਲੈਕੇ ਕੁਝ ਲੋਕਾਂ ਨੂੰ ਵਿਦੇਸ਼ ਲੈ ਜਾਣ ਤੇ ਉੱਥੇ ਹੀ ਛੱਡ ਆਉਣ ਦੇ ਇਲਜ਼ਾਮ ਲੱਗੇ ਸਨ।

ਦਲੇਰ ਵਾਂਗ ਹੀ ਅਰਸ਼ਦੀਪ ਚੋਟੀਆ ਨਾਂ ਦੇ ਇੱਕ ਹੋਰ ਗਾਇਕ ਨੂੰ ਮਾਨਸਾ ਦੀ ਅਦਾਲਤ ਨੇ ਇੱਕ ਸਾਲ ਦੀ ਸਜ਼ਾ ਸੁਣਾਈ ਸੀ। ਪੰਜਾਬੀ ਗਾਇਕਾਂ ਦੀ ਗੀਤਾਂ ਤੋਂ ਬਾਅਦ ਜਿਹੜੀ ਸਭ ਤੋਂ ਵੱਧ ਚਰਚਾ ਹੁੰਦੀ ਹੈ ਉਹ ਕਬੂਤਰਬਾਜ਼ੀ ਦੇ ਇਲਜ਼ਾਮਾਂ ਕਰਕੇ ਹੁੰਦੀ ਰਹੀ ਹੈ।

ਪਾਲੀਵੁੱਡ ਜਾਂ ਪੰਜਾਬੀ ਸੰਗੀਤ ਜਗਤ ਵਿੱਚ ਸਮੇਂ ਸਮੇਂ ਉੱਤੇ ਕਈ ਵੱਡੇ ਨਾਂ ਸਾਹਮਣੇ ਆਉਂਦੇ ਰਹੇ ਹਨ, ਜਿਨ੍ਹਾਂ ਉੱਤੇ ਕਬੂਤਰਬਾਜ਼ੀ ਦੇ ਇਲਜ਼ਾਮ ਲੱਗਦੇ ਰਹੇ ਹਨ। ਸਿਰਫ਼ ਗਾਇਕ ਹੀ ਨਹੀਂ ਸਗੋਂ ਗੁਰਬਾਣੀ ਕੀਰਤਨ ਕਰਨ ਵਾਲੇ ਜਥਿਆਂ ਨਾਲ ਵੀ ਲੋਕਾਂ ਦੇ ਬਾਹਰ ਜਾਣ ਦਾ ਰਾਹ ਬਣਨ ਦੀ ਚਰਚਾ ਕਿਸੇ ਤੋਂ ਬੁੱਝੀ ਨਹੀਂ ਹੈ।

ਗਾਇਕਾਂ ਤੋਂ ਇਲਾਵਾ ਕਬੱਡੀ ਦੇ ਟੂਰਨਾਮੈਂਟਾਂ, ਸੱਭਿਆਚਾਰਕ ਮੇਲਿਆਂ ਅਤੇ ਪੰਜਾਬੀ ਕਾਨਫਰੰਸਾਂ ਦੇ ਕੁਝ ਪ੍ਰਬੰਧਕਾਂ ਉੱਤੇ ਪੈਸੇ ਲੈ ਕੇ ਵੀਜ਼ੇ ਲਗਵਾਉਣ ਦੇ ਇਲਜ਼ਾਮ ਵੀ ਲੱਗਦੇ ਰਹੇ ਹਨ।

ਵਿਜਿਟਰ ਵੀਜ਼ੇ ਲੁਆ ਕੇ ਵਿਦੇਸ਼ ਪਹੁੰਚਣਾ ਅਤੇ ਫਿਰ ਗਾਇਬ ਜਾਣਾ ਅਨੇਕਾਂ ਵਾਰ ਮੀਡੀਆ ਦੀਆਂ ਸੁਰਖ਼ੀਆਂ ਬਣਦਾ ਰਿਹਾ ਹੈ। ਵਿਜਿਟਰ ਵੀਜ਼ੇ ਉੱਤੇ ਵਿਦੇਸ਼ੀ ਧਰਤੀ ਉੱਤੇ ਜਾ ਕੇ ਕਬੂਤਰ ਵਾਂਗ ਉਡ ਜਾਣਾ ਹਮੇਸ਼ਾਂ ਪੰਜਾਬੀਆਂ ਨੂੰ ਦੁਨੀਆਂ ਭਰ ਵਿੱਚ ਬਦਨਾਮ ਕਰਨ ਵਾਲਾ ਵਰਤਾਰਾ ਹੈ।

### ਜਹਾਜ਼ ਦੇ ਟਾਇਰਾਂ ਵਿੱਚ ਬੈਠ ਕੇ ਪਰਵਾਸ ਕਰਨਾ



1996 ਵਿੱਚ ਦੋ ਸਕੇ ਭਰਾਵਾਂ ਪ੍ਰਦੀਪ ਸੈਨੀ ਉਮਰ 23 ਸਾਲ ਅਤੇ ਵਿਜੈ ਸੈਨੀ ਉਮਰ 19 ਸਾਲ ਨੇ ਬ੍ਰਿਟਿਸ਼ ਏਅਰਵੇਜ਼ ਦੇ ਜਹਾਜ਼ ਦੇ ਟਾਇਰਾਂ ਵਿੱਚ ਬੈਠ ਕੇ ਭਾਰਤ ਤੋਂ ਇੰਗਲੈਂਡ ਤਕ 6500 ਕਿਲੋਮੀਟਰ ਦਾ ਸਫਰ ਮਨਫ਼ੀ 60 ਡਿਗਰੀ ਦੇ ਤਾਪਮਾਨ ਵਿੱਚ ਸਫਰ ਕੀਤਾ, ਇਸ ਸਫਰ ਦੌਰਾਨ ਵਿਜੈ ਸੈਨੀ ਦੀ ਮੌਤ ਹੋ ਗਈ ਸੀ ਪਰ ਪ੍ਰਦੀਪ ਸੈਨੀ ਸਹੀ ਸਲਾਮਤ ਇੰਗਲੈਂਡ ਪਹੁੰਚ ਗਿਆ ਸੀ। ਦੋਵੇਂ ਭਰਾਵਾਂ ਨੇ ਇਹ ਸਫਰ ਗੈਰਕਾਨੂੰਨੀ ਤਰੀਕੇ ਨਾਲ ਕੀਤਾ ਸੀ। ਬਾਅਦ ਵਿੱਚ ਇਸ ਸਫਰ ਵਿੱਚ ਬਚੇ ਪ੍ਰਦੀਪ ਸੈਨੀ ਨੂੰ ਇੰਗਲੈਂਡ ਦੀ ਨਾਗਰਿਕਤਾ ਦੇ ਦਿਤੀ ਗਈ ਸੀ।

## ਚਿੰਤਾਜਨਕ ਹੈ ਪੰਜਾਬੀ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ



ਪੰਜਾਬ ਤੋਂ ਕੈਨੇਡਾ ਅਤੇ ਹੋਰ ਦੇਸ਼ਾਂ ਵਿੱਚ ਜਾ ਰਹੇ ਨੌਜਵਾਨਾਂ ਵਿੱਚੋਂ ਕੁਝ ਨੌਜਵਾਨਾਂ ਦੀ ਹਾਰਟ ਅਟੈਕ ਜਾਂ ਹੋਰ ਕਾਰਨਾਂ ਕਾਰਨ ਹੋ ਰਹੀਆਂ ਮੌਤਾਂ ਚਿੰਤਾਜਨਕ ਹਨ। ਪੰਜਾਬ ਦੋਖੀ ਲੋਕ ਕਹਿ ਰਹੇ ਹਨ ਕਿ ਇਹ ਮੌਤਾਂ ਨਸ਼ੇ ਕਾਰਨ ਹੋ ਰਹੀਆਂ ਹਨ ਪਰ ਜਿਹੜੇ ਵਿਦਿਆਰਥੀਆਂ ਦੀਆਂ ਮੌਤਾਂ ਹੋ ਰਹੀਆਂ ਹਨ, ਉਹਨਾਂ ਸਾਰਿਆਂ ਵੱਲੋਂ ਕੋਈ ਨਸ਼ਾ ਕਰਨ ਦੇ ਸਬੂਤ ਨਹੀਂ ਮਿਲਦੇ। ਕੁਝ ਮਾਹਿਰ ਕਹਿ ਰਹੇ ਹਨ ਕਿ ਕੈਨੇਡਾ ਅਤੇ ਹੋਰ ਮੁਲਕਾਂ ਦੇ ਮੌਸਮ ਤੇ ਪੰਜਾਬ ਦੇ ਮੌਸਮ ਵਿੱਚ ਬਹੁਤ ਅੰਤਰ ਹੁੰਦਾ ਹੈ ਅਤੇ ਕੁਝ ਵਿਦਿਆਰਥੀ ਇਸ ਮੌਸਮੀ ਬਦਲਾਓ ਨੂੰ ਪੂਰੀ ਤਰਾਂ ਸਹਿਣ ਕਰਨ ਤੋਂ ਅਸਮਰਥ ਹੁੰਦੇ ਹਨ, ਜਿਸ ਕਾਰਨ ਵੀ ਉਹ ਮੌਸਮ ਦੀ ਮਾਰ ਹੇਠ ਆ ਜਾਂਦ ਹਨ। ਇਸ ਤੋਂ ਇਲਾਵਾ ਕੁਝ ਵਿਦਿਆਰਥੀਆਂ ਦੇ ਸੁਪਨੇ ਵਿਦੇਸ਼ਾਂ

(ਬਾਕੀ ਸਫ਼ਾ 29 'ਤੇ)

## ਉੱਚ ਸਿੱਖਿਆ ਲਈ ਵਿਦੇਸ਼ ਜਾ ਰਹੇ ਵਿਦਿਆਰਥੀ



ਉੱਚ ਸਿੱਖਿਆ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਕੇਂਦਰੀ ਮੰਤਰੀ ਸੁਭਾਸ਼ ਸਰਕਾਰ ਵੱਲੋਂ ਲੋਕ ਸਭਾ ਵਿੱਚ ਦਿੱਤੀ ਗਈ ਜਾਣਕਾਰੀ ਅਨੁਸਾਰ 2021 ਦੇ ਮੁਕਾਬਲੇ 2022 ਵਿੱਚ ਪੜ੍ਹਾਈ ਲਈ ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ ਵਿੱਚ 68% ਦਾ ਵਾਧਾ ਹੋਇਆ ਹੈ। ਅੰਕੜਿਆਂ ਮੁਤਾਬਕ 2021 'ਚ 4,44,553 ਵਿਦਿਆਰਥੀ ਪੜ੍ਹਾਈ ਲਈ

(ਬਾਕੀ ਸਫ਼ਾ 29 'ਤੇ)

## ਹੁਣ ਸਟੇਟਸ ਸਿੰਬਲ ਬਣਿਆ ਵਿਦੇਸ਼ ਜਾਣਾ



ਲੋਕ ਸਭਾ ਵਿੱਚ ਵਿਦੇਸ਼ ਰਾਜ ਮੰਤਰੀ ਦੇ ਜਵਾਬ ਅਨੁਸਾਰ 2016 ਤੋਂ ਫਰਵਰੀ 2021 ਦਰਮਿਆਨ ਪੰਜਾਬ ਅਤੇ ਚੰਡੀਗੜ੍ਹ ਤੋਂ 9.84 ਲੱਖ ਲੋਕ ਦੂਜੇ ਦੇਸ਼ਾਂ ਵਿੱਚ ਚਲੇ ਗਏ ਹਨ। ਇਨ੍ਹਾਂ ਵਿੱਚ ਕਰੀਬ ਚਾਰ ਲੱਖ ਵਿਦਿਆਰਥੀ ਅਤੇ ਛੇ ਲੱਖ ਤੋਂ ਵੱਧ ਵਰਕਰ/ਮਜ਼ਦੂਰ/ਲੇਬਰ ਸਨ। ਮਾਹਿਰ ਦੱਸਦੇ ਹਨ ਕਿ ਪੰਜਾਬ ਵਿੱਚ ਪੜ੍ਹਾਈ ਅਤੇ ਨੌਕਰੀ ਹਾਸਲ ਕਰਨ ਲਈ ਵਿਦੇਸ਼ ਜਾਣਾ ਹੁਣ ਸਟੇਟਸ ਸਿੰਬਲ ਬਣ ਗਿਆ ਹੈ। ਔਸਤਨ, ਵਿਦੇਸ਼ਾਂ ਵਿੱਚ ਪੜ੍ਹਨ ਵਾਲੇ ਇੱਕ ਵਿਦਿਆਰਥੀ ਦਾ ਸਾਲਾਨਾ 15 ਤੋਂ 22 ਲੱਖ ਰੁਪਏ ਖਰਚ ਹੁੰਦਾ ਹੈ, ਜਿਸ ਵਿੱਚ ਖਾਣ-ਪੀਣ ਅਤੇ ਕਮਰੇ ਦਾ ਕਿਰਾਇਆ ਸ਼ਾਮਲ ਹੁੰਦਾ ਹੈ। ਇੱਕ ਵਿਦਿਆਰਥੀ 'ਤੇ ਔਸਤਨ 15 ਲੱਖ ਰੁਪਏ ਦਾ ਖਰਚਾ ਮੰਨ ਕੇ ਵੀ ਪੰਜਾਬ ਤੋਂ ਹਰ ਸਾਲ 15 ਹਜ਼ਾਰ ਕਰੋੜ ਰੁਪਏ ਫੀਸਾਂ ਵਜੋਂ ਬਾਹਰ ਭੇਜੇ ਜਾ ਰਹੇ ਹਨ।

(ਬਾਕੀ ਸਫ਼ਾ 29 'ਤੇ)

## ਮਾਲਟਾ ਕਾਂਡ

ਮਾਲਟਾ ਰੂਮ ਸਾਗਰ ਦਾ ਟਾਪੂ ਹੈ ਜੋ ਇਟਲੀ ਤੋਂ ਅੱਸੀ ਕਿਲੋਮੀਟਰ, ਟਿਊਨੇਸ਼ੀਆ ਤੋਂ 284 ਕਿਲੋਮੀਟਰ ਅਤੇ ਲਿਬੀਆ ਤੋਂ 333 ਕਿਲੋਮੀਟਰ ਦੂਰ ਹੈ। ਤਕਰੀਬਨ 316 ਵਰਗ ਕਿਲੋਮੀਟਰ ਦਾ ਇਹ ਮੁਲਕ ਦੁਨੀਆਂ ਦਾ ਦਸਵੇਂ ਨੰਬਰ ਦਾ ਸਭ ਤੋਂ ਛੋਟਾ ਮੁਲਕ ਹੈ ਪਰ ਆਬਾਦੀ ਦੇ ਸੰਘਣੇਪਣ ਪੱਖੋਂ ਦੁਨੀਆਂ ਦਾ ਪੰਜਵੇਂ ਨੰਬਰ ਦਾ ਮੁਲਕ ਹੈ। ਮਾਲਟਾ ਕਾਂਡ ਸਿਰਫ਼ ਪੰਜਾਬੀਆਂ ਦੇ ਪਰਦੇਸੀਂ ਜਾਣ ਵਿੱਚੋਂ ਉਪਜੀ ਤ੍ਰਾਸਦੀ ਨਾ ਹੋ ਕੇ ਸਮੁੱਚੀ ਦੁਨੀਆਂ ਵਿੱਚ ਪਰਵਾਸ ਦੇ ਰੁਝਾਨ ਵਿੱਚੋਂ ਉਪਜਦੀਆਂ ਤ੍ਰਾਸਦੀਆਂ ਦੀ ਨੁਮਾਇੰਦਗੀ ਕਰਦੀ ਜਾਪਦੀ ਹੈ।

(ਬਾਕੀ ਸਫ਼ਾ 29 'ਤੇ)

# ਅਮਰੀਕਨ ਪੰਜਾਬੀ ਕਾਰੋਬਾਰੀ ਮਾਲਕਾਂ ਵੱਲੋਂ ਸੈਕਰਾਮੈਂਟੋ ਕੈਪੀਟਲ ਵਿਖੇ ਪ੍ਰਦਰਸ਼ਨ







ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਦੀ ਕੈਪੀਟਲ ਅੱਗੇ ਸੈਂਕੜੇ ਛੋਟੇ ਸਟੋਰ ਮਾਲਕਾਂ ਤੇ ਗੈਸ ਸਟੇਸ਼ਨਾਂ ਦੇ ਮਾਲਕਾਂ ਨੇ ਬਿੱਲ 'ਐਸਬੀਈਈਸੀ' ਦੇ ਖਿਲਾਫ ਭਰਵਾਂ ਮੁਜਾਹਰਾ ਕੀਤਾ।

ਵੱਖ- ਵੱਖ ਖੇਤਰਾਂ 'ਚੋਂ ਇੱਕੱਤਰ ਹੋਏ ਛੋਟੇ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਇਹ ਬਿੱਲ ਚੋਰਾਂ ਵੱਲੋਂ ਸਟੋਰਾਂ ਹੁੰਦੀ ਚੋਰੀ ਨੂੰ ਵੱਧ ਉਤਸ਼ਾਹਿਤ ਕਰੇਗਾ ਜਿਸ ਨੂੰ ਸਟੋਰ ਮਾਲਕ ਚਾਹੁੰਦਿਆਂ ਹੋਇਆਂ ਵੀ ਰੋਕ ਨਹੀਂ ਸਕਦਾ। ਉਹਨਾਂ ਕਿਹਾ ਕਿ ਇਹ ਬਿੱਲ ਉਹਨਾਂ ਨੂੰ ਕਾਰੋਬਾਰ ਤੋਂ ਬਾਹਰ ਕਰ ਦੇਵੇਗਾ। ਛੋਟੇ ਕਾਰੋਬਾਰੀਆਂ ਨੂੰ ਚਿੰਤਾ ਹੈ ਕਿ ਬਿੱਲ ਪਾਸ ਹੋਣ ਨਾਲ ਦੁਕਾਨਾਂ ਵਿੱਚ ਚੋਰੀ ਵਧੇਗੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸੁਰੱਖਿਆ ਗਾਰਡਾਂ ਨੂੰ ਨਿਯੁਕਤ ਕਰਨਾ ਬਹੁਤ ਮਹਿੰਗਾ ਹੋਵੇਗਾ।

ਅਮਰੀਕੀ ਪੈਟਰੋਲੀਅਮ ਅਤੇ ਸੁਵਿਧਾ ਸਟੋਰ ਐਸੋਸੀਏਸ਼ਨ ਦੇ ਮੈਂਬਰ ਹਰਮਿੰਦਰ ਸਿੰਘ ਨੇ ਕਿਹਾ ਕਿ ਇਸ ਬਿੱਲ ਨੂੰ ਪਰਚੂਨ ਕਾਰੋਬਾਰੀ ਕਿਲਰ ਐਸਬੀਈਈਸੀ ਕਿਹਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਹ ਬਿੱਲ ਇਸ ਬਾਰੇ ਕੁਝ ਨਹੀਂ ਕਹਿੰਦਾ ਕਿ ਦੁਕਾਨਦਾਰ ਅਤੇ ਕਾਰੋਬਾਰੀ ਵਿਅਕਤੀ ਲੁਟੇਰਿਆਂ ਤੋਂ ਦੁਕਾਨਾਂ ਕਿਵੇਂ ਸੁਰੱਖਿਅਤ ਰੱਖਣਗੇ। ਇਸ ਬਿਲ ਵਿੱਚੋਂ ਇਹ ਦੋ ਚੀਜ਼ਾਂ ਗਾਇਬ ਹਨ। ਇਸ ਲਈ ਅਸੀਂ ਇਸ ਬਿੱਲ ਦਾ ਵਿਰੋਧ ਕਰਦੇ ਹਾਂ। ਇਸ ਮੌਕੇ ਸਟੇਟ ਸੈਨੇਟਰ ਡੇਵ ਕੋਰਟੀਜ਼, ਜਿਸ ਦੁਆਰਾ ਇਹ ਬਿੱਲ ਲਿਆਂਦਾ ਗਿਆ ਸੀ, ਨੇ ਸਟੋਰ ਮਾਲਕਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਇਸ ਬਿੱਲ ਦਾ ਉਦੇਸ਼ ਕੰਮ ਵਾਲੀ ਥਾਂ 'ਤੇ ਹਿੰਸਾ ਨੂੰ ਰੋਕਣਾ ਹੈ। ਉਨ੍ਹਾਂ ਕਈ ਸਵਾਲਾਂ ਦੇ ਜਵਾਬ ਵੀ ਦਿੱਤੇ ਪਰ ਕਾਰੋਬਾਰੀਆਂ ਨੂੰ ਸੰਤੁਸ਼ਟ ਨਹੀਂ ਕਰ ਸਕੇ। ਜਦੋਂ ਕਈ ਕਾਰੋਬਾਰੀ ਉਤੇਜਿਤ ਵੀ ਹੋਏ ਇਸ ਦੌਰਾਨ ਸੇਨੇਟਰ ਨੂੰ ਸਕਿਉਰਿਟੀ ਨੇ ਘੇਰੇ 'ਚ ਲੈ ਲਿਆ। ਮੁਜਾਹਰੇ 'ਚ ਸ਼ਾਮਿਲ ਇੱਕ ਕਾਰੋਬਾਰੀ ਹਰਜੋਤ ਸਿੰਘ ਖਾਲਸਾ ਨੇ ਕਿਹਾ ਕਿ ਪਿਛਲੇ ਸਾਲ, ਰੋਜ਼ਵਿਲ ਗੈਲਰੀਆ ਵਿੱਚ ਇੱਕ ਗਹਿਣਿਆਂ ਦੀ ਦੁਕਾਨ ਵਿੱਚ ਇੱਕ ਤੋੜ-ਫੜ ਕੇ ਚੋਰੀ ਹੋਈ ਸੀ, ਅਤੇ ਕੁਝ ਹਫ਼ਤੇ ਪਹਿਲਾਂ, ਇੱਕ ਵਿਅਕਤੀ ਸਟਾਕਟਨ ਵਿੱਚ ਇੱਕ ਦੁਕਾਨ ਤੋਂ ਸਿਗਰਟਾਂ ਚੋਰੀ ਕਰਨ ਦੀ ਕੋਸ਼ਿਸ਼ ਕਰਦੇ ਹੋਏ ਫੜਿਆ ਗਿਆ ਸੀ, ਜਿੱਥੇ ਵੀਡੀਓ ਵਿੱਚ ਵਰਕਰਾਂ ਨੂੰ ਉਸ ਚੋਰ ਨਾਲ ਹੱਥੋਪਾਈ ਹੁੰਦੇ ਹੋਏ ਦਿਖਾਇਆ ਗਿਆ ਸੀ। ਇਸ ਤਰਾਂ ਦੀਆਂ ਚੋਰੀ ਦੀਆਂ ਅਨੇਕਾਂ ਘਟਨਾਵਾਂ ਹਨ ਜਿਨਾਂ ਨੂੰ ਰੋਕਣ ਲਈ ਇਸ ਬਿੱਲ ਵਿੱਚ ਕੁਝ ਵੀ ਨਹੀਂ ਹੈ।

(ਬਾਕੀ ਸ.ਫ਼ਾ 29 'ਤੇ)

# ਨਵੇਂ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਰੋਜ਼ਬਰਗ ਸ਼ਹਿਰ ਓਰੀਗਨ ਦੇ ਨਿਸ਼ਾਨ ਸਾਹਿਬ ਦੀ ਸੇਵਾ ਹੋਈ



ਸੈਕਰਾਮੈਂਟੋ / ਹੁਸਨ ਲੜੋਆ ਬੰਗਾ: ਨਵੇਂ ਉਸਾਰੀ ਅਧੀਨ ਚੱਲ ਰਹੇ ਸ਼੍ਰੀ ਗੁਰੂ ਨਾਨਕ ਦੇਵ ਜੀ ਗੁਰਦੁਆਰਾ ਸਾਹਿਬ ਗਰੀਨ ਡਿਸਟ੍ਰਿਕ ਰੋਜ਼ਬਰਗ ਸ਼ਹਿਰ ਓਰੀਗਨ ਵਿਖੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਪਹਿਲੇ ਨਵੇਂ ਨਿਸ਼ਾਨ ਸਾਹਿਬ ਦੀ ਸੇਵਾ ਅਤੇ ਚੜ੍ਹਾਉਣ ਦੀ ਰਸਮ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਸਮੂਹ ਸੰਗਤਾਂ ਨੇ ਕੀਰਤਨ ਦਾ ਵੀ ਅਨੰਦ ਮਾਣਿਆ ਅਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਹਰਵਿੰਦਰ ਸਿੰਘ ਨੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਗੁਰਦੁਆਰਾ ਸਾਹਿਬ ਲਿਆਉਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਕਮੇਟੀ ਮੈਂਬਰ ਮਨਜੀਤ ਸਿੰਘ ਸੰਧੂ ਹੀਉਂ, ਗੁਰਦਿਆਲ ਸਿੰਘ ਮੱਲੀ ਅੱਟਾ, ਸੁਖਵਿੰਦਰ ਸਿੰਘ ਮੋਰਾਂਵਾਲੀ, ਰਵਿੰਦਰ ਸਿੰਘ ਲੱਕੀ ਦਿੱਲੀ, ਗੁਰਜੀਤ ਸਿੰਘ ਮੋਰਾਂਵਾਲੀ ਹਰਜੀਤ ਸਿੰਘ ਵੱਡਾ ਘਰ, ਰਾਜਿੰਦਰ ਸਿੰਘ, ਪਰਮਜੀਤ ਕੌਰ ਸੰਧੂ ਹੀਉਂ, ਕਿਰਪਾਲ ਸਿੰਘ ਝੱਲੀ ਹੀਉਂ, ਜਸਕਰਨ ਸਿੰਘ ਸੰਧੂ, ਬਲਕਰਨ ਸਿੰਘ ਸੰਧੂ, ਜਗਜੀਤ ਸਿੰਘ ਮੋਰਾਂਵਾਲੀ, ਰਣਜੀਤ ਸਿੰਘ ਸ਼੍ਰੀਗੰਗਾਨਗਰ, ਹਰਵਿੰਦਰ ਸਿੰਘ ਮਾਹਿਲ ਗਹਿਲਾ, ਜੋਗਿੰਦਰ ਸਿੰਘ ਜੌਹਲ, ਰਾਜਿੰਦਰ ਮੋਰਾਂਵਾਲੀ, ਰਾਜਿੰਦਰ ਕੁਲਾਰ ਸੰਸਾਰਪੁਰ ਅਤੇ ਸਮੂਹ ਸੰਗਤਾਂ ਹਾਜ਼ਰ ਸਨ।

# ਗੁ. ਗੁਰੂ ਨਾਨਕ ਦਰਬਾਰ ਹਿਕਸਵਿਲ ਵਿਖੇ ਬਾਬਾ ਨਿਧਾਨ ਸਿੰਘ ਜੀ ਅਤੇ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸਮਾਗਮ ਕਰਵਾਇਆ



ਸੈਕਰਾਮੇਂਟੋ/ਹੁਸਨ ਲੜੋਆ ਬੰਗਾ : ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕਸਵਿਲ ਵਿਖੇ ਸਿੱਖੀ ਪ੍ਰਚਾਰ-ਪ੍ਰਸਾਰ ਵਿੱਚ ਮਿਸਾਲੀ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਬਾਬਾ ਨਿਧਾਨ ਸਿੰਘ ਜੀ ਅਤੇ ਭਗਤ ਪੂਰਨ ਸਿੰਘ ਜੀ ਦੀ ਸਾਲਾਨਾ ਯਾਦ ਮਨਾਈ ਗਈ। ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨਾਂ ਦੀ ਸ਼ੁਰੂਆਤ ਹੋਈ। ਭਾਈ ਚਮਨ ਸਿੰਘ ਅਤੇ ਭਾਈ ਮਹਿੰਦਰ ਸਿੰਘ ਖਾਦਮ ਕਥਾਵਾਚਕ ਨੇ ਮਹਾਂਪੁਰਸ਼ਾਂ ਦੇ ਜੀਵਨ ਅਤੇ ਕਾਰਜਾਂ 'ਤੇ ਚਾਨਣਾ ਪਾਇਆ। ਭਾਈ ਮੋਹਣ ਸਿੰਘ ਬਡਾਨਾਂ ਦੇ ਢਾਡੀ ਜੱਥੇ ਵੱਲੋਂ ਸੰਗਤਾਂ ਨੂੰ ਢਾਡੀ ਵਾਰਾਂ ਰਾਹੀਂ ਨਿਹਾਲ ਕੀਤਾ ਗਿਆ। ਭਾਈ ਜੈਮਲ ਸਿੰਘ ਜੀ ਦੇ ਕੀਰਤਨੀ ਜਥੇ ਵੱਲੋਂ ਸੰਗਤਾਂ ਨੂੰ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਨਿਹਾਲ ਕੀਤਾ ਗਿਆ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਡਾ. ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਬਾਬਾ ਨਿਧਾਨ ਸਿੰਘ ਜੀ ਅਤੇ ਭਗਤ ਪੂਰਨ ਸਿੰਘ ਜੀ ਨੇ ਸੇਵਾ-ਸਿਮਰਨ ਰਾਹੀਂ ਸੰਸਾਰ ਭਰ ਵਿੱਚ ਵੱਸਦੀ ਲੋਕਾਈ ਨੂੰ ਪ੍ਰਭਾਵਿਤ ਕੀਤਾ

(ਬਾਕੀ ਸ.ਫ਼ਾ 29 'ਤੇ)

# ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵੱਲੋਂ ਤਿੰਨ ਰੋਜ਼ਾ ਸਿਮਪੋਜ਼ੀਅਮ ਗੁਰਦੁਆਰਾ ਸਾਹਿਬ ਸ਼ਾਰਲੈਟ ਵਿਖੇ ਆਯੋਜਿਤ



ਸੈਕਰਾਮੈਂਟੋ/ ਹੁਸਨ ਲੜੋਆ ਬੰਗਾ : ਬੀਤੇ ਦਿਨੀਂ ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵੱਲੋਂ ਕਰਵਾਏ ਜਾਂਦੇ ਸਲਾਨਾ ਤਿੰਨ ਰੋਜ਼ਾ ਸਲਾਨਾ ਇੰਟਰਨੈਸ਼ਨਲ ਸਿੱਖ ਯੂਥ ਸਿਮਪੋਜ਼ੀਅਮ 2023 ਸੰਬੰਧੀ ਮੁਕਾਬਲੇ ਅਮਰੀਕਾ ਦੇ ਸੂਬੇ ਨੋਰਥ ਕੈਰੋਲੀਨਾ ਦੇ ਸ਼ਹਿਰ ਸ਼ਾਰਲੈਟ ਵਿਖੇ ਆਯੋਜਿਤ ਕੀਤੇ ਗਏ। ਗੁਰਦੁਆਰਾ ਸਾਹਿਬ ਸ਼ਾਰਲੈਟ ਵਿਖੇ ਹੋਏ ਪ੍ਰੋਗਰਾਮਾਂ ਵਿੱਚ ਅਮਰੀਕਾ ਅਤੇ ਕੈਨੇਡਾ ਤੋਂ ਆਏ 6 ਸਾਲ ਤੋਂ ਲੈ ਕੇ 22 ਸਾਲਾਂ ਤੱਕ ਦੇ 60 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ।

ਸਿਮਪੋਜ਼ੀਅਮ ਅਤੇ ਸੰਸਥਾ ਦੇ ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਸਿਆਨਾ ਸੰਸਥਾ ਵੱਲੋਂ ਇਹ ਸਮਾਗਮ ਸਾਲ 2000 ਤੋਂ ਹਰ ਸਾਲ ਮਾਰਚ-ਅਪਰੈਲ ਦੇ ਮਹੀਨੇ ਵਿੱਚ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ, ਫਿਰ ਰਾਜ ਪੱਧਰੀ ਤੇ ਅੰਤ ਵਿੱਚ ਅਗਸਤ ਦੇ ਮਹੀਨੇ ਵਿੱਚ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ।

ਪਹਿਲੇ ਦਿਨ ਗਰੁੱਪ ਇੱਕ ਤੋਂ ਤਿੰਨ ਤੱਕ ਦੇ ਫਾਈਨਲ ਵਿੱਚ ਪਹੁੰਚੇ ਬੱਚਿਆਂ ਦੇ ਭਾਸ਼ਨ ਹੋਏ। ਦੂਜੇ ਦਿਨ ਚੌਥੇ ਗਰੁੱਪ ਦੇ ਭਾਸ਼ਣ ਉਪਰੰਤ ਪੰਜਵੇਂ ਗਰੁੱਪ ਵਿੱਚ ਭਾਗ ਲੈਣ ਵਾਲੇ 16 ਤੋਂ 22 ਸਾਲਾਂ ਦੇ 9 ਨੌਜਵਾਨ ਮੁੱਡੇ ਅਤੇ ਕੁੜੀਆਂ ਨੇ ਸਿੱਖ ਜੀਵਨ ਜਾਚ / ਸਿੱਖ ਰਹਿਤ ਮਰਿਆਦਾ ਅਤੇ ਗੁਰਬਾਣੀ ਸੰਬੰਧੀ ਡਿਬੇਟ ਵਿਚ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਇਹ ਡਿਬੇਟ ਲਗਭਗ ਤਿੰਨ ਘੰਟੇ ਤੱਕ ਚੱਲੀ ਅਤੇ ਇਸ ਵਿੱਚ ਸ਼ੁਰੂਆਤੀ ਬਿਆਨ, ਪੁੱਛੇ ਗਏ ਪ੍ਰਸ਼ਨਾਂ ਅਤੇ ਜਵਾਬ ਦੇ ਨਾਲ ਸੰਬੰਧਤ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਅਤੇ ਸਮਾਪਤੀ ਦਾ ਬਿਆਨ ਸ਼ਾਮਲ ਸਨ। ਡਿਬੇਟ ਦੇ ਸੰਚਾਲਕ ਨਿਉਯਾਰਕ ਤੋਂ ਡਾ. ਸਤਪਾਲ ਸਿੰਘ ਸਨ, ਜਿਨ੍ਹਾਂ ਨੇ ਵਿਚਾਰ ਵਟਾਂਦਰੇ ਨੂੰ ਬਹੁਤ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹਿਆ।

ਇਹਨਾਂ ਸਲਾਨਾ ਫਾਈਨਲ ਮੁਕਾਬਲਿਆਂ ਦਾ ਇੱਕ ਹੋਰ ਮੁੱਖ ਆਕਰਸ਼ਨ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਸ਼ਾਮ ਦਾ ਇੱਕ ਵਿਸ਼ੇਸ਼ ਪ੍ਰੋਗਰਾਮ ਹੈ ਜਿਸ ਵਿੱਚ ਸਾਰੇ ਬੁਲਾਰਿਆਂ ਦਾ ਸਨਮਾਨ ਕੀਤਾ ਜਾਂਦਾ ਹੈ ਅਤੇ ਉਹਨਾਂ ਬਾਰੇ ਆਏ ਹੋਏ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ।

(ਬਾਕੀ ਸ.ਫ਼ਾ 29 'ਤੇ)

# ਕੈਲੀਫੋਰਨੀਆ ਦੇ ਜੱਜ ਨੇ ਆਪਣੀ ਪਤਨੀ ਦੀ ਹੱਤਿਆ ਕਰਨ ਤੋਂ ਕੀਤਾ ਇਨਕਾਰ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਔਰੇਂਜ ਕਾਊਂਟੀ, ਕੈਲੀਫੋਰਨੀਆ ਦੀ ਇਕ ਸੁਪਰੀਅਰ ਕੋਰਟ ਦੇ ਜੱਜ ਜਿਸ 'ਤੇ ਆਪਣੀ ਪਤਨੀ ਦੀ ਗੋਲੀ ਮਾਰ ਕੇ ਹੱਤਿਆ ਕਰਨ ਦਾ ਸ਼ੱਕ ਹੈ, ਨੇ ਆਪਣੇ ਉਪਰ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਜੱਜ ਜੈਫਰੀ ਫਰਗੂਸਨ (72) ਨੂੰ ਪਿਛਲੇ ਹਫਤੇ ਪਤਨੀ ਦੀ ਹੱਤਿਆ ਦੇ ਦੋਸ਼ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਸੀ। ਅਨਾਹੀਮ ਪੁਲਿਸ ਵਿਭਾਗ ਨੇ ਇਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਫਰਗੂਸਨ ਦੀ ਪਤਨੀ ਸ਼ੈਰਾਇਲ ਜਖਮੀ ਹਾਲਤ ਵਿੱਚ ਘਰ ਵਿਚੋਂ ਹੀ ਮਿਲੀ ਸੀ ਤੇ ਉਸ ਦੇ ਘੱਟੋ ਘੱਟ ਇਕ ਗੋਲੀ ਵੱਜੀ ਹੋਈ ਸੀ। ਬਿਆਨ ਅਨੁਸਾਰ ਉਸ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਅਦਾਲਤ ਵਿਚ ਫਰਗੂਸਨ ਦੇ ਵਕੀਲ ਨੇ ਕਿਹਾ ਕਿ ਗੋਲੀ ਅਚਨਚੇਤ ਚੱਲੀ ਸੀ। ਫਰਗੂਸਨ ਨੂੰ ਬੀਤੇ ਸ਼ੁੱਕਰਵਾਰ 10 ਲੱਖ ਡਾਲਰ ਦੀ ਜ਼ਮਾਨਤ ਉਪਰ ਰਿਹਾਅ ਕਰ ਦਿੱਤਾ ਗਿਆ ਸੀ। ਬੀਤੇ ਮੰਗਲਵਾਰ ਜੱਜ ਲਾਸ ਏਂਜਲਸ ਕਾਊਂਟੀ ਅਦਾਲਤ ਵਿੱਚ ਪੇਸ਼ ਹੋਇਆ।

# ਮਾਨ ਸਰਕਾਰ ਨੂੰ ਪੰਜਾਬ ਦੇ ਕਿਸਾਨਾਂ ਦਾ ਅੰਦੋਲਨ ਪੈ ਸਕਦੈ ਮਹਿੰਗਾ

## ਮੋਹਾਲੀ-ਚੰਡੀਗੜ੍ਹ , ਹਰਿਆਣਾ ਬਾਰਡਰ ਕੀਤੇ ਸੀਲ , ਪੁਲਿਸ ਤੇ ਕਿਸਾਨਾਂ ਦਾ ਪਿਆ ਪੇਚਾ









ਜਲੰਧਰ/ ਏ.ਟੀ.ਨਿਊਜ਼ : ਪੰਜਾਬ ਅਤੇ ਹਰਿਆਣਾ ਸਮੇਤ ਉੱਤਰੀ ਭਾਰਤ ਦੀਆਂ 16 ਕਿਸਾਨ ਜਥੇਬੰਦੀਆਂ ਦੇ ਕਿਸਾਨ ਹੜ੍ਹਾਂ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਲਈ ਚੰਡੀਗੜ੍ਹ ਦੇ ਸੈਕਟਰ 17 ਸਥਿਤ ਪਰੇਡ ਗਰਾਊਂਡ ਵਿਖੇ ਪੱਕਾ ਮੋਰਚਾ ਲਾਉਣ ਲਈ ਸਰਗਰਮ ਸਨ ਪਰ ਪੰਜਾਬ ਸਰਕਾਰ ਲਾਠੀਚਾਰਜ ਕਰਕੇ ,ਗ੍ਰਿਫਤਾਰੀਆਂ ਕਰਕੇ ਅੰਦੋਲਨ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਭਗਵੰਤ ਮਾਨ ਦੀ ਸਰਕਾਰ ਨੂੰ ਕਿਸਾਨ ਅੰਦੋਲਨ ਨੂੰ ਸਟੇਟ ਦੇ ਡੰਡੇ ਨਾਲ ਕੁਚਲਣਾ ਮਹਿੰਗਾ ਪੈ ਸਕਦਾ ਹੈ। ਪੰਜਾਬ ਸਰਕਾਰ ਦੀ ਸਖ਼ਤੀ ਨੇ ਕਿਸਾਨਾਂ ਦਾ ਰੋਹ ਹੋਰ ਵਧਾ ਦਿੱਤਾ ਹੈ।ਅੰਦੋਲਨ ਨੂੰ ਕੁਚਲਣ ਲਈ ਪੰਜਾਬ ਪੁਲਿਸ ਨੇ ਵੱਡੀ ਗਿਣਤੀ ਕਿਸਾਨ ਲੀਡਰ ਗ੍ਰਿਫ਼ਤਾਰ ਕਰ ਲਏ ਹਨ। ਹੁਣ ਤੱਕ 115 ਦੇ ਕਰੀਬ ਕਿਸਾਨ ਲੀਡਰਾਂ ਨੂੰ ਪੁਲਿਸ ਹਿਰਾਸਤ ਵਿੱਚ ਲੈਣ ਦੀ ਸੂਚਨਾ ਮਿਲੀ ਹੈ। ਕਈ ਕਿਸਾਨ ਆਗੂਆਂ ਨੂੰ ਘਰਾਂ ਵਿੱਚ ਹੀ ਨਜ਼ਰਬੰਦ ਕੀਤੇ ਜਾਣ ਦੀਆਂ ਵੀ ਖ਼ਬਰਾਂ ਹਨ। ਹਾਸਲ ਜਾਣਕਾਰੀ ਅਨੁਸਾਰ ਅੰਦੋਲਨ ਨੂੰ ਦਬਾਉਣ ਲਈ ਭਗਵੰਤ ਮਾਨ ਸਰਕਾਰ ਵੀ ਮੋਦੀ ਸਰਕਾਰ ਦੇ ਰਾਹ ਪੈ ਗਈ ਹੈ।ਕਿਸਾਨਾਂ ਦੇ ਸੁਨੇਹੇ ਫੈਲਣ ਤੋਂ ਰੋਕਣ ਲਈ ਕਿਸਾਨ ਆਗੂਆਂ ਦੇ ਸੋਸ਼ਲ ਮੀਡੀਆ ਅਕਾਊਂਟ ਆਰਜ਼ੀ ਤੌਰ 'ਤੇ ਬਲੌਕ ਕਰ ਦਿੱਤੇ ਗਏ ਹਨ।ਹੁਣ ਤੱਕ ਕਿਸਾਨ ਆਗੂ ਰਮਨਦੀਪ ਸਿੰਘ ਮਾਨ ਤੇ ਗਾਉਸੇਵੇਰਾ ਆਦਿ ਦੇ ਖਾਤੇ ਬੰਦ ਕਰ ਦਿੱਤੇ ਗਏ ਹਨ।ਹੁਣ ਕਿਸਾਨਾਂ ਦੀ ਮਨਸ਼ਾ ਸਰਕਾਰ ਨੂੰ ਆਰਥਿਕ ਠੇਸ ਪਹੁੰਚਾਉਣ ਦੀ ਹੈ। ਇਸ ਲਈ ਕਿਸਾਨਾਂ ਨੇ ਟੋਲ ਪਲਾਜ਼ਿਆਂ ਦੇ ਗੇਟ ਖੋਲ੍ਹ ਦਿੱਤੇ ਹਨ ਤੇ ਫਾਸਟੈਗ ਸਕੈਨਰ ਬੰਦ ਕਰ ਦਿੱਤੇ ਹਨ।

ਇਸੇ ਤਰ੍ਹਾਂ ਹਰਿਆਣਾ ਪੁਲਿਸ ਵੱਲੋਂ ਵੀ ਹਰਿਆਣੇ ਦੇ ਕਈ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਸਰਕਾਰ ਦੀ ਇਸ ਕਾਰਵਾਈ ਦਾ ਕਈ ਕਿਸਾਨ ਜਥੇਬੰਦੀਆਂ ਨੇ ਜ਼ੋਰਦਾਰ ਵਿਰੋਧ ਕਰਦਿਆਂ ਵੱਖ-ਵੱਖ ਥਾਂਵਾਂ 'ਤੇ ਪੰਜਾਬ ਸਰਕਾਰ ਖ਼ਿਲਾਫ਼ ਅਣਮਿਥੇ ਸਮੇਂ ਲਈ ਧਰਨੇ ਸ਼ੁਰੂ ਕਰ ਦਿੱਤੇ ਹਨ। ਸੰਯੁਕਤ ਕਿਸਾਨ ਮੋਰਚੇ ਨੇ 2 ਸਤੰਬਰ ਨੂੰ ਚੰਡੀਗੜ੍ਹ ਵਿੱਚ ਬੈਠਕ ਕਰਕੇ ਕਿਸਾਨ ਸੰਘਰਸ਼ ਦੀ ਅਗਲੀ ਰਣ ਨੀਤੀ ਦਾ ਐਲਾਨਣ ਦਾ ਫੈਸਲਾ ਲਿਆ ਹੈ । ਹਾਲ ਦੀ ਘੜੀ ਕਿਸਾਨ ਲੀਡਰਾਂ ਨੇ ਚੰਡੀਗੜ੍ਹ ਵੱਲ ਜਾਣ ਦਾ ਫੈਸਲਾ ਟਾਲ ਦਿੱਤਾ ਹੈ। ਇਸ ਬਾਰੇ ਕਿਸਾਨ ਆਉਣ ਵਾਲੇ ਦਿਨਾਂ ਵਿੱਚ ਕੋਈ ਫੈਸਲਾ ਲੈ ਸਕਦੇ ਹਨ। ਦੂਜੇ ਪਾਸੇ ਕਿਸਾਨਾਂ ਨੇ ਹੁਣ ਮੋਗਾ, ਸੰਗਰੂਰ ਤੇ ਕੁਝ ਹੋਰ ਜ਼ਿਲ੍ਹਿਆਂ ਦੇ ਟੋਲ ਪਲਾਜ਼ਿਆਂ 'ਤੇ ਅਤੇ ਥਾਣੇ ਦੇ ਬਾਹਰ ਪੱਕਾ ਮੋਰਚਾ ਲਾ ਦਿੱਤਾ ਹੈ।

ਪੰਜਾਬ ਦੇ ਮੋਹਾਲੀ ਨਾਲ ਲੱਗਦੀ ਚੰਡੀਗੜ੍ਹ ਬਾਰਡਰ ਤੇ ਹਰਿਆਣਾ ਬਾਰਡਰ ਨੂੰ ਸੀਲ ਕਰ ਦਿੱਤਾ ਗਿਆ ਹੈ।ਪੰਚਕੂਲਾ ਤੋਂ ਚੰਡੀਗੜ੍ਹ ਜਾਣ ਵਾਲੇ ਰਸਤਿਆਂ ਨੂੰ ਵੀ ਸੀਲ ਕਰ ਦਿੱਤਾ ਗਿਆ ਹੈ।ਰਿਜ਼ਰਵ (ਬਾਕੀ ਸਫ਼ਾ 29 'ਤੇ)

## ਲੌਂਗੋਵਾਲ ਝੜਪ ਸਬੰਧੀ 50 ਤੋਂ ਵੱਧ ਕਿਸਾਨਾਂ ਖ਼ਿਲਾਫ਼ ਕੇਸ ਦਰਜ

### ਲੌਂਗੋਵਾਲ ਥਾਣੇ ਮੂਹਰੇ ਧਰਨੇ 'ਤੇ ਬੈਠੇ ਕਿਸਾਨ, ਕਿਸਾਨਾਂ ਖ਼ਿਲਾਫ਼ ਦਰਜ ਕੇਸ ਰੱਦ ਕਰਨ ਦੀ ਮੰਗ



ਸੰਗਰੂਰ/ਲੌਂਗੋਵਾਲ/ ਏ.ਟੀ.ਨਿਊਜ਼ :- ਲੌਂਗੋਵਾਲ ਵਿੱਚ ਬੀਤੇ ਦਿਨ ਪੁਲੀਸ ਅਤੇ ਕਿਸਾਨਾਂ ਦਰਮਿਆਨ ਹੋਈ ਝੜਪ ਤੋਂ ਬਾਅਦ ਲੌਂਗੋਵਾਲ ਪੁਲੀਸ ਨੇ 30-35 ਅਣਪਛਾਤੇ ਵਿਅਕਤੀਆਂ ਸਮੇਤ 50 ਤੋਂ ਵੱਧ ਕਿਸਾਨਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲੀਸ ਦੀ ਕਾਰਵਾਈ ਮਗਰੋਂ ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਅੱਜ ਲੌਂਗੋਵਾਲ 'ਚ ਹੰਗਾਮੀ ਮੀਟਿੰਗ ਕਰਦਿਆਂ ਝੜਪ ਦੌਰਾਨ ਮਾਰੇ ਗਏ ਕਿਸਾਨ ਪ੍ਰੀਤਮ ਸਿੰਘ ਨੂੰ 'ਸ਼ਹੀਦ' ਕਰਾਰ ਦਿੱਤਾ ਹੈ ਤੇ ਲੌਂਗੋਵਾਲ 'ਚ ਕਿਸਾਨ ਜਥੇਬੰਦੀਆਂ ਵੱਲੋਂ ਵਿੱਢੇ ਸੰਘਰਸ਼ ਦੀ ਹਮਾਇਤ ਦਾ ਐਲਾਨ ਕੀਤਾ ਹੈ। ਦੂਜੇ ਪਾਸੇ 16 ਕਿਸਾਨ ਜਥੇਬੰਦੀਆਂ ਦਾ ਲੌਂਗੋਵਾਲ ਥਾਣੇ ਅੱਗੇ ਧਰਨਾ ਦੂਜੇ ਦਿਨ ਵੀ ਜਾਰੀ ਰਿਹਾ। ਕਿਸਾਨ ਦੀ ਮੌਤ ਦੇ ਰੋਸ ਵਜੋਂ ਲੌਂਗੋਵਾਲ ਦੇ ਸਮੁੱਚੇ ਬਾਜ਼ਾਰ ਬੰਦ ਰਹੇ। ਮੁਹਾਲੀ ਦੇ ਏਅਰਪੋਰਟ ਰੋਡ ਨੇੜੇ ਪੁਲੀਸ ਵੱਲੋਂ ਕਿਸਾਨਾਂ ਨੂੰ ਰੋਕਣ ਲਈ ਕੀਤੀ ਗਈ ਨਾਕਾਬੰਦੀ।-ਫੋਟੋਆਂ: ਜਗਤਾਰ ਸਿੰਘ ਤੇ ਨਿਤਿਨ ਮਿੱਤਲ

ਮਿਲੀ ਜਾਣਕਾਰੀ ਅਨੁਸਾਰ ਪੁਲੀਸ ਵੱਲੋਂ ਅੱਜ ਜਿਨ੍ਹਾਂ 50 ਤੋਂ ਵੱਧ ਕਿਸਾਨਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ ਉਨ੍ਹਾਂ ਵਿੱਚ ਸੁੱਖਾ ਸਿੰਘ, (ਬਾਕੀ ਸਫ਼ਾ 29 'ਤੇ)

## ਕਿਸਾਨ ਪ੍ਰੀਤਮ ਸਿੰਘ ਦੀ ਪਤਨੀ ਦੀ ਦਲੇਰੀ





ਸੰਗਰੂਰ : ਲੌਂਗੋਵਾਲ ਵਿੱਚ ਪੁਲਿਸ ਨਾਲ ਝੜਪ ਦੌਰਾਨ ਜਿਸ ਬਜ਼ੁਰਗ ਕਿਸਾਨ ਪ੍ਰੀਤਮ ਸਿੰਘ ਦੀ ਮੌਤ ਹੋਈ ਸੀ ਉਸ ਤੋਂ ਬਾਅਦ ਕਿਸਾਨਾਂ ਦਾ ਗੁੱਸਾ ਲਗਾਤਾਰ ਵੱਧ ਰਿਹਾ ਹੈ । ਪ੍ਰੀਤਮ ਸਿੰਘ ਦੀ ਪਤਨੀ ਮਨਜੀਤ ਕੌਰ ਨੇ ਕਿਹਾ ਉਸ ਦੇ ਪਤੀ 28 ਸਾਲ ਤੋਂ ਕਿਸਾਨ ਜਥੇਬੰਦੀ ਨਾਲ ਜੁੜੇ ਹੋਏ ਸੀ । ਪਤਨੀ ਮਨਜੀਤ ਕੌਰ ਨੇ ਕਿਹਾ ਉਨ੍ਹਾਂ ਨੂੰ ਪਤੀ ਦੀ ਮੌਤ ਬਾਰੇ ਉਸ ਵੇਲੇ ਸ਼ੱਕ ਹੋਇਆ ਜਦੋਂ ਉਨ੍ਹਾਂ ਕੋਲੋਂ ਪ੍ਰੀਤਮ ਸਿੰਘ ਦੀ ਫੋਟੋ ਮੰਗੀ ਗਈ । ਮੇਰੇ ਭਤੀਜੇ ਨੇ ਜਦੋਂ ਰੋ-ਰੋ ਕੇ ਦੱਸਿਆ ਕਿ ਚਾਚਾ ਜੀ ਸ਼ਹੀਦ ਹੋ ਗਏ ਹਨ ਤਾਂ ਮਨਜੀਤ ਕੌਰ ਨੇ ਕਿਹਾ ਕਿ ਸ਼ਹੀਦ ਦੀ ਮੌਤ 'ਤੇ ਰੋਂਦੇ ਨਹੀਂ ਹਨ ।ਪ੍ਰੀਤਮ ਸਿੰਘ ਦੀ ਪਤਨੀ ਦਾ ਇਹ ਦਲੇਰੀ ਵਾਲਾ ਬਿਆਨ ਕਿਸਾਨਾਂ ਦੇ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ ਵਾਲਾ ਹੈ ਅਤੇ ਪਤੀ ਪ੍ਰੀਤਮ ਸਿੰਘ ਦੇ ਸੰਘਰਸ਼ੀ ਜੀਵਨ ਨੂੰ ਇਸ ਤੋਂ ਵਧੀਆ ਸ਼ਰਧਾਂਜਲੀ ਨਹੀਂ ਹੋ ਸਕਦੀ ਹੈ । ਪ੍ਰੀਤਮ ਸਿੰਘ ਕੋਲ ਡੇਢ ਏਕੜ ਜ਼ਮੀਨ ਸੀ ਅਤੇ ਕੁਝ ਜ਼ਮੀਨ ਉਨ੍ਹਾਂ ਨੇ ਠੇਕੇ 'ਤੇ ਲਈ ਹੋਈ ਸੀ ।ਪ੍ਰੀਤਮ ਸਿੰਘ ਦਾ ਇੱਕ ਪੁੱਤਰ ਹੈ,ਪਤਨੀ ਨੇ ਦੱਸਿਆ ਕਿ ਜਦੋਂ ਦਿੱਲੀ ਵਿੱਚ ਕਿਸਾਨ ਅੰਦੋਲਨ ਚੱਲ ਰਿਹਾ ਸੀ ਤਾਂ ਉਹ ਸਿਰਫ ਇੱਕ ਮਹੀਨੇ ਦੇ ਲਈ ਵਿਆਹ ਸਮਾਗਮ ਲਈ ਘਰ ਆਏ ਸਨ। ਉਹ ਕਿਸਾਨੀ ਧਰਨੇ ਮੁਜ਼ਾਹਰਿਆਂ ਵਿੱਚ ਹਮੇਸ਼ਾ ਵੱਧ ਚੜ ਕੇ ਹਿੱਸਾ ਲੈਂਦੇ ਸਨ ।

## 'ਆਪ' ਸਰਕਾਰ ਦੇ ਝੂਠੇ ਵਾਅਦੇ



ਇਥੇ ਜ਼ਿਕਰਯੋਗ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਸਭ ਤੋਂ ਵੱਡੇ ਨਾਅਰਿਆਂ ਅਤੇ ਵਾਅਦਿਆਂ ਵਿੱਚੋਂ ਇੱਕ ਸੀ ਕਿਸਾਨਾਂ ਲਈ ਵਿਆਪਕ ਨਵੀਂ ਖੇਤੀ ਨੀਤੀ ਬਣਾ ਕੇ ਕਿਸਾਨਾਂ ਨੂੰ ਤਰੱਕੀ ਦੇ ਰਾਹ 'ਤੇ ਲਿਜਾਣਾ।ਇਸ ਦੇ ਨਾਲ ਹੀ ਖੇਤ ਮਜ਼ਦੂਰਾਂ ਲਈ ਰਾਹਤ ਦਾ ਨਵਾਂ ਕੰਮ ਕਰਨਾ। ਚੋਣਾਂ ਤੋਂ ਪਹਿਲਾਂ ਵੀ ਇਹ ਵੱਡੇ-ਵੱਡੇ ਨਾਅਰੇ ਅਤੇ ਵਾਅਦੇ ਉਦੋਂ ਕੀਤੇ ਗਏ ਸਨ ਜਦੋਂ ਕਿਸਾਨਾਂ ਨੇ ਦਿੱਲੀ ਦੀ ਸਰਹੱਦ 'ਤੇ ਵਿਸ਼ਾਲ ਅਤੇ ਠੋਸ ਮੋਰਚਾ ਲਾਇਆ ਸੀ।ਉਸ ਮੋਰਚੇ ਵਿੱਚ 800 ਦੇ ਕਰੀਬ ਕਿਸਾਨ ਸ਼ਹੀਦ ਹੋਏ ਸਨ।ਕਿਸਾਨਾਂ ਨੇ ਦਿੱਲੀ ਵੱਲ ਮਾਰਚ ਵੀ ਕੀਤਾ ਅਤੇ ਉਸ ਵਿੱਚ ਬਹੁਤ ਸਾਰੇ ਕਿਸਾਨ ਮਾਰੇ ਗਏ ਅਤੇ ਅਣਗਿਣਤ ਦਿੱਲੀ ਪੁਲਿਸ ਦੀ ਗੈਰ-ਕਾਨੂੰਨੀ ਕੈਦ ਵਿੱਚ ਰਹੇ।

ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਦੇ ਮਜ਼ਬੂਤ ਆਗੂ ਤੇ ਸੰਗਰੂਰ ਤੋਂ ਤਤਕਾਲੀ ਸੰਸਦ ਮੈਂਬਰ ਭਗਵੰਤ ਮਾਨ ਕਹਿੰਦੇ ਸਨ ਕਿ ਸਰਕਾਰ ਆਉਣ 'ਤੇ ਸ਼ਹੀਦ ਕਿਸਾਨਾਂ ਨੂੰ ਅਜਿਹਾ ਮੁਆਵਜ਼ਾ ਦਿੱਤਾ ਜਾਵੇਗਾ, ਜੋ ਕਿ ਬੇਮਿਸਾਲ ਹੋਵੇਗਾ। ਹਰੇਕ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਅਤੇ ਨਕਦ ਸਹਾਇਤਾ ਦਿੱਤੀ ਜਾਵੇਗੀ।ਜ਼ਖਮੀਆਂ ਦੀ ਵੀ ਦੇਖਭਾਲ ਕੀਤੀ ਜਾਵੇਗੀ।ਉਦੋਂ ਤੱਕ ਹਰ ਕੋਈ ਮੰਨ ਚੁੱਕਾ ਸੀ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣੀ ਤੈ ਹੈ ਅਤੇ ਭਗਵੰਤ ਮਾਨ ਦਾ ਮੁੱਖ ਮੰਤਰੀ ਬਣਨਾ ਵੀ। ਪੰਜਾਬੀਆਂ ਨੇ ਆਪ ਪਾਰਟੀ ਵਿੱਚ ਵਿਸ਼ਵਾਸ ਕੀਤਾ। ਪਰ ਹੁਣ ਕਿਸਾਨਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ।ਡੇਢ ਸਾਲ ਬੀਤ ਗਿਆ। ਸ਼ਹੀਦ ਕਿਸਾਨ ਦੇ ਪਰਿਵਾਰਕ ਮੈਂਬਰਾਂ ਵਿੱਚੋਂ ਕਿਸੇ ਨੂੰ ਵੀ ਸਰਕਾਰੀ ਨੌਕਰੀ ਨਹੀਂ ਮਿਲੀ ਅਤੇ ਨਾ ਹੀ ਕੋਈ ਮੁਆਵਜ਼ਾ ਐਲਾਨਿਆ ਗਿਆ।ਸਭ ਕੁਝ ਕਾਗ਼ਜ਼ 'ਤੇ ਹੀ ਰਹਿ ਗਿਆ।

ਇਨ੍ਹੀਂ ਦਿਨੀਂ ਭਗਵੰਤ ਮਾਨ ਦਾ ਜ਼ਿਆਦਾਤਰ ਸਮਾਂ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ ਚੋਣ ਦੌਰਿਆਂ ਵਿੱਚ ਬਤੀਤ ਹੋ ਰਿਹਾ ਹੈ ਕਿਉਂਕਿ ਦਿੱਲੀ ਦੇ ਮੁੱਖ ਮੰਤਰੀ ਅਤੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਅਜਿਹਾ ਚਾਹੁੰਦੇ ਹਨ। ਸਰਕਾਰੀ ਜਹਾਜ਼ ਦੀ ਵੀ ਲੋੜ ਹੈ। ਇਸ ਲਈ ਭਗਵੰਤ ਮਾਨ ਦਾ ਆਪਣੇ ਰਾਜ ਪੰਜਾਬ ਵੱਲ ਧਿਆਨ ਘੱਟ ਹੈ।

ਕਿਸਾਨਾਂ ਨੇ ਮੁੱਖ ਮੰਤਰੀ ਨੂੰ ਯਾਦ ਦਿਵਾਉਣ ਲਈ ਅੰਦੋਲਨ ਸ਼ੁਰੂ ਕੀਤਾ ਹੈ ਕਿ ਇੱਥੇ ਦੋ ਵਾਰ ਹੜ੍ਹ ਆ ਚੁੱਕੇ ਹਨ। ਤੀਜੀ ਵਾਰ ਹੜ੍ਹਾਂ ਦੀ ਚਿਤਾਵਨੀ ਜਾਰੀ ਕੀਤੀ ਜਾ ਚੁੱਕੀ ਹੈ।ਮੁਆਵਜ਼ੇ ਲਈ ਸਰਕਾਰ ਢੁਕਵੇਂ ਪ੍ਰਬੰਧ ਕਰੇ। ਪਰ ਚੰਡੀਗੜ੍ਹ ਵੱਲ ਕਿਸਾਨਾਂ ਦਾ ਆਪਣੀਆਂ ਮੰਗਾਂ ਲਈ ਕੂਚ ਕਰਨਾ ਜੁਰਮ ਬਣ ਗਿਆ ਹੈ। ਜਿਨ੍ਹਾਂ ਕਿਸਾਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਰਗੇ ਬਹੁਤ ਹੀ ਹੰਕਾਰੀ ਸ਼ਖਸੀਅਤ ਦਾ ਹੰਕਾਰ ਚੂਰੋ ਚੂਰ ਕਰ ਦਿੱਤਾ , ਕੀ ਉਹ ਹੁਣ ਮਾਨ ਸ਼ਾਸਨ ਦੀ ਚਾਲ ਨੂੰ ਨਹੀਂ ਸਮਝਦੇ ਹੋਣਗੇ ?

ਕਿਸਾਨ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਤੁਰੰਤ ਹੜ੍ਹਾਂ ਦਾ ਮੁਆਵਜ਼ਾ ਦਿੱਤਾ ਜਾਵੇ। ਵਾਹੀ ਯੋਗ ਜ਼ਮੀਨ ਨੂੰ ਹੋਏ ਨੁਕਸਾਨ (ਬਾਕੀ ਸਫ਼ਾ 29 'ਤੇ)

# ਅੰਤਰਰਾਸ਼ਟਰੀ ਖ਼ਬਰਨਾਮਾ

## ਅਮਰੀਕਾ 'ਚ ਬੱਚਿਆਂ ਦੀ ਦੇਖਭਾਲ ਕਰਨ ਵਾਲੇ ਮਰਦਾਂ ਦੀ ਗਿਣਤੀ ਵਧੀ, ਘਰ 'ਚ ਰਹਿਣ ਵਾਲੀਆਂ ਔਰਤਾਂ ਦੀ ਗਿਣਤੀ 28 ਫ਼ੀਸਦੀ ਘਟੀ

ਨਿਊਯਾਰਕ/ਏ.ਟੀ.ਨਿਊਜ਼ : ਅਮਰੀਕਾ ਵਿੱਚ ਪੈਸੇ ਕਮਾਉਣ ਲਈ ਕੰਮ ਕਰਨ ਦੀ ਬਜਾਏ ਘਰਾਂ ਵਿੱਚ ਰਹਿਣ ਵਾਲੇ ਮਰਦਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਘਰ ਵਿੱਚ ਰਹਿਣ ਵਾਲੀਆਂ ਔਰਤਾਂ ਦੀ ਗਿਣਤੀ ਵੀ ਘੱਟ ਗਈ ਹੈ।

ਤਿੰਨ ਦਹਾਕਿਆਂ ਦੇ ਅਧਿਐਨ ਵਿੱਚ, ਪਿਊ ਰਿਸਰਚ ਨੇ ਪਾਇਆ ਕਿ 1989 ਅਤੇ 2021 ਦੇ ਵਿਚਕਾਰ, ਘਰ ਵਿੱਚ ਰਹਿਣ ਵਾਲੀਆਂ ਔਰਤਾਂ ਦੀ ਗਿਣਤੀ 28% ਤੋਂ ਘਟ ਕੇ 26% ਹੋ ਗਈ ਹੈ। ਇਸ ਦੇ ਨਾਲ ਹੀ, ਕੰਮ ਕਰਨ ਦੀ ਬਜਾਏ ਬੱਚਿਆਂ ਦੀ ਦੇਖਭਾਲ ਲਈ ਘਰ ਵਿੱਚ ਰਹਿਣ ਵਾਲੇ ਮਰਦਾਂ ਦੀ ਗਿਣਤੀ ਵਿੱਚ 4% ਤੋਂ 7% ਦਾ ਵਾਧਾ ਹੋਇਆ ਹੈ।

ਇਹਨਾਂ ਵੱਖੋ-ਵੱਖਰੇ ਰੁਝਾਨਾਂ ਦੇ ਕਾਰਨ, ਮਰਦ ਹੁਣ ਘਰ ਵਿੱਚ ਰਹਿਣ ਵਾਲੇ ਮਾਪਿਆਂ ਦੇ 18% ਦੀ ਨੁਮਾਇੰਦਗੀ ਕਰਦੇ ਹਨ। ਘਰ ਵਿੱਚ ਰਹਿਣ ਵਾਲੇ ਅਤੇ ਕੰਮ 'ਤੇ ਜਾਣ ਵਾਲੇ ਮਰਦਾਂ ਵਿੱਚ ਵੱਖ-ਵੱਖ ਮਾਪਦੰਡਾਂ ਵਿੱਚ ਅੰਤਰ ਹੈ



**ਸਿੱਖਿਆ** :ਘਰ-ਰਹਿਣ ਵਾਲੇ ਮਰਦਾਂ ਦੀ ਨੌਕਰੀ ਕਰਨ ਵਾਲੇ ਮਰਦਾਂ ਨਾਲੋਂ ਘੱਟ ਤੋਂ ਘੱਟ ਗ੍ਰੈਜੂਏਸ਼ਨ ਪੂਰੀ ਕਰਨ ਦੀ ਸੰਭਾਵਨਾ ਘੱਟ ਹੁੰਦੀ ਹੈ। ਇਹ ਘਰ ਵਿੱਚ ਰਹਿਣ ਵਾਲੇ ਲਗਭਗ 22% ਮਰਦਾਂ ਦੀ ਸਿੱਖਿਆ ਦਾ ਪੱਧਰ ਹੈ। 42% ਕੰਮ ਕਰਨ ਵਾਲੇ ਮਰਦ ਇਸ ਤਰ੍ਹਾਂ ਦੇ ਹਨ।

**ਗਰੀਬੀ** :ਘਰ ਵਿੱਚ ਰਹਿਣ ਵਾਲੇ ਮਰਦਾਂ ਦੇ ਪਰਿਵਾਰ ਨੌਕਰੀ ਕਰਨ ਵਾਲੇ ਮਰਦਾਂ ਦੇ ਪਰਿਵਾਰਾਂ ਨਾਲੋਂ ਘੱਟ ਆਰਥਿਕ ਤੌਰ 'ਤੇ ਅਮੀਰ ਹੁੰਦੇ ਹਨ। ਘਰਾਂ ਵਿੱਚ ਰਹਿਣ ਵਾਲੇ ਲਗਭਗ 40% ਮਰਦਾਂ ਦੇ ਪਰਿਵਾਰ ਗਰੀਬੀ ਵਿੱਚ ਰਹਿੰਦੇ ਹਨ। ਜਦੋਂ ਕਿ ਕੰਮ ਕਰਨ ਵਾਲੇ ਮਰਦਾਂ ਵਿੱਚ ਇਹ ਅੰਕੜਾ ਸਿਰਫ਼ 5% ਹੈ।

**ਉਮਰ** :ਘਰ ਵਿੱਚ ਰਹਿਣ ਵਾਲੇ ਮਰਦ ਕੰਮ 'ਤੇ ਜਾਣ ਵਾਲੇ ਮਰਦਾਂ ਨਾਲੋਂ ਵੱਡੀ ਉਮਰ ਦੇ ਹੁੰਦੇ ਹਨ। ਘਰ ਵਿੱਚ ਰਹਿਣ ਵਾਲੇ 46% ਮਰਦ 45 ਸਾਲ ਤੋਂ ਵੱਧ ਉਮਰ ਦੇ ਹਨ। (ਬਾਕੀ ਸਫ਼ਾ 30 'ਤੇ)

## ਸਮਨਦੀਪ ਕੌਰ ਨੇ ਕੈਨੇਡਾ 'ਚ ਪੁਲਿਸ ਅਧਿਕਾਰੀ ਬਣਕੇ ਸਿੱਖ ਪੰਥ ਦਾ ਨਾਮ ਰੋਸ਼ਨ ਕੀਤਾ

### ਪੁਲਿਸ ਵਿਭਾਗ ਦੇ ਕ੍ਰਾਈਮ ਬ੍ਰਾਂਚ 'ਚ ਫੈਡਰਲ ਪੀਸ ਅਧਿਕਾਰੀ ਵਜੋਂ ਤਾਇਨਾਤ

ਰਾਏਕੋਟ/ਏ.ਟੀ.ਨਿਊਜ਼ : ਸਿੱਖ ਦਿਨੋਂ-ਦਿਨ ਆਪਣੀ ਸਖ਼ਤ ਮਿਹਨਤ ਸਦਕਾ ਦੇਸ਼ਾਂ-ਵਿਦੇਸ਼ਾਂ ਦੀ ਧਰਤੀ 'ਤੇ ਆਪਣੀ ਜਿੱਤ ਦੇ ਝੰਡੇ ਗੱਡ ਰਹੇ ਹਨ, ਜਿਸ ਦੀ ਤਾਜ਼ਾ ਮਿਸਾਲ ਜ਼ਿਲ੍ਹਾ ਲੁਧਿਆਣਾ ਅਧੀਨ ਪੈਂਦੇ ਸ਼ਹਿਰ ਰਾਏਕੋਟ ਨਾਲ ਸੰਬੰਧਿਤ ਸਮਨਦੀਪ ਕੌਰ ਧਾਲੀਵਾਲ ਦੀ ਕੈਨੇਡਾ ਦੇ ਪੁਲਿਸ ਵਿਭਾਗ ਵਿੱਚ ਅਧਿਕਾਰੀ ਬਣਨ ਤੋਂ ਮਿਲਦੀ ਹੈ ।



ਸਮਨਦੀਪ ਕੌਰ ਧਾਲੀਵਾਲ ਦੇ ਪਿਤਾ ਜਗਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਸੰਨ 2016 ਵਿੱਚ ਕੈਨੇਡਾ ਦੀ ਧਰਤੀ 'ਤੇ ਪੜ੍ਹਾਈ ਲਈ ਗਈ ਸੀ, ਜਿਥੇ ਉਨ੍ਹਾਂ ਦੀ ਹੋਣਹਾਰ ਧੀ ਸਮਨਦੀਪ ਧਾਲੀਵਾਲ ਨੇ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਕੈਨੇਡਾ ਦੇ ਸ਼ਹਿਰ ਸਰੀ ਵਿੱਚ ਪੁਲਿਸ ਵਿਭਾਗ ਦੇ ਕ੍ਰਾਈਮ ਬ੍ਰਾਂਚ ਵਿੱਚ ਫੈਡਰਲ ਪੀਸ ਅਧਿਕਾਰੀ ਵਜੋਂ ਨੌਕਰੀ ਹਾਸਲ ਕਰਕੇ ਕੈਨੇਡਾ ਵਿੱਚ ਵਸਦੇ ਪੰਜਾਬੀ ਭਾਈਚਾਰੇ ਦਾ ਮਾਣ ਨਾਲ ਸਿਰ ਉੱਚਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਮਨਦੀਪ ਕੌਰ ਧਾਲੀਵਾਲ ਨੇ ਜਲਦ ਆਉਣ ਵਾਲੇ ਦਿਨਾਂ ਵਿੱਚ ਕੈਨੇਡਾ ਦੇ ਸ਼ਹਿਰ ਕੈਲਗਰੀ ਤੋਂ ਪੁਲਿਸ ਅਧਿਕਾਰੀ ਵਜੋਂ ਚਾਰਜ ਸੰਭਾਲਣਾ ਹੈ। ਸਮਨਦੀਪ ਕੌਰ ਧਾਲੀਵਾਲ ਦੀ ਇਸ ਮਾਣਮੱਤੀ ਕਾਮਯਾਬੀ 'ਤੇ ਤਹਿਸੀਲ ਰਾਏਕੋਟ ਵਿੱਚ ਖ਼ੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ।

## ਅਮਰੀਕਾ ਦੇ ਟੈਕਸਾਸ ਰਾਜ ਵਿੱਚ ਮੈਕਸੀਕੋ ਤੋਂ ਆਈ ਬੱਸ ਵਿਚੋਂ 22 ਕਿਲੋ ਤੋਂ ਵਧ ਕੋਕੀਨ ਫੜੀ



ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਅਮਰੀਕਾ ਦੇ ਟੈਕਸਾਸ ਰਾਜ ਵਿੱਚ ਯੂ ਐਸ ਕਸਟਮਜ ਅਧਿਕਾਰੀਆਂ ਵੱਲੋਂ ਮੈਕਸੀਕੋ ਤੋਂ ਆਈ ਇੱਕ ਕਮਰਸ਼ੀਅਲ ਬੱਸ ਵਿਚੋਂ 2 ਦਰਜਨ ਪੈਕਟ ਕੋਕੀਨ ਦੇ ਫੜੇ ਜਾਣ ਦੀ ਖ਼ਬਰ ਹੈ।

ਏਜੰਸੀ ਨੇ ਕਿਹਾ ਹੈ ਕਿ ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਦੇ ਅਫਸਰਾਂ ਨੇ ਰੋਮਾ ਕੌਮਾਂਤਰੀ ਪੁਲ ਉਪਰ ਇੱਕ ਬੱਸ ਵਿਚੋਂ ਵਰਣਨਯੋਗ ਮਾਤਰਾ ਵਿੱਚ ਨਸ਼ੀਲਾ ਪਦਾਰਥ ਬਰਾਮਦ ਕੀਤਾ ਹੈ। ਰੋਮਾ ਦੱਖਣੀ ਟੈਕਸਾਸ ਵਿੱਚ ਰੀਓ ਗਰਾਂਡ ਦੇ ਨਾਲ ਮੈਕਐਲਨ ਦੇ ਉਤਰ ਪੱਛਮ ਵਿੱਚ ਮੋਟੇ ਤੌਰ 'ਤੇ 50 ਮੀਲ ਦੂਰ ਹੈ। ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਏਜੰਸੀ (ਸੀ ਬੀ ਪੀ) ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਬੱਸ ਦੇ ਪੁਲ ਉਪਰ ਪੁੱਜਣ 'ਤੇ ਜਦੋਂ ਅਫਸਰਾਂ ਨੇ ਇਸ ਦੀ ਡੂੰਘਾਈ ਨਾਲ ਤਲਾਸ਼ੀ ਲਈ ਤਾਂ ਇਸ ਵਿਚੋਂ ਤਕਰੀਬਨ 22 ਪੈਕਟ ਬਰਾਮਦ ਹੋਏ ਜਿਨ੍ਹਾਂ ਵਿੱਚ ਕੋਕੀਨ ਭਰੀ ਹੋਈ ਸੀ। ਕੋਕੀਨ ਦਾ ਕੁਲ ਭਾਰ ਤਕਰੀਬਨ 22 ਕਿਲੋ 500 ਗ੍ਰਾਮ ਹੈ ਜਿਸ ਦੀ ਮਾਰਕੀਟ ਕੀਮਤ 3,80,000 ਡਾਲਰ ਤੋਂ ਵਧ ਬਣਦੀ ਹੈ। ਏਜੰਸੀ ਨੇ ਇਸ ਮਾਮਲੇ ਵਿੱਚ ਹੋਰ ਜਾਣਕਾਰੀ ਨਹੀਂ ਦਿੱਤੀ ਹੈ। ਸੀ ਬੀ ਪੀ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਅਕਤੂਬਰ ਤੋਂ ਬਾਅਦ ਤਕਰੀਬਨ 10 ਮਹੀਨਿਆਂ ਵਿੱਚ ਏਜੰਸੀ ਵੱਲੋਂ 2,95,10,000 ਕਿਲੋਗ੍ਰਾਮ ਕੋਕੀਨ ਫੜੀ ਜਾ ਚੁੱਕੀ ਹੈ।

## 9 ਸਾਲ ਦੇ ਲੜਕੇ ਨੇ 6 ਸਾਲ ਦੇ ਲੜਕੇ ਨੂੰ ਮਾਰੀ ਗੋਲੀ, ਮੌਤ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਫਲੋਰਿਡਾ ਰਾਜ ਵਿੱਚ ਇਕ 9 ਸਾਲ ਦੇ ਲੜਕੇ ਦੇ ਹੱਥ ਵਿੱਚ ਆਈ ਗੰਨ ਉਸ ਵੇਲੇ ਘਾਤਕ ਸਾਬਤ ਹੋਈ ਜਦੋਂ ਉਸ ਨੇ 6 ਸਾਲਾਂ ਦੇ ਲੜਕੇ ਦੇ ਗੋਲੀ ਮਾਰ ਦਿੱਤੀ। ਇਹ ਘਟਨਾ ਫਲੋਰਿਡਾ ਦੇ ਸ਼ਹਿਰ ਜੈਕਸਨਵਿਲੇ ਦੇ ਇੱਕ ਘਰ ਵਿੱਚ ਵਾਪਰੀ। ਜੈਕਸਨਵਿਲੇ ਸ਼ੈਰਿਫ ਦਫਤਰ ਦੇ ਸਹਾਇਕ ਮੁਖੀ ਜੇ ਡੀ ਸਟਰਾਨਕੋ ਨੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਛੋਟੇ ਬੱਚੇ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਸਟਰਾਨਕੋ ਅਨੁਸਾਰ ਉਸ ਦੇ ਸਿਰ ਵਿੱਚ ਗੋਲੀ ਵੱਜੀ ਸੀ। ਅਧਿਕਾਰੀਆਂ ਵੱਲੋਂ ਘਟਨਾ ਵਾਪਰਨ ਵੇਲੇ ਘਰ ਵਿੱਚ ਮੌਜੂਦ ਇਕ ਬਾਲਗ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੋਈ ਅਪਰਾਧਕ ਹਿੰਸਾ ਦਾ ਕੋਈ ਸੰਕੇਤ ਨਹੀਂ ਮਿਲਿਆ ਹੈ ਤੇ ਕਿਸੇ ਵਿਰੁੱਧ ਵੀ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗੋਲੀ ਚੱਲਣ ਸਮੇਂ ਘਰ ਵਿਚਲੇ ਹਾਲਾਤ ਬਾਰੇ ਜਾਂਚ ਕੀਤੀ ਜਾ ਰਹੀ ਹੈ। ਇਥੇ ਜਿਕਰਯੋਗ ਹੈ ਕਿ ਗੰਨ ਹਿੰਸਾ ਵਿੱਚ ਇਸ ਸਾਲ ਹੁਣ ਤੱਕ 17 ਸਾਲ ਤੋਂ ਘੱਟ ਉਮਰ ਦੇ 1114 ਨਬਾਲਗਾਂ ਦੀ ਮੌਤ ਹੋ ਚੁੱਕੀ ਹੈ ਤੇ 3065 ਜ਼ਖਮੀ ਹੋਏ ਹਨ।

## ਅਮਰੀਕਾ ਦੇ ਮਾਊਈ ਟਾਪੂ 'ਤੇ ਲੱਗੀ ਭਿਆਨਕ ਜੰਗਲੀ ਅੱਗ ਦੇ 10 ਦਿਨਾਂ ਬਾਅਦ ਐਮਰਜੈਂਸੀ ਲਾਗੂ

### ਮੈਨੇਜਮੈਂਟ ਏਜੰਸੀ ਦੇ ਪ੍ਰਸ਼ਾਸਕ ਨੇ ਦਿੱਤਾ ਅਸਤੀਫ਼ਾ, ਮੌਤਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਹਵਾਈ ਸੂਬੇ ਦੇ ਮਾਊਈ ਟਾਪੂ ਉਪਰ ਲੱਗੀ ਭਿਆਨਕ ਜੰਗਲੀ ਅੱਗ ਦੇ 10 ਦਿਨਾਂ ਬਾਅਦ ਐਮਰਜੰਸੀ ਮੈਨੇਜਮੈਂਟ ਏਜੰਸੀ ਦੇ ਪ੍ਰਸ਼ਾਸਕ ਨੇ ਆਪਣਾ ਅਸਤੀਫਾ ਦੇ ਦਿੱਤਾ ਹੈ। ਪ੍ਰਸ਼ਾਸਕ ਹਰਮਨ ਅੰਦਾਇਆ ਦਾ ਅਸਤੀਫਾ ਤੁਰੰਤ ਪ੍ਰਵਾਨ ਕਰ ਲਿਆ ਗਿਆ ਹੈ। ਹਾਲਾਂ ਕਿ ਉਸ ਨੇ ਅਸਤੀਫੇ ਦਾ ਕਾਰਨ ਸਿਹਤ ਨਾ ਠੀਕ ਹੋਣ ਨੂੰ ਦਸਿਆ ਹੈ ਪਰੰਤੂ ਹਾਲਾਤ ਨੂੰ ਠੀਕ ਤਰਾਂ ਨਾ ਨਜਿੱਠਣ ਕਾਰਨ ਉਨਾਂ ਉਪਰ ਨਿਰੰਤਰ ਦਬਾਅ ਬਣਿਆ ਹੋਇਆ ਸੀ। ਮਾਊਈ ਕਾਊਂਟੀ ਦੇ ਮੇਅਰ ਰਿਚਰਡ ਬਿਸੇਨ ਨੇ ਅਸਤੀਫੇ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸੰਕਟ ਦੀ ਭਿਆਨਕਤਾ ਨੂੰ ਵੇਖਦੇ ਹੋਏ ਉਹ ਇਸ ਪ੍ਰਮੁੱਖ ਅਹੁੱਦੇ 'ਤੇ ਜਿੰਨੀ ਛੇਤੀ ਸੰਭਵ ਹੋ ਸਕੇ ਕਿਸੇ ਹੋਰ ਨੂੰ ਨਿਯੁਕਤ ਕਰਨ ਜਾ ਰਹੇ ਹਨ। 8 ਅਗਸਤ ਨੂੰ ਲੱਗੀ ਜੰਗਲੀ ਅੱਗਵਿੱਚ ਹੁਣ ਤੱਕ 111 ਤੋਂ ਵਧ ਲਾਸ਼ਾਂ ਬਰਾਮਦ ਹੋਈਆਂ ਹਨ ਜਦ ਕਿ ਮੌਤਾਂ ਦੀ ਗਿਣਤੀ ਵਧਣ ਦਾ ਖਦਸ਼ਾ ਨਿਰੰਤਰ ਬਣਿਆ ਹੋਇਆ ਹੈ ਕਿਉਂਕਿ ਮਾਊਈ ਟਾਪੂ ਦੇ ਸੜੇ ਇਕ ਵੱਡੇ ਹਿੱਸੇ ਵਿੱਚ ਪੀੜਤ ਵਿਅਕਤੀਆਂ ਨੂੰ ਲੱਭਣ (ਬਾਕੀ ਸਫ਼ਾ 30 'ਤੇ)



### ਅਮਰੀਕਾ ਦੇ ਮਾਊਈ ਟਾਪੂ 'ਤੇ ਅੱਗ ਕਾਰਨ ਮਰਨ ਵਾਲਿਆਂ ਦੀ ਗਿਣਤੀ ਹੋ ਸਕਦੀ ਹੈ ਦੁੱਗਣੀ : ਗਵਰਨਰ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਹਵਾਈ ਸੂਬੇ ਦੇ ਟਾਪੂ ਮਾਊਈ 'ਤੇ ਜੰਗਲ ਨੂੰ ਲੱਗੀ ਅੱਗ ਤੋਂ ਪ੍ਰਭਾਵਿਤ ਇਕ ਤਿਹਾਈ ਹਿੱਸੇ ਵਿਚੋਂ ਹੀ ਲਾਸ਼ਾਂ ਲੱਭਣ ਦਾ ਕੰਮ ਮੁਕੰਮਲ ਹੋਇਆ ਹੈ ਤੇ ਬਾਕੀ ਦੋ ਤਿਹਾਈ ਹਿੱਸੇ ਵਿਚੋਂ ਅਜੇ ਲਾਪਤਾ ਲੋਕਾਂ ਦੀ ਭਾਲ ਕੀਤੀ ਜਾਣੀਹੈ। ਹੁਣ ਤੱਕ 101 ਮੌਤਾਂ ਦੀ ਪੁਸ਼ਟੀ ਹੋ ਚੁੱਕੀ ਹੈ। ਹਵਾਈ ਦੇ ਗਵਰਨਰ ਜੋਸ਼ ਗਰੀਨ ਨੇ ਕਿਹਾ ਹੈ ਕਿ ਅਗਲੇ 10 ਦਿਨਾਂ ਵਿੱਚ ਸਮੁੱਚੇ ਸੜੇ ਖੇਤਰ ਵਿਚ ਲਾਪਤਾ ਲੋਕਾਂ ਨੂੰ ਲੱਭਣ ਦਾ ਕੰਮ ਮੁਕੰਮਲ ਹੋ ਸਕਦਾ ਹੈ ਤੇ ਮੌਤਾਂ ਦੀ ਗਿਣਤੀ ਦੁੱਗਣੀ ਹੋ ਸਕਦੀ ਹੈ। ਗਵਰਨਰ ਨੇ ਕਿਹਾ ਹੈ ਕਿ ਇਹ ਤਰਾਸਦੀ ਕਲਪਨਾ ਤੋਂ ਬਾਹਰ ਹੈ ਜੋ ਪਿਛਲੇ ਹਫਤੇ ਸ਼ੁਰੂ ਹੋਈ ਸੀ। ਉਨਾਂ ਕਿਹਾ ਕਿ ਅੱਗ ਤੋਂ ਸਭ ਤੋਂ ਵਧ ਪ੍ਰਭਾਵਿਤ ਪੱਛਮੀ ਮਾਊਈ ਦੇ ਲਾਹੈਨਾ ਖੇਤਰ ਵਿਚੋਂ ਜਿਆਦਾਤਰ ਲਾਸ਼ਾਂ ਖੁਲੀਆਂ ਥਾਵਾਂ, ਕਾਰਾਂ ਤੇ ਪਾਣੀ ਵਿਚੋਂ ਮਿਲੀਆਂ ਹਨ। ਉਨਾਂ ਕਿਹਾ ਕਿ ਲਾਸ਼ਾਂ ਲੱਭਣ ਲਈ ਹੋਰ ਟੀਮਾਂ ਤੇ (ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

## ਇਉਂ ਵੀ ਹੁੰਦੈ.....

# ਬੜਬੋਲੇ ਨੇਤਾਵਾਂ ਦੀ ਜਦੋਂ ਫਿਸਲਦੀ ਹੈ ਜ਼ੁਬਾਨ

**ਇੱਕ ਕਹਾਵਤ ਹੈ ਕਿ ਗੱਲ੍ਹ ਮਨੁੱਖ ਨੂੰ ਕਹਿੰਦੀ ਹੈ ਕਿ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕਢਵਾ ਦੇਵਾਂਗੀ ਪਰ ਸਿਆਸੀ ਆਗੂਆਂ ਨੂੰ ਤਾਂ ਅਜਿਹੀਆਂ ਗੱਲਾਂ ਮਸ਼ਹੂਰ ਕਰ ਦਿੰਦੀਆਂ ਹਨ ਅਤੇ ਉਹਨਾਂ ਬਾਰੇ ਕਈ ਦਿਨਾਂ ਤਕ ਲਗਾਤਾਰ ਚਰਚਾ ਹੁੰਦੀ ਰਹਿੰਦੀ ਹੈ।**



## ਭਾਰਤੀ ਸਿਆਸਤ 'ਚ ਨੇਤਾਵਾਂ ਦੀ ਜ਼ੁਬਾਨ ਫਿਸਲਣ ਦਾ ਵੱਧ ਰਿਹੈ ਰੁਝਾਨ

## ਗੱਪਾਂ ਮਾਰਨ ਵਾਲੀਆਂ ਮਸ਼ੀਨਾਂ ਬਣਦੇ ਜਾ ਰਹੇ ਹਨ ਵੱਡੀ ਗਿਣਤੀ ਨੇਤਾ

ਜ਼ਿੰਦਗੀ ਵਿੱਚ ਅਕਸਰ ਤਿੰਨ ਚੀਜ਼ਾਂ ਤਿਲਕ/ਫਿਸਲ ਜਾਂਦੀਆਂ ਹਨ- ਇੱਕ ਪੈਰ, ਦੂਜੀ ਜੀਭ ਅਤੇ ਤੀਜੀ ਅੱਖ। ਇਹਨਾਂ ਤਿੰਨਾਂ ਦਾ ਫਿਸਲਣਾ ਵੱਖੋ ਵੱਖਰੀਆਂ ਕਮਜ਼ੋਰੀਆਂ ਨੂੰ ਦਰਸਾਉਂਦਾ ਹੈ। ਪੈਰ ਤਿਲਕਣਾ ਦਰਸਾਉਂਦਾ ਹੈ ਕਿ ਆਦਮੀ ਲਾਪਰਵਾਹ ਹੈ। ਜ਼ੁਬਾਨ ਦਾ ਤਿਲਕਣਾ ਦੱਸਦਾ ਹੈ ਕਿ ਆਦਮੀ ਭਰੋਸੇਯੋਗ ਨਹੀਂ ਹੈ ਅਤੇ ਅੱਖ ਦਾ ਤਿਲਕਣਾ ਦੱਸਦਾ ਹੈ ਕਿ ਆਦਮੀ ਮਾੜੇ ਸੁਭਾਅ ਵਾਲਾ ਹੈ।



ਅਸਲ ਵਿੱਚ ਭਾਰਤ ਵਿੱਚ ਇੱਕ ਨਵੀਂ ਕਿਸਮ ਦੀ ਬਿਮਾਰੀ ਆਪਣੇ ਪੈਰ ਪਸਾਰ ਰਹੀ ਹੈ। ਇਹ ਬਿਮਾਰੀ ਲੀਡਰਾਂ ਵਿੱਚ ਆਮ ਵੇਖਣ ਨੂੰ ਮਿਲਦੀ ਹੈ, ਲੀਡਰਾਂ ਨੂੰ ਜ਼ੁਬਾਨ ਫਿਸਲਣ ਦਾ ਰੋਗ ਹੈ। ਜਦੋਂ ਵੀ ਦੇਖਦੇ ਹਾਂ, ਕਿਤੇ ਨਾ ਕਿਤੇ ਕਿਸੇ ਮੰਤਰੀ ਜਾਂ ਨੇਤਾ ਦੀ ਜ਼ੁਬਾਨ ਬੋਲਦਿਆਂ ਤਿਲਕ ਜਾਂਦੀ ਹੈ। ਅਜਿਹਾ ਕਿਉਂ ਹੁੰਦਾ ਹੈ ? ਮੰਤਰੀਆਂ ਦੀ ਜ਼ੁਬਾਨ ਹਮੇਸ਼ਾ ਕਿਉਂ ਤਿਲਕਦੀ ਹੈ ? ਇਹ ਖੋਜ ਦਾ ਵਿਸ਼ਾ ਹੋ ਸਕਦਾ ਹੈ। ਭਾਰਤ ਵਿੱਚ ਅਨੇਕਾਂ ਬੜਬੋਲੇ ਨੇਤਾਵਾਂ ਦੀ ਜ਼ੁਬਾਨ ਅਕਸਰ ਬੋਲਣ ਵੇਲੇ ਫਿਸਲ ਜਾਂਦੀ ਹੈ ਅਤੇ ਉਹ ਭਾਸ਼ਣ ਦੇਣ ਸਮੇਂ ਇਤਰਾਜ਼ ਯੋਗ ਗੱਲਾਂ ਕਹਿ ਦਿੰਦੇ ਹਨ। ਇਸੇ ਕਾਰਨ ਭਾਰਤ ਦੀ ਰਾਜਨੀਤੀ ਦੇ ਚਰਿੱਤਰ 'ਤੇ ਕੋਈ ਭਰੋਸਾ ਨਹੀਂ ਕਰਦਾ। ਮਜ਼ਬੂਤ ਅਤੇ ਵੱਡੇ ਨੇਤਾ ਦੀ ਪਛਾਣ ਇਹ ਹੁੰਦੀ ਹੈ ਕਿ ਉਹ ਚੰਗਾ ਬੁਲਾਰਾ ਹੁੰਦਾ ਹੈ। ਦੁਨੀਆਂ ਵਿੱਚ ਕਈ ਵੱਡੇ ਨੇਤਾ ਹਨ ਜੋ ਆਪਣੇ ਭਾਸ਼ਣਾਂ ਨਾਲ ਜਨਤਾ ਨੂੰ ਖੁਸ਼ ਕਰਦੇ ਹਨ ਪਰ ਜੇਕਰ ਉਸ ਦੀ ਬੋਲੀ ਵਿੱਚ ਥੋੜ੍ਹੀ ਜਿਹੀ ਵੀ ਗਲਤੀ ਹੋ ਜਾਵੇ ਤਾਂ ਬਦਨਾਮੀ ਵਿੱਚ ਕੋਈ ਦੇਰ ਨਹੀਂ ਹੁੰਦੀ। ਭਾਰਤ ਵਿੱਚ ਲੋਕਤੰਤਰ ਹੈ। ਲੋਕਤੰਤਰ ਵਿੱਚ ਪ੍ਰਸਿੱਧੀ ਬਹੁਤ ਮਹੱਤਵ ਰੱਖਦੀ ਹੈ ਅਤੇ ਕੇਲਾ ਦੁਨੀਆਂ ਦਾ ਸਭ ਤੋਂ ਪ੍ਰਸਿੱਧ ਫਲ ਹੈ। ਭਾਰਤ ਦੀ ਸਿਆਸਤ ਕੇਲੇ ਦੇ ਛਿਲਕੇ 'ਤੇ ਟਿਕੀ ਹੋਈ ਹੈ, ਇਸੇ ਕਾਰਨ ਕਈ ਨੇਤਾ ਪ੍ਰਸਿੱਧੀ ਪ੍ਰਾਪਤ ਕਰਨ ਲਈ ਇਤਰਾਜ਼ ਯੋਗ ਬਿਆਨ ਦੇ ਦਿੰਦੇ ਹਨ। ਕਈ ਨੇਤਾਵਾਂ ਨੂੰ ਪਤਾ ਹੀ ਨਹੀਂ ਚਲਦਾ ਕਿ ਉਹ ਬੋਲਦੇ ਹੋਏ ਕੀ ਕਹਿ ਗਏ ਹਨ।

ਵੱਡੀ ਗਿਣਤੀ ਨੇਤਾ ਸਿਰਫ਼ ਗੱਪਾਂ ਮਾਰਨ ਵਾਲੀਆਂ ਮਸ਼ੀਨਾਂ ਬਣਦੇ ਜਾ ਰਹੇ ਹਨ। ਉਹ ਸਮਾਜ ਦੀਆਂ

(ਬਾਕੀ ਸਫ਼ਾ 30 'ਤੇ)

## ਜਦੋਂ ਪ੍ਰਧਾਨ ਮੰਤਰੀ ਅਤੇ ਹੋਰਨਾਂ ਨੇਤਾਵਾਂ ਦੀ ਜ਼ੁਬਾਨ ਫਿਸਲੀ

**ਨਰਿੰਦਰ ਮੋਦੀ :** ਸਾਲ 2018 ਦੇ ਜਨਵਰੀ ਮਹੀਨੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਾਵੋਸ ਵਿੱਚ ਵਿਸ਼ਵ ਆਰਥਿਕ ਫੋਰਮ ਤੋਂ ਇੱਕ ਗਲੋਬਲ ਲੀਡਰ ਵਜੋਂ ਭਾਸ਼ਣ ਦਿੱਤਾ। 52 ਮਿੰਟ ਦੇ ਇਸ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਈ ਗਲੋਬਲ ਚੁਨੌਤੀਆਂ ਦਾ ਜ਼ਿਕਰ ਕੀਤਾ ਅਤੇ ਉਨ੍ਹਾਂ ਨੂੰ ਦੂਰ ਕਰਨ ਦੇ ਤਰੀਕੇ ਵੀ ਸੁਝਾਏ। ਹਾਲਾਂ ਕਿ ਭਾਸ਼ਣ ਦੌਰਾਨ ਕਈ ਮੌਕਿਆਂ 'ਤੇ ਪ੍ਰਧਾਨ ਮੰਤਰੀ ਮੋਦੀ ਦੀ ਜ਼ੁਬਾਨ ਵੀ ਫਿਸਲ ਗਈ। ਉਨ੍ਹਾਂ ਕਿਹਾ, "ਭਾਰਤ ਦੇ 600 ਕਰੋੜ ਵੋਟਰਾਂ ਨੇ 2014 ਵਿੱਚ 30 ਸਾਲਾਂ ਬਾਅਦ ਪਹਿਲੀ ਵਾਰ ਕਿਸੇ ਇੱਕ ਸਿਆਸੀ ਪਾਰਟੀ ਨੂੰ ਕੇਂਦਰ ਵਿੱਚ ਸਰਕਾਰ ਬਣਾਉਣ ਲਈ ਪੂਰਨ ਬਹੁਮਤ ਦਿੱਤਾ ਸੀ।......." ਜ਼ਿਕਰਯੋਗ ਹੈ ਕਿ ਭਾਰਤ ਦੀ ਕੁਲ ਆਬਾਦੀ ਕਰੀਬ 130 ਕਰੋੜ ਹੈ ਜਦੋਂ ਕਿ ਵੋਟਰਾਂ ਦੀ ਗਿਣਤੀ 80 ਕਰੋੜ ਦੇ ਨੇੜੇ ਤੇੜੇ ਹੈ।



ਇਸ ਭਾਸ਼ਣ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਇੱਕ ਵਾਰ ਦੁਨੀਆਂ ਖ਼ਤਮ ਕਰਨ ਦੀ ਗਲ ਕਹਿ ਦਿੱਤੀ, ਦਰਅਸਲ ਉਹ ਦੂਰੀਆਂ ਖ਼ਤਮ ਕਰਨ ਦੀ ਗੱਲ ਕਰ ਰਹੇ ਸਨ ਪਰ ਉਹਨਾਂ ਦੀ ਜ਼ੁਬਾਨ ਤੋਂ ਦੂਰੀਆਂ ਦੀ ਥਾਂ ਦੁਨੀਆਂ ਨਿਕਲ ਗਿਆ। ਭਾਰਤ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਮੋਦੀ ਦੀ ਪਹਿਲੀ ਵਿਦੇਸ਼ ਯਾਤਰਾ ਭੂਟਾਨ ਦੀ ਸੀ। ਸਾਲ 2014 ਵਿੱਚ ਮੋਦੀ ਨੇ ਭੂਟਾਨ ਦੀ ਸੰਸਦ ਵਿੱਚ ਭਾਸ਼ਣ ਦੇਣਾ ਸੀ। ਅਖੀਰ ਮੋਦੀ ਸਟੇਜ 'ਤੇ ਪਹੁੰਚੇ ਅਤੇ ਭਾਸ਼ਣ ਦੇਣਾ ਸ਼ੁਰੂ ਕਰ ਦਿੱਤਾ। ਸ਼ੁਰੂ ਵਿੱਚ ਸਭ ਕੁਝ ਠੀਕ ਸੀ ਪਰ ਭਾਸ਼ਣ ਦੇ ਵਿਚਾਲੇ ਮੋਦੀ ਨੇ ਭੂਟਾਨ ਦੀ ਬਜਾਏ ਨੇਪਾਲ ਬੋਲਿਆ। ਬਸ ਫਿਰ ਕੀ ਸੀ, ਵਿਰੋਧੀਆਂ ਨੂੰ ਤਾਅਨੇ ਮਾਰਨ ਦਾ ਮੌਕਾ ਮਿਲ ਗਿਆ। ਸੋਸ਼ਲ ਮੀਡੀਆ ਤੋਂ ਲੈ ਕੇ ਅਖ਼ਬਾਰਾਂ ਤੱਕ ਮੋਦੀ ਦੀ ਜ਼ੁਬਾਨ ਦੇ ਤਿਲਕਣ ਦੀਆਂ ਖ਼ਬਰਾਂ ਸੁਰਖ਼ੀਆਂ ਬਣੀਆਂ।



**ਵਿਜੈ ਕੁਮਾਰ ਗਾਵਿਤ :** ਅੱਜ ਕੱਲ੍ਹ ਉੱਤਰੀ ਮਹਾਰਾਸ਼ਟਰ ਦੇ ਨੰਦੁਰਬਾਰ ਜ਼ਿਲ੍ਹੇ 'ਚ ਇੱਕ ਜਨਤਕ ਸਮਾਗਮ 'ਚ ਸੂਬੇ ਦੇ ਕਬਾਇਲੀ ਮੰਤਰੀ ਵਿਜੈ ਕੁਮਾਰ ਗਾਵਿਤ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਇਸ ਵੀਡੀਓ 'ਚ ਮੰਤਰੀ ਇਹ ਕਹਿੰਦੇ ਸੁਣਾਈ ਦੇ ਰਹੇ ਹਨ, 'ਜੋ ਲੋਕ ਰੋਜ਼ਾਨਾ ਮੱਛੀ ਖਾਂਦੇ ਹਨ ਉਨ੍ਹਾਂ ਦੀ ਚਮੜੀ ਮੁਲਾਇਮ ਹੋ ਜਾਂਦੀ ਹੈ ਅਤੇ ਅੱਖਾਂ ਚਮਕਣ ਲੱਗਦੀਆਂ ਹਨ। ਜੇਕਰ ਕੋਈ ਤੁਹਾਨੂੰ ਦੇਖੇਗਾ ਤਾਂ ਉਹ ਤੁਹਾਡੇ ਵੱਲ ਖਿੱਚਿਆ ਜਾਵੇਗਾ। ਕੀ ਮੈਂ ਤੁਹਾਨੂੰ ਐਸ਼ਵਰਿਆ ਰਾਏ ਬਾਰੇ ਦੱਸਿਆ ਹੈ ? ਉਹ ਮੰਗਲੂਰੂ ਦੇ ਸਮੁੰਦਰੀ ਤੱਟ ਨੇੜੇ ਰਹਿੰਦੀ ਸੀ। ਉਹ ਰੋਜ਼ਾਨਾ ਮੱਛੀ ਖਾਂਦੀ ਸੀ। ਕੀ ਤੁਸੀਂ ਉਸ ਦੀਆਂ ਅੱਖਾਂ ਦੇਖੀਆਂ ਹਨ ? ਤੁਹਾਡੇ ਕੋਲ ਵੀ ਐਸ਼ਵਰਿਆ ਰਾਏ ਜਿਹੀਆਂ ਅੱਖਾਂ ਹੋਣਗੀਆਂ।'

**ਲਾਲੂ ਪ੍ਰਸਾਦ ਯਾਦਵ :** ਬਿਹਾਰ ਦੇ ਸਾਬਕਾ ਮੁੱਖ ਮੰਤਰੀ



ਲਾਲੂ ਪ੍ਰਸਾਦ ਯਾਦਵ ਨੇ ਵੀ ਕਈ ਵਾਰ ਹਾਸੋਹੀਣੇ ਅਤੇ ਇਤਰਾਜ਼ ਯੋਗ ਬਿਆਨ ਦਿੱਤੇ ਹਨ। ਬਿਹਾਰ ਵਿੱਚ ਮੁੱਖ ਮੰਤਰੀ ਹੁੰਦਿਆਂ ਲਾਲੂ ਦਾ ਇਕ ਬਿਆਨ ਲੋਕਾਂ ਨੂੰ ਅੱਜ ਵੀ ਯਾਦ ਹੈ। ਉਨ੍ਹਾਂ ਕਿਹਾ ਸੀ ਕਿ "ਉਹ ਬਿਹਾਰ ਦੀਆਂ ਸੜਕਾਂ ਨੂੰ ਹੇਮਾ ਮਾਲਿਨੀ ਦੀ ਗੱਲ੍ਹਾਂ ਵਾਂਗ ਬਣਾ ਦੇਣਗੇ।" ਉਦੋਂ ਵਿਰੋਧੀਆਂ ਨੇ ਬਿਹਾਰ ਦੀਆਂ ਸੜਕਾਂ ਦੀ ਤੁਲਨਾ ਓਮ ਪੁਰੀ ਦੀ ਗੱਲ੍ਹ ਨਾਲ ਕੀਤੀ ਸੀ।

**ਹਰਸਿਮਰਤ ਕੌਰ ਬਾਦਲ :** ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਦੀ ਵੀ ਇੱਕ ਵਾਰ ਇੱਕ ਟੀ ਵੀ ਚੈਨਲ ਦੇ ਪੱਤਰਕਾਰ ਨਾਲ ਗਲਬਾਤ ਕਰਦਿਆਂ ਜ਼ੁਬਾਨ ਫਿਸਲ ਗਈ ਸੀ। ਜਦੋਂ ਲੋਕ ਸਭਾ ਵਿੱਚ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਜੱਫੀ ਪਾਈ ਸੀ ਤਾਂ ਉਸ ਤੋਂ ਕੁਝ ਸਮੇਂ ਬਾਅਦ ਹਿੰਦੀ ਨਿਊਜ਼ ਚੈਨਲਾਂ ਦੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਹਰਸਿਮਰਤ ਕੌਰ ਬਾਦਲ ਦੇ ਮੂੰਹੋਂ ਨਿਕਲ ਗਿਆ " ਰਾਹੁਲ ਗਾਂਧੀ ਨੂੰ ਸਿਰਫ਼ ਪ੍ਰਧਾਨ ਮੰਤਰੀ ਮੋਦੀ ਨੂੰ ਹੀ ਜਫੀ ਨਹੀਂ ਸੀ ਪਾਉਣੀ ਚਾਹੀਦੀ, ਅੱਗੇ ਅਸੀਂ ਵੀ ਖੜ੍ਹੇ ਸੀ ਅਸੀਂ ਵੀ ਉਸ ਨਾਲ ਜਫੀ ਪੱਪੀ ਕਰਨ ਨੂੰ ਤਿਆਰ ਸੀ।"



**ਸੁਖਬੀਰ ਬਾਦਲ :** ਪੰਜਾਬ 'ਚ ਇੱਕ ਸਿਆਸੀ ਰੈਲੀ ਦੌਰਾਨ ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਬਾਦਲ ਦੀ ਵੀ ਜ਼ੁਬਾਨ ਫਿਸਲ ਗਈ ਸੀ, ਉਹਨਾਂ ਆਪਣੇ ਭਾਸ਼ਣ ਦੌਰਾਨ ਕਿਹਾ ਕਿ "ਮੈਂ ਆਪਣੇ ਪਿਤਾ ਸਮਾਨ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੂੰ ਅਪੀਲ ਕਰਦਾ ਹਾਂ।" ਇਹ ਸੁਣ ਕੇ ਰੈਲੀ ਵਿੱਚ ਹਾਸਾ ਫੈਲ ਗਿਆ ਸੀ। ਬਾਅਦ ਵਿੱਚ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਮੈਂ ਸੁਖਬੀਰ ਨੂੰ ਦਸਣਾ ਚਾਹੁੰਦਾ ਹਾਂ ਕਿ "ਮੈਂ ਉਸਦੇ ਪਿਤਾ ਵਰਗਾ ਨਹੀਂ ਬਲਕਿ ਪਿਤਾ ਹੀ ਹਾਂ।"



**ਅਜੀਤ ਪਵਾਰ :** ਮਹਾਰਾਸ਼ਟਰ ਦੇ ਸਿਆਸੀ ਆਗੂ ਅਜੀਤ ਪਵਾਰ ਨੇ ਮਹਾਰਾਸ਼ਟਰ ਵਿਧਾਨ ਸਭਾ ਵਿੱਚ ਬੋਲਦਿਆਂ ਕਿਹਾ ਸੀ ਕਿ ਬਿਜਲੀ ਜ਼ਿਆਦਾ ਜਾਣ ਲੱਗੀ, ਜਿਸ ਕਾਰਨ ਬੱਚਿਆਂ ਦੀ ਜਨਮ ਦਰ ਵੀ ਵਧੀ ਕਿਉਂਕਿ ਬਿਜਲੀ ਨਹੀਂ ਹੈ, ਉਹ ਹੋਰ ਕੀ ਕੰਮ ਕਰ ਸਕਦੇ ਹਨ ? ਅਜੀਤ ਪਵਾਰ ਦਾ ਇਹ ਭਾਸ਼ਣ ਇਸ ਗੱਲ ਦੀ ਸਭ ਤੋਂ ਭਿਆਨਕ ਉਦਾਹਰਣ ਹੈ ਕਿ ਸੱਤਾ ਵਿੱਚ ਡੁੱਬਿਆ ਵਿਅਕਤੀ ਕਿਵੇਂ ਗੱਲਾਂ ਕਰਦਾ ਹੈ। ਜਿਸ ਸਮੇਂ ਅਜੀਤ ਪਵਾਰ ਨੇ ਇਹ ਭਾਸ਼ਣ ਦਿੱਤਾ, ਉਸ ਸਮੇਂ ਵਿਧਾਨ ਸਭਾ ਵਿੱਚ ਸਾਹਮਣੇ ਬੈਠੀਆਂ ਔਰਤਾਂ ਸ਼ਰਮ ਨਾਲ ਪਾਣੀ-ਪਾਣੀ ਹੋ ਗਈਆਂ।



**ਸ਼੍ਰੀਪ੍ਰਕਾਸ਼ ਜੈਸਵਾਲ :** ਸੀਨੀਅਰ ਸਿਆਸੀ ਆਗੂ ਸ਼੍ਰੀਪ੍ਰਕਾਸ਼ ਜੈਸਵਾਲ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਜਦੋਂ ਔਰਤਾਂ ਬੁੱਢੀਆਂ ਹੋ ਜਾਂਦੀਆਂ ਹਨ ਤਾਂ ਉਹ ਬੇਕਾਰ ਹੋ ਜਾਂਦੀਆਂ ਹਨ। ਉਸ ਦੇ ਬਿਆਨ ਸੁਣ ਕੇ ਸਰੋਤੇ ਹੈਰਾਨ ਰਹਿ ਗਏ ਸਨ।





**ਜੈਰਾਮ ਰਮੇਸ਼ :** ਕੁਝ ਸਮਾਂ ਪਹਿਲਾਂ ਸਿਆਸਤ ਵਿੱਚ ਸਰਗਰਮ ਜੈਰਾਮ ਰਮੇਸ਼ ਨੇ ਕਿਹਾ ਸੀ ਕਿ ਸਾਡੇ ਦੇਸ਼ ਵਿੱਚ ਪਖਾਨੇ ਤੋਂ ਜ਼ਿਆਦਾ ਮੰਦਰ ਹਨ। ਉਹਨਾਂ ਦੇ ਇਸ ਬਿਆਨ ਦਾ ਬਹੁਤ ਵਿਰੋਧ ਵੀ ਹੋਇਆ ਸੀ।

ਇਸ ਤੋਂ ਇਲਾਵਾ ਭਾਰਤ ਦੇ ਇੱਕ ਕੇਂਦਰੀ ਮੰਤਰੀ ਤੋਂ ਜਦੋਂ ਪੱਤਰਕਾਰਾਂ ਨੇ ਆਵਾਰਾ ਪਸ਼ੂਆਂ ਦੀ ਵੱਧ ਰਹੀ ਗਿਣਤੀ ਬਾਰੇ ਸਵਾਲ ਪੁਛਿਆ ਤਾਂ ਉਹਨਾਂ ਕਿਹਾ ਸੀ ਕਿ " ਵਲੈਤੀ ਸਾਨ੍ਹ ਕਰੈਟਰਲੈਸ ਹੁੰਦੇ ਹਨ, ਜਿਸ ਕਾਰਨ ਭਾਰਤ ਵਿੱਚ ਆਵਾਰਾ ਪਸ਼ੂਆਂ ਦੀ ਗਿਣਤੀ ਵੱਧ ਰਹੀ ਹੈ।"

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤਾਂ ਸਾਬਕਾ ਕਾਮੇਡੀਅਨ ਹਨ, ਜਿਸ ਕਰਕੇ ਉਹਨਾਂ ਦੇ ਵੱਡੀ ਗਿਣਤੀ ਭਾਸ਼ਣਾਂ ਵਿੱਚ ਲੋਕਾਂ ਨੂੰ ਹਸਾਉਣ ਵਾਲੀਆਂ ਗੱਲਾਂ ਸ਼ਾਮਲ ਹੁੰਦੀਆਂ ਹਨ। ਇਸੇ ਤਰਾਂ ਪੰਜਾਬ ਦੀ ਸਿਆਸਤ ਵਿੱਚ ਨਵਜੋਤ ਸਿੰਘ ਸਿੱਧੂ, ਪ੍ਰਤਾਪ ਸਿੰਘ ਬਾਜਵਾ, ਸੁਖਪਾਲ ਸਿੰਘ ਖਹਿਰਾ, ਰਾਜਾ ਵੜਿੰਗ ਸਮੇਤ ਕਈ ਅਜਿਹੇ ਨੇਤਾ ਹਨ, ਜਿਹਨਾਂ ਦੀ ਭਾਸ਼ਣ ਦਿੰਦਿਆਂ ਅਕਸਰ ਜ਼ੁਬਾਨ ਫਿਸਲ ਜਾਂਦੀ ਹੈ ਅਤੇ ਉਹ ਜਨਾਨੀਆਂ ਵਾਂਗ ਮਿਹਣੋ ਮਿਹਣੀ ਹੋ ਜਾਂਦੇ ਹਨ।

# ਮਲੇਸ਼ੀਆ ਨੂੰ ਮਿਲਿਆ ਪਹਿਲਾ ਸਿੱਖ ਉਪ ਮੁੱਖ ਮੰਤਰੀ



ਜੌਰਜ ਟਾਊਨ/ਏ.ਟੀ.ਨਿਊਜ਼: ਜਗਦੀਪ ਸਿੰਘ ਦਿਉ ਮਲੇਸ਼ੀਆ 'ਚ ਸਥਿਤ ਪੇਨਾਂਗ ਟਾਪੂ ਦੇ ਉਪ ਮੁੱਖ ਮੰਤਰੀ ਬਣ ਗਏ ਹਨ। ਉਹ ਪੇਨਾਂਗ ਦੇ ਦਾਤੁਕ ਕੇਰਾਮਤ ਤੋਂ ਵਿਧਾਇਕ ਹਨ ਅਤੇ ਪੂਰੇ ਮਲੇਸ਼ੀਆ 'ਚ ਕਿਸੇ ਸੂਬੇ ਦੇ ਪਹਿਲੇ ਸਿੱਖ ਉਪ ਮੁੱਖ ਮੰਤਰੀ ਹੋਣਗੇ। ਉਪ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣ ਤੋਂ ਬਾਅਦ ਉਨ੍ਹਾਂ ਕਿਹਾ ਕਿ ਉਹ ਇਸ ਅਹੁਦੇ ਨੂੰ ਪ੍ਰਾਪਤ ਕਰ ਕੇ ਬਹੁਤ ਸਨਮਾਨਿਤ ਮਹਿਸੂਸ ਕਰ ਰਹੇ ਹਨ ਅਤੇ ਇਸ ਅਹੁਦੇ 'ਤੇ ਰਹਿ ਕੇ ਹਰ ਕਿਸੇ ਦੀ ਸੇਵਾ ਕਰਨਗੇ।

ਪ੍ਰੋ. ਦਾਤੁਕ ਮੁਹੰਮਦ ਅਬਦੁਲ ਹਮੀਦ ਦੇ ਉਪ ਮੁੱਖ ਮੰਤਰੀ-1 ਬਣਨ ਤੋਂ ਬਾਅਦ ਜਗਦੀਪ ਸਿੰਘ ਦਿਉ ਨੂੰ ਉਪ ਮੁੱਖ ਮੰਤਰੀ-2 ਬਣਾਇਆ ਗਿਆ। ਇਸ ਤੋਂ ਪਹਿਲਾਂ ਉਹ ਸਥਾਨਕ ਸਰਕਾਰ ਦੇ ਹਾਊਸਿੰਗ ਸਟੇਟ ਮੰਤਰੀ ਸਨ। ਪੇਨਾਂਗ ਸਰਕਾਰ 'ਚ ਸੱਤ ਨਵੇਂ ਚਿਹਰਿਆਂ ਨੂੰ ਸ਼ਾਮਲ ਕੀਤਾ ਗਿਆ।

ਦਾਤੁਕ ਕੇਰਾਮਤ ਤੋਂ ਚਾਰ ਵਾਰੀ ਵਿਧਾਇਕ ਚੁਣੇ ਗਏ ਜਗਦੀਪ ਸਿੰਘ ਦਿਉ ਮਲੇਸ਼ੀਆ ਦੀ ਪ੍ਰਮੁੱਖ ਸ਼ਖ਼ਸੀਅਤ ਸਵ. ਉੱਤਮ ਕਿਰਪਾਲ ਸਿੰਘ ਦੇ ਸਭ ਤੋਂ ਵੱਡੇ ਪੁੱਤਰ ਹਨ। ਜਗਦੀਪ ਸਿੰਘ ਦਿਉ ਦੇ ਦੋ ਭਰਾ, ਗੋਬਿੰਦ ਸਿੰਘ ਦਿਉ ਅਤੇ ਰਾਮਕ੍ਰਿਪਾਲ ਸਿੰਘ ਵੀ ਮਲੇਸ਼ੀਆ ਦੀ ਸਰਕਾਰ 'ਚ ਅਹਿਮ ਅਹੁਦਿਆਂ 'ਤੇ ਹਨ। ਗੋਬਿੰਦ ਸਿੰਘ ਸਾਬਕਾ ਸੰਚਾਰ ਅਤੇ ਮਲਟੀਮੀਡੀਆ ਮੰਤਰੀ ਹਨ ਜਦਕਿ ਰਾਮਕ੍ਰਿਪਾਲ ਸਿੰਘ ਇਸ ਵੇਲੇ ਪ੍ਰਧਾਨ ਮੰਤਰੀ ਦੇ ਵਿਭਾਗ 'ਚ ਉਪ ਮੰਤਰੀ ਹਨ।

# ਦੁਨੀਆਂ ਲਈ ਵੱਡਾ ਖ਼ਤਰਾ ਬਣਿਆ ਚੀਨ : ਅਮਰੀਕਾ

## ਅਮਰੀਕੀ ਜਨਰਲ ਨੇ ਡਰੈਗਨ ਵਿਰੁੱਧ ਦੱਸੀ ਨਵੀਂ ਯੋਜਨਾ

### ਜਨਰਲ ਕਾਟਨ ਨੂੰ ਚਿੰਤਾ ਹੈ ਕਿ ਜੇਕਰ ਚੀਨ ਅਤੇ ਰੂਸ ਇਕਜੁੱਟ ਹੋ ਗਏ ਤਾਂ ਅਮਰੀਕਾ ਨੂੰ ਨੁਕਸਾਨ ਹੋਵੇਗਾ

ਓਮਾਹਾ/ਏ.ਟੀ.ਨਿਊਜ਼: ਅਮਰੀਕਾ ਅਨੁਸਾਰ ਚੀਨ ਦਿਨੋਂ ਦਿਨ ਦੁਨੀਆਂ ਲਈ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ। ਚੀਨ ਦੇ ਪਰਮਾਣੂ ਵਿਕਾਸ ਪ੍ਰੋਗਰਾਮ 'ਤੇ ਅਮਰੀਕੀ ਰਣਨੀਤਕ ਕਮਾਂਡ ਦੁਆਰਾ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ। ਹੁਣ ਇਸ ਦੇ ਮੁਖੀ ਵੱਲੋਂ ਪਿਛਲੇ ਦਿਨੀਂ ਕਿਹਾ ਗਿਆ ਹੈ ਕਿ ਚੀਨ ਤੇਜ਼ੀ ਨਾਲ ਪਰਮਾਣੂ ਹਥਿਆਰ ਵਿਕਸਿਤ ਕਰ ਰਿਹਾ ਹੈ ਪਰ ਅਮਰੀਕੀ ਫੌਜ ਵੀ ਇਸ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਹੈੱਡਕੁਆਟਰ ਵੱਲੋਂ ਚੀਨ ਦੀਆਂ ਸਾਰੀਆਂ ਗਤੀਵਿਧੀਆਂ, ਉਪਰ ਨਜ਼ਰ ਰੱਖੀ ਜਾ ਰਹੀ ਹੈ। ਉਸ ਦੇ ਅਨੁਸਾਰ, ਚੀਨ ਜ਼ਮੀਨੀ, ਸਮੁੰਦਰੀ ਅਤੇ ਏਅਰ ਫੋਰਸ ਬੇਸਡ- ਡਿਲੀਵਰੀ ਪਲੇਟਫਾਰਮਾਂ ਦੇ ਪਰਮਾਣੂ ਤਿਕੋਣ ਨੂੰ ਤਿਆਰ ਕਰਨ ਵੱਲ ਵਧ ਚੁਕਾ ਹੈ। ਅਮਰੀਕਾ ਕੋਲ



ਵਰਤਮਾਨ ਵਿੱਚ ਵਾਇਮਿੰਗ, ਮੋਂਟਾਨਾ ਅਤੇ ਉੱਤਰੀ ਡਕੋਟਾ ਵਿੱਚ ਹਵਾਈ ਸੈਨਾ ਦੇ ਬੇਸਾਂ 'ਤੇ ਤਾਇਨਾਤ 400 ਮਿੰਟਮੈਨ ਹਨ 9 ਆਈਸੀਬੀਐਮਜ਼ ਤਾਇਨਾਤ ਕੀਤੀ ਹੋਈ ਹੈ। ਅਮਰੀਕੀ ਹਵਾਈ ਸੈਨਾ ਵੀ ਨਵੇਂ ਆਈਸੀਬੀਐਮ ਨੂੰ ਵਿਕਸਤ ਕਰਨ ਵਿੱਚ ਲੱਗੀ ਹੋਈ ਹੈ।ਯੂਐਸ ਏਅਰ ਫੋਰਸ ਦੀ ਯੋਜਨਾ ਸਾਰੀਆਂ ਮਿਜ਼ਾਈਲਾਂ ਅਤੇ ਜ਼ਮੀਨੀ ਲਾਂਚ ਕੰਟਰੋਲ ਸਹੂਲਤਾਂ ਨੂੰ ਨਵੇਂ ਆਈਸੀਬੀਐਮ ਨਾਲ ਬਦਲਣ ਦੀ ਹੈ। ਇਸ ਦਹਾਕੇ ਦੇ ਅੰਤ ਤੱਕ ਚੀਨ ਕੋਲ 1000 ਤੋਂ ਵੱਧ ਪਰਮਾਣੂ ਹਥਿਆਰ ਹੋਣ ਦਾ ਅੰਦਾਜ਼ਾ ਹੈ। ਇਹ ਅੰਕੜਾ ਜਨਵਰੀ ਤੱਕ ਉਸ ਦੇ ਕੋਲ ਮੌਜੂਦ ਅੰਦਾਜ਼ਨ 410 ਤੋਂ ਕਿਤੇ ਜ਼ਿਆਦਾ ਨਵੇਂ ਪਰਮਾਣੂ ਹਥਿਆਰ ਹਨ। ਇਸ ਨਾਲ ਚੀਨ ਅਮਰੀਕਾ ਅਤੇ ਰੂਸ ਦੇ ਬਰਾਬਰ ਆ ਜਾਵੇਗਾ। ਕੀ ਰੂਸ ਅਤੇ ਚੀਨ ਵਿਚਾਲੇ ਹੋ ਸਕਦਾ ਹੈ ਸਮਝੌਤਾ ?

ਰਣਨੀਤਕ ਕਮਾਂਡ ਦੇ ਮੁਖੀ ਜਨਰਲ ਐਂਥਨੀ ਕਾਟਨ ਨੇ ਓਮਾਹਾ ਵਿੱਚ ਆਯੋਜਿਤ ਇੱਕ ਸਮਾਗਮ ਦੌਰਾਨ ਮੀਡੀਆ ਨੂੰ ਦੱਸਿਆ ਕਿ ਸਾਨੂੰ ਅਜਿਹਾ ਕੋਈ ਸੰਕੇਤ ਨਹੀਂ ਦਿਸ ਰਿਹਾ ਹੈ ਕਿ ਚੀਨ ਨੇ ਪਰਮਾਣੂ ਹਥਿਆਰ ਬਣਾਉਣ ਦੀ ਰਫ਼ਤਾਰ ਨੂੰ ਘਟਾ ਦਿੱਤਾ ਹੈ। ਕਾਟਨ ਨੇ ਕਿਹਾ ਕਿ ਇਸ ਸਾਲ ਫਰਵਰੀ ਵਿੱਚ ਉਸਨੇ ਕਾਂਗਰਸ ਨੂੰ ਦੱਸਿਆ ਸੀ ਕਿ ਚੀਨ ਦੇ ਜ਼ਮੀਨੀ ਆਧਾਰਿਤ ਪ੍ਰਣਾਲੀਆਂ, ਜਿਸ ਵਿੱਚ ਰੋਡ ਮੋਬਾਈਲ ਅਤੇ ਸਾਈਲੋ-ਅਧਾਰਿਤ ਦੋਵੇਂ ਸ਼ਾਮਲ ਹਨ, ਅਮਰੀਕਾ ਤੋਂ ਵੱਧ ਹਨ। ਜਨਰਲ ਕਾਟਨ ਨੂੰ ਚਿੰਤਾ ਹੈ ਕਿ ਜੇਕਰ ਚੀਨ ਅਤੇ ਰੂਸ ਇਕਜੁੱਟ ਹੋ ਗਏ ਤਾਂ ਅਮਰੀਕਾ ਨੂੰ ਨੁਕਸਾਨ ਹੋਵੇਗਾ।ਅਮਰੀਕੀ ਜਨਰਲ ਕਾਟਨ ਨੇ ਇਸ ਸਾਲ ਦੇ ਸ਼ੁਰੂ ਵਿੱਚ ਕਾਂਗਰਸ ਨੂੰ ਲਿਖੇ ਪੱਤਰ ਵਿੱਚ ਸੰਸਦ ਮੈਂਬਰਾਂ ਸਾਹਮਣੇ ਚਿੰਤਾ ਜ਼ਾਹਰ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਚੀਨ ਕੋਲ ਇੰਟਰ-ਕੌਂਟੀਨੈਂਟਲ ਬੈਲਿਸਟਿਕ ਮਿਜ਼ਾਈਲਾਂ (ਆਈਸੀਬੀਐਮ) ਦੀ ਗਿਣਤੀ ਅਮਰੀਕਾ ਦੇ ਮੁਕਾਬਲੇ ਘੱਟ ਹੈ ਪਰ ਜ਼ਮੀਨੀ ਅਤੇ ਮੋਬਾਈਲ ਆਈਸੀਬੀਐਮ ਲਾਂਚਰਾਂ ਦੀ ਗਿਣਤੀ ਜ਼ਿਆਦਾ ਹੈ। ਸਾਈਲੋ-ਅਧਾਰਿਤ ਪ੍ਰਣਾਲੀਆਂ ਆਪਣੀ ਥਾਂ ਉਪਰ ਸਥਿਰ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਲੁਕਾਉਣਾ ਔਖਾ ਹੈ ਪਰ ਮੋਬਾਈਲ ਪ੍ਰਣਾਲੀਆਂ ਨਾਲੋਂ ਘੱਟ ਵਿਨਾਸ਼ਕਾਰੀ ਹੁੰਦੀਆਂ ਹਨ। ਮਾਰਚ ਵਿੱਚ ਕਾਂਗਰਸ ਦੀ ਸੁਣਵਾਈ ਦੌਰਾਨ, ਕਾਟਨ ਨੇ ਗਵਾਹੀ ਦਿੱਤੀ ਕਿ ਚੀਨ ਨੇ ਪਿਛਲੇ ਤਿੰਨ ਸਾਲਾਂ ਵਿੱਚ ਸੈਂਕੜੇ ਨਵੇਂ ਆਈਸੀਬੀਐਮ ਸਾਈਲੋ ਬਣਾਏ ਹਨ। ਕਾਟਨ ਨੇ ਦੱਸਿਆ ਕਿ ਚੀਨ ਨੇ ਤਿੰਨ ਨਵੀਆਂ ਮਿਜ਼ਾਈਲਾਂ ਨੂੰ 300 ਤੋਂ ਵੱਧ ਸਾਈਲੋ 'ਤੇ ਫਿੱਟ ਕੀਤਾ ਹੋਇਆ ਹੈ।

# ਫ਼ਿਲਾਡੈਲਫ਼ੀਆ 'ਚ ਜਨਮ ਦਿਨ ਪਾਰਟੀ ਮੌਕੇ ਚੱਲੀਆਂ ਗੋਲੀਆਂ ਨਾਲ ਇੱਕ ਮੌਤ, 8 ਹੋਰ ਜ਼ਖ਼ਮੀ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਪੈਨਸਿਲਵਾਨੀਆ ਰਾਜ ਦੇ ਪੱਛਮੀ ਫ਼ਿਲਾਡੈਲਫ਼ੀਆ ਸ਼ਹਿਰ ਵਿੱਚ ਇੱਕ ਜਨਮ ਦਿਨ ਬਲਾਕ ਪਾਰਟੀ ਦੌਰਾਨ ਤੜਕਸਾਰ ਗੋਲੀ ਚੱਲ ਜਾਣ ਦੇ ਸਿੱਟੇ ਵਜੋਂ 9 ਲੋਕਾਂ ਦੇ ਜ਼ਖਮੀ ਹੋਣ ਦੀ ਖ਼ਬਰ ਹੈ ਜਿਨ੍ਹਾਂ ਵਿਚੋਂ ਇੱਕ ਦੀ ਮੌਤ ਹੋ ਗਈ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਗੋਲੀਬਾਰੀ ਵਿੱਚ ਇੱਕ 19 ਸਾਲਾ ਨੌਜਵਾਨ ਦੀ ਮੌਤ ਹੋ ਗਈ ਹੈ। ਜਿਸ ਦੇ ਚਿਹਰੇ 'ਤੇ ਸਰੀਰ ਉਪਰ ਗੋਲੀਆਂ ਵੱਜੀਆਂ ਹਨ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀਬਾਰੀ ਦੌਰਾਨ ਇੱਕ ਤੋਂ ਵਧ ਹਥਿਆਰਾਂ ਦੀ ਵਰਤੋਂ ਕੀਤੀ ਗਈ ਹੈ।

ਇਹ ਘਟਨਾ ਅੱਧੀ ਰਾਤ ਤੋਂ ਬਾਅਦ 1.30 ਵਜੇ ਤੜਕਸਾਰ ਵਾਪਰੀ। ਫ਼ਿਲਾਡੈਲਫ਼ੀਆ ਪੁਲਿਸ ਦੇ ਇਕ ਬੁਲਾਰੇ ਅਨੁਸਾਰ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫ਼ਸਰ ਮੌਕੇ ਉਪਰ ਪੁੱਜੇ ਤਾਂ ਉਥੇ ਭਾਰੀ ਭੀੜ ਮੌਜੂਦ ਸੀ ਤੇ ਪੀੜਤਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਬੁਲਾਰੇ ਅਨੁਸਾਰ ਅਜੇ ਇਸ ਮਾਮਲੇ ਵਿੱਚ ਕੋਈ ਗ੍ਰਿਫਤਾਰੀ ਨਹੀਂ ਹੋਈ ਤੇ ਨਾ ਹੀ ਗੋਲੀ ਚੱਲਣ ਦਾ ਕਾਰਨ ਸਪੱਸ਼ਟ ਹੋ ਸਕਿਆ ਹੈ। ਨਾ ਹੀ ਇਹ ਪਤਾ ਲੱਗ ਸਕਿਆ ਹੈ ਕਿ ਗੋਲੀ ਚਲਾਉਣ ਵਾਲੇ ਕਿੰਨੇ ਸਨ। ਪੁਲਿਸ ਅਨੁਸਾਰ ਮੌਕੇ ਤੋਂ 4 ਦਰਜਨ ਤੋਂ ਵਧ ਕਾਰਤੂਸਾਂ ਦੇ ਖੋਲ

(ਬਾਕੀ ਸਫ਼ਾ 29 'ਤੇ)

# ਗੁਰਦੁਆਰਾ ਸਿੱਖ ਐਸੋਸੀਏਸ਼ਨ ਬਾਲਟੀਮੋਰ ਵਿਖੇ ਕਰਵਾਇਆ ਧਾਰਮਿਕ ਸਮਾਗਮ

ਬਾਲਟੀਮੋਰ/ਏ.ਟੀ.ਨਿਊਜ਼ : ਸਿੱਖ ਕੌਮ ਦੇ ਮਹਾਨ ਵਿਦਵਾਨ ਕਥਾ ਵਾਚਕ ਸਤਿਕਾਰਯੋਗ ਬਾਬਾ ਬੰਤਾ ਸਿੰਘ ਅੱਜ ਕੱਲ੍ਹ ਅਮਰੀਕਾ ਦੇ ਦੌਰੇ 'ਤੇ ਹਨ,ਜੋ ਅੰਸ਼ ਬੰਸ ਬਾਬਾ ਬਿੱਧੀ ਚੰਦ ਜੀ ਦੇ ਵਿੱਚੋ ਹਨ। ਉਹਨਾਂ ਨੇ ਗੁਰਦੁਆਰਾ ਸਾਹਿਬ ਸਿਲਵਰ ਸਪ੍ਰਿੰਗ, ਗੁਰਦੁਆਰਾ ਸਿੰਘ ਸਭਾ ਵਰਜੀਨੀਆਂ ਅਤੇ ਬੀਤੇਂ ਦਿਨ ਦੀਵਾਨ ਗੁਰਦੁਆਰਾ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਵਿਖੇ ਲਗਭੱਗ ਦੋ ਘੰਟੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਬਾਬਾ ਜੀ ਨੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਭਾਈ ਨੰਦ ਲਾਲ ਜੀ, ਭਾਈ ਗੁਰਦਾਸ ਜੀ, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼ ਅਤੇ ਹੋਰ ਵੀ ਬਹੁਤ ਸਾਰੀਆਂ ਧਾਰਮਿਕ ਪੁਸਤਕਾਂ ਦੇ ਹਵਾਲੇ ਦੇ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਦੀਵਾਨ ਤੋਂ ਬਾਅਦ ਉਹ ਨੂਰ-ਏ-ਖਾਲਸਾ ਨਿਵਾਸ 'ਤੇ ਬਾਬਾ ਜੀ ਨੇ ਸੰਗਤਾਂ ਸਮੇਤ ਦਰਸ਼ਨ ਦੀਦਾਰੇ ਦਿੱਤੇ ਅਤੇ ਸ਼ਾਮ ਨੂੰ ਉਹ ਸਥਾਨਕ ਭਾਈ ਗੁਰਵਿੰਦਰ ਸਿੰਘ ਦੇ ਗ੍ਰਹਿ ਵਿਖੇ ਹਾਜ਼ਰੀ ਭਰੀ।





ALL STATE INSURANCE

Allstate. You're in good hands.

ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital services

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ

- ਇਡੀਅਨ ਪਾਸਪੋਰਟ
- ਇਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਲਿਬੀਆ 'ਚ ਬੰਦੀ ਬਣਾਏ ਪੰਜਾਬ ਤੇ ਹਰਿਆਣਾ ਦੇ 17 ਨੌਜਵਾਨ ਸੁਰੱਖਿਅਤ ਵਾਪਸ ਲਿਆਂਦੇ

ਨਵੀਂ ਦਿੱਲੀ/ ਏ.ਟੀ.ਨਿਊਜ਼ :

ਵਿਦੇਸ਼ ਮੰਤਰਾਲੇ ਦੀਆਂ ਲਗਾਤਾਰ ਕੋਸ਼ਿਸ਼ਾਂ ਸਦਕਾ ਲਿਬੀਆ 'ਚ ਇੱਕ ਹਥਿਆਰਬੰਦ ਗੁੱਟ ਵੱਲੋਂ ਬੰਦੀ ਬਣਾਏ ਗਏ 17 ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਕੱਢ ਕੇ ਭਾਰਤ ਵਾਪਸ ਲਿਆਂਦਾ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਇਹ ਭਾਰਤੀ ਨਾਗਰਿਕ ਪੰਜਾਬ ਅਤੇ ਹਰਿਆਣਾ ਨਾਲ ਸਬੰਧਿਤ ਹਨ ਅਤੇ ਉਹ ਐਤਵਾਰ ਸ਼ਾਮ ਦਿੱਲੀ ਪੁੱਜੇ।



ਸੂਤਰਾਂ ਨੇ ਦੱਸਿਆ ਕਿ ਟਿਊਨਿਸ਼ 'ਚ ਭਾਰਤੀ ਸਫ਼ਾਰਤਖ਼ਾਨੇ ਨੇ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਕੱਢਣ 'ਚ ਅਹਿਮ ਭੂਮਿਕਾ ਨਿਭਾਈ। ਲਿਬੀਆ 'ਚ ਫਸੇ ਹੋਏ ਭਾਰਤੀ ਨਾਗਰਿਕਾਂ ਦੇ ਪਰਿਵਾਰਕ ਮੈਂਬਰਾਂ ਨੇ 26 ਮਈ ਨੂੰ ਟਿਊਨਿਸ 'ਚ ਭਾਰਤੀ ਸਫ਼ਾਰਤਖ਼ਾਨੇ ਦੇ ਧਿਆਨ 'ਚ ਇਹ ਮਾਮਲਾ ਲਿਆਂਦਾ ਸੀ। ਸੂਤਰਾਂ ਨੇ ਕਿਹਾ ਕਿ ਇਟਲੀ ਭੇਜਣ ਦੇ ਨਾਮ 'ਤੇ ਨੌਜਵਾਨਾਂ ਨੂੰ ਲਿਬੀਆ ਭੇਜ ਦਿੱਤਾ ਗਿਆ ਸੀ ਜਿਥੇ ਜ਼ਵਾਰਾ ਸ਼ਹਿਰ 'ਚ ਹਥਿਆਰਬੰਦ ਗੁੱਟ ਨੇ ਉਨ੍ਹਾਂ ਨੂੰ ਬੰਦੀ ਬਣਾ ਲਿਆ ਸੀ। ਟਿਊਨਿਸ 'ਚ ਭਾਰਤੀ ਸਫ਼ਾਰਤਖ਼ਾਨੇ ਨੇ ਮਈ ਤੇ ਜੂਨ 'ਚ ਲਿਬੀਆ ਦੇ ਅਧਿਕਾਰੀਆਂ ਨਾਲ ਲਗਾਤਾਰ ਮਾਮਲਾ ਚੁੱਕਿਆ। ਲਿਬੀਆ ਪ੍ਰਸ਼ਾਸਨ ਨੇ 13 ਜੂਨ ਨੂੰ ਭਾਰਤੀ ਨਾਗਰਿਕਾਂ ਨੂੰ ਬਚਾਉਣ 'ਚ ਸਫ਼ਲਤਾ ਹਾਸਲ ਕੀਤੀ ਸੀ ਪਰ ਗ਼ੈਰਕਾਨੂੰਨੀ ਢੰਗ ਨਾਲ ਮੁਲਕ 'ਚ ਦਾਖ਼ਲ ਹੋਣ ਦੇ ਦੋਸ਼ ਹੇਠ ਉਨ੍ਹਾਂ ਨੂੰ ਆਪਣੀ ਹਿਰਾਸਤ 'ਚ ਰੱਖਿਆ। ਟਿਊਨਿਸ 'ਚ ਭਾਰਤੀ ਸਫ਼ੀਰ ਅਤੇ ਦਿੱਲੀ 'ਚ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਦੇ ਦਖ਼ਲ ਮਗਰੋਂ ਲਿਬੀਆ ਦੇ ਅਧਿਕਾਰੀ ਉਨ੍ਹਾਂ ਨੂੰ ਰਿਹਾਅ ਕਰਨ ਲਈ ਸਹਿਮਤ ਹੋਏ। ਲਿਬੀਆ 'ਚ ਰਹਿਣ ਦੌਰਾਨ ਭਾਰਤੀ ਸਫ਼ਾਰਤਖ਼ਾਨੇ ਨੇ ਉਨ੍ਹਾਂ ਦੀਆਂ ਹਰ ਤਰ੍ਹਾਂ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਿਆ। ਉਨ੍ਹਾਂ ਕੋਲ ਪਾਸਪੋਰਟ ਨਾ ਹੋਣ ਕਾਰਨ ਹੰਗਾਮੀ ਸਰਟੀਫਿਕੇਟ ਜਾਰੀ ਕੀਤੇ ਗਏ। ਭਾਰਤ ਪਰਤਣ ਲਈ ਟਿਕਟਾਂ ਦਾ ਪ੍ਰਬੰਧ ਵੀ ਭਾਰਤੀ ਸਫ਼ਾਰਤਖ਼ਾਨੇ ਨੇ ਕੀਤਾ। ਭਾਰਤੀ 20 ਅਗਸਤ ਨੂੰ ਸੁਰੱਖਿਅਤ ਮੁਲਕ ਪਰਤ ਆਏ।

**ਜੈਸ਼ੰਕਰ ਵੱਲੋਂ ਭਾਰਤੀ ਸਫ਼ਾਰਤਖ਼ਾਨੇ ਦੀ ਸ਼ਲਾਘਾ**

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ 'ਐਕਸ' 'ਤੇ ਪੋਸਟ ਪਾ ਕੇ ਟਿਊਨਿਸ਼ੀਆ 'ਚ ਭਾਰਤੀ ਸਫ਼ਾਰਤਖ਼ਾਨੇ ਵੱਲੋਂ ਭਾਰਤੀਆਂ ਦੀ ਲਿਬੀਆ ਤੋਂ ਸੁਰੱਖਿਅਤ ਵਾਪਸੀ ਕਰਾਉਣ ਲਈ ਉਨ੍ਹਾਂ ਦੇ ਚੰਗੇ ਕੰਮ ਦੀ ਸ਼ਲਾਘਾ ਕੀਤੀ ਹੈ। ਜੈਸ਼ੰਕਰ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਇੰਡੀਅਨ ਕਮਿਊਨਿਟੀ ਵੈਲਫੇਅਰ ਫੰਡ ਨੂੰ ਮਜ਼ਬੂਤ ਬਣਾਉਣਾ, ਖਾਸ ਤੌਰ 'ਤੇ ਅਜਿਹੇ ਮੌਕਿਆਂ ਲਈ ਲਾਹੇਵੰਦ ਹੈ।

**ਵਿਕਰਮਜੀਤ ਸਿੰਘ ਸਾਹਨੀ ਨੇ ਵੀ ਅਹਿਮ ਭੂਮਿਕਾ ਨਿਭਾਈ**

ਨਵੀਂ ਦਿੱਲੀ: 'ਆਪ' ਦੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਵੀ ਨੌਜਵਾਨਾਂ ਦੀ ਲਿਬੀਆ ਤੋਂ ਭਾਰਤ ਵਾਪਸੀ 'ਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਪਹਿਲਾਂ ਇਨ੍ਹਾਂ ਨੌਜਵਾਨਾਂ ਨਾਲ ਸੰਪਰਕ ਬਣਾਇਆ ਸੀ ਅਤੇ ਬਾਅਦ 'ਚ ਵਿਦੇਸ਼ ਮੰਤਰਾਲੇ ਕੋਲ ਪਹੁੰਚ ਬਣਾ ਕੇ ਉਨ੍ਹਾਂ ਦੀ ਲਿਬੀਆ ਤੋਂ ਸੁਰੱਖਿਅਤ ਵਾਪਸੀ ਯਕੀਨੀ ਬਣਾਈ। ਸਾਹਨੀ ਨੇ ਸੋਸ਼ਲ ਮੀਡੀਆ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਨੌਜਵਾਨਾਂ ਨਾਲ ਧੋਖਾ ਕਰਨ ਵਾਲੇ ਏਜੰਟਾਂ ਖ਼ਿਲਾਫ਼ ਫੌਰੀ ਕਾਰਵਾਈ ਕਰਨ।

## 2024 ਦੀ ਚੋਣ ਨਹੀਂ ਲੜੇਗਾ ਸੰਨੀ ਦਿਉਲ

### ਅਦਾਕਾਰ ਬਣ ਕੇ ਦੇਸ਼ ਦੀ ਚੰਗੀ ਸੇਵਾ ਕਰਨ ਦਾ ਐਲਾਨ



ਗੁਰਦਾਸਪੁਰ/ਏ.ਟੀ.ਨਿਊਜ਼: ਗੁਰਦਾਸਪੁਰ ਤੋਂ ਐੱਮ ਪੀ ਸੰਨੀ ਦਿਉਲ ਨੇ 2024 ਵਿੱਚ ਲੋਕ-ਸਭਾ ਚੋਣ ਨਾ ਲੜਨ ਦਾ ਐਲਾਨ ਕਰ ਦਿੱਤਾ ਹੈ । ਫ਼ਿਲਮ ਗ਼ਦਰ 2 ਦੇ ਬਾਕਸ ਆਫ਼ਿਸ 'ਤੇ ਹਿੱਟ ਹੋਣ ਤੋਂ ਬਾਅਦ ਸੰਨੀ ਦਿਉਲ ਨੇ ਸਿਆਸਤ ਨੂੰ ਅਲਵਿਦਾ ਕਹਿ ਦਿੱਤਾ ਹੈ। ਉਨ੍ਹਾਂ ਨੇ ਕਿਹਾ ਮੈਂ ਅਦਾਕਾਰ ਦੇ ਤੌਰ 'ਤੇ ਕੰਮ ਕਰਾਂਗਾ। ਸੰਨੀ ਦਿਉਲ ਨੇ ਕਿਹਾ ਤੁਸੀਂ ਇੱਕ ਜੌਬ ਕਰ ਸਕਦੇ ਹੋ ਮਲਟੀਪਲ ਜੌਬ ਨਹੀਂ ਕਰ ਸਕਦੇ ਹੋ, ਮੈ ਜਦੋਂ ਸਿਆਸਤ ਵਿੱਚ ਆਇਆ ਸੀ ਤਾਂ ਸੋਚਿਆ ਸੀ ਕਿ ਕੁਝ ਬਿਹਤਰ ਕਰਾਂਗਾ ਪਰ ਮੈ ਸੋਚਿਆ ਕਿ ਮੈਂ ਐਕਟਰ ਦੇ ਜ਼ਰੀਏ ਵੀ ਲੋਕਾਂ ਲਈ ਕੁਝ ਕਰ ਸਕਦਾ ਹਾਂ, ਕਿਉਂਕਿ ਜਨਤਾ ਦਾ ਪਿਆਰ ਬਹੁਤ ਜ਼ਿਆਦਾ ਮਿਲ ਰਿਹਾ ਹੈ।

ਸੰਨੀ ਦਿਉਲ ਨੇ ਕਿਹਾ ਕਿ ਅਦਾਕਾਰ ਰਹਿੰਦੇ ਹੋਏ ਜੋ ਮੇਰਾ ਦਿਲ ਕਰੇਗਾ ਉਹ ਮੈਂ ਕਰ ਸਕਦਾ ਹਾਂ ਅਤੇ ਸਿਆਸਤ ਵਿੱਚ ਮੈਂ ਅਜਿਹਾ ਨਹੀਂ ਕਰ ਸਕਦਾ, ਮੈਨੂੰ ਕਰਨਾ ਪਏ ਤਾਂ ਮੇਰੇ ਤੋਂ ਬਰਦਾਸ਼ਤ ਨਹੀਂ ਹੁੰਦਾ । ਮੈਂ ਪਾਰਲੀਮੈਂਟ ਜਾਂਦਾ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਦੇਸ਼ ਚਲਾਉਣ ਵਾਲੇ ਲੋਕ ਬੈਠੇ ਹਨ । ਸਾਰੀਆਂ ਪਾਰਟੀਆਂ ਦੇ ਆਗੂ ਬੈਠੇ ਹਨ, ਪਰ ਉਹ ਕਿਵੇਂ ਦਾ ਵਤੀਰਾ ਕਰ ਰਹੇ ਹਨ, ਉਹ ਦੂਜਿਆਂ ਨੂੰ ਬੋਲਦੇ ਹਨ ਪਰ ਆਪਣਾ ਵਤੀਰਾ ਵੇਖਣ।

ਜਦੋਂ ਚੀਜ਼ਾਂ ਠੀਕ ਨਹੀਂ ਨਜ਼ਰ ਆਉਂਦੀਆਂ ਹਨ ਤਾਂ ਲੱਗਦਾ ਹੈ ਕਿ ਮੈਂ ਕਿਧਰੇ ਹੋਰ ਚਲਾ ਜਾਵਾ। ਮੈਂ 2024 ਵਿੱਚ ਕੋਈ ਚੋਣ ਨਹੀਂ ਲੜਾਂਗਾ । ਮੇਰੀ ਚੋਣ ਅਦਾਕਾਰ ਦੇ ਰੂਪ ਵਿੱਚ ਹੀ ਰਹੇਗੀ, ਮੈਂ ਇਸੇ ਤਰ੍ਹਾਂ ਦੇਸ਼ ਦੀ ਸੇਵਾ ਕਰਦਾ ਰਹਾਂਗਾ, ਜਿਵੇਂ ਮੈਂ ਕਰਦਾ ਆ ਰਿਹਾ ਸੀ। ਮੈਨੂੰ ਯਕੀਨ ਹੈ ਕਿ ਇੱਕ ਅਦਾਕਾਰ ਹੋਣ ਦੇ ਨਾਤੇ ਮੈਂ ਚੰਗੀ ਤਰ੍ਹਾਂ ਨੌਜਵਾਨਾਂ ਅਤੇ ਦੇਸ਼ ਦੀ ਸੇਵਾ ਕਰ ਸਕਦਾ ਹਾਂ।

ਸੰਨੀ ਦਿਉਲ ਨੇ ਕਿਹਾ ਜੇਕਰ 2024 ਵਿੱਚ ਬੀਜੇਪੀ ਚੋਣ ਲੜਨ ਦੇ ਲਈ ਕਹਿੰਦੀ ਹੈ ਤਾਂ ਉਹ ਮਨਾ ਕਰ ਦੇਣਗੇ।

## ਅਕਾਲ ਤਖ਼ਤ ਸਾਹਿਬ ਵੱਲੋਂ ਪਾਬੰਦੀ ਕਾਰਨ ਪਿੰਡ ਤੱਲ੍ਹਣ ਦੇ ਗੁਰਦੁਆਰੇ ਵਿੱਚ ਹੁਣ ਨਹੀਂ ਚੜ੍ਹਨਗੇ ਖਿਡੌਣਾ ਜਹਾਜ਼

ਜਲੰਧਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗੁਰੂ ਘਰਾਂ ਵਿੱਚ ਜਹਾਜ਼ ਚੜ੍ਹਾਉਣ 'ਤੇ ਰੋਕ ਲਾਉਣ ਦੇ ਐਲਾਨ ਨਾਲ ਹੀ ਦੋਆਬੇ ਦੇ ਚਰਚਿਤ ਪਿੰਡ ਤੱਲ੍ਹਣ ਦੇ ਗੁਰਦੁਆਰਾ ਸ਼ਹੀਦਾਂ ਸੰਤ ਨਿਹਾਲ ਸਿੰਘ ਜੀ ਵਿਖੇ ਜਹਾਜ਼ ਚੜ੍ਹਾਉਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇੱਥੇ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨ ਰੋਜ਼ਾਨਾ ਹੀ ਦਰਜਨਾਂ ਖਿਡੌਣੇ ਜਹਾਜ਼ ਚੜ੍ਹਾਉਂਦੇ ਹਨ। ਨੌਜਵਾਨਾਂ ਦਾ ਮੰਨਣਾ ਹੈ ਕਿ ਜਹਾਜ਼ ਚੜ੍ਹਾਉਣ ਨਾਲ ਉਨ੍ਹਾਂ ਦੀ ਵਿਦੇਸ਼ ਜਾਣ ਦੀ ਸੁੱਖ ਪੂਰੀ ਹੋ ਜਾਂਦੀ ਹੈ।

ਗੁਰਦੁਆਰੇ ਦੇ ਮੈਨੇਜਰ ਬਲਜੀਤ ਸਿੰਘ ਨੇ ਦੱਸਿਆ ਕਿ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ।

## ਡਾਂਗਮਾਰ ਸਾਹਿਬ ਦੇ ਮਾਮਲੇ 'ਚ ਸਿੱਕਮ ਸਰਕਾਰ ਦਾ ਰਵੱਈਆ ਟਾਲਮਟੋਲ ਵਾਲਾ

### ਸ਼੍ਰੋਮਣੀ ਕਮੇਟੀ ਦੇ ਪ੍ਰਤੀਨਿਧੀਆਂ ਨੇ ਕਿਹਾ ਕਿ ਸਰਕਾਰ ਮਾਮਲਾ ਹੱਲ ਕਰੇ , ਸਿੱਖ ਵਿਰੋਧੀ ਭੂਮਿਕਾ ਨਾ ਨਿਭਾਵੇ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਗੁਰਦੁਆਰਾ ਡਾਂਗਮਾਰ ਸਾਹਿਬ ਦੇ ਮਾਮਲੇ ਵਿੱਚ ਸਿੱਕਮ ਸਰਕਾਰ ਦਾ ਰਵੱਈਆ ਠੀਕ ਨਹੀਂ ਹੈ। ਅਦਾਲਤ ਦੇ ਆਦੇਸ਼ 'ਤੇ ਸਿੱਕਮ ਸਰਕਾਰ ਦੇ ਐਡਵੋਕੇਟ ਜਨਰਲ ਵੱਲੋਂ ਅਦਾਲਤ 'ਚ ਦਿੱਤੇ ਬਿਆਨ ਦੇ ਬਾਵਜੂਦ ਵੀ ਸਰਕਾਰ ਬਣਦੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ।



ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਗੁਰਦੁਆਰਾ ਡਾਂਗਮਾਰ ਸਾਹਿਬ ਬਾਰੇ ਸਬ-ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਕੀਤਾ ਹੈ। ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਆਖਿਆ ਹੈ ਕਿ ਸਿੱਕਮ ਹਾਈ ਕੋਰਟ ਵੱਲੋਂ 27 ਅਪ੍ਰੈਲ 2023 ਨੂੰ ਅਦਾਲਤ ਦੇ ਬਾਹਰ ਇਹ ਮਾਮਲਾ ਹੱਲ ਕਰਨ ਦਾ ਆਦੇਸ਼ ਦਿਤਾ ਗਿਆ ਸੀ, ਜਿਸ ਮਗਰੋਂ ਸਰਕਾਰ ਦੀ ਜ਼ਿੰਮੇਵਾਰੀ ਬੇਹੱਦ ਅਹਿਮ ਸੀ ਕਿਉਂਕਿ ਅਦਾਲਤ ਨੇ ਇਹ ਆਦੇਸ਼ ਸਿੱਕਮ ਸਰਕਾਰ ਦੇ ਐਡਵੋਕੇਟ ਜਨਰਲ ਵੱਲੋਂ ਅਦਾਲਤ ਵਿੱਚ ਦਿੱਤੇ ਬਿਆਨ ਦੇ ਆਧਾਰ 'ਤੇ ਕੀਤਾ ਸੀ। ਐਡਵੋਕੇਟ ਸਿਆਲਕਾ ਨੇ ਕਿਹਾ ਕਿ ਸਰਕਾਰੀ ਐਡਵੋਕੇਟ ਜਨਰਲ ਵੱਲੋਂ ਕਿਹਾ ਗਿਆ ਸੀ ਕਿ ਇਸ ਮਾਮਲੇ ਨੂੰ ਦੋਵੇਂ ਧਿਰਾਂ ਆਪਸੀ ਸਹਿਮਤੀ ਨਾਲ ਅਦਾਲਤ ਤੋਂ ਬਾਹਰ ਗੱਲਬਾਤ ਕਰ ਕੇ ਸੁਖਾਵੇਂ ਹੱਲ ਲਈ ਯਤਨਸ਼ੀਲ ਹਨ। ਇਸ ਮਗਰੋਂ ਅਦਾਲਤ ਨੇ ਅਗਲੀ ਤਾਰੀਕ 18 ਅਗਸਤ 2023 ਨਿਰਧਾਰਤ ਕੀਤੀ ਸੀ। ਉਨ੍ਹਾਂ ਕਿਹਾ ਕਿ ਅਦਾਲਤ ਦੇ ਆਦੇਸ਼ ਨੂੰ ਅਮਲ ਵਿੱਚ ਲਿਆਉਣ ਲਈ ਇਸੇ ਦਰਮਿਆਨ ਸਿੱਖ ਕੌਮ ਦੇ ਪੱਖ ਤੋਂ ਪੇਸ਼ ਹੋਏ ਵਕੀਲ ਨਵੀਨ ਬਾਰਿਕ ਵੱਲੋਂ ਦੋ ਵਾਰ ਸਿੱਕਮ ਸਰਕਾਰ ਦੇ ਐਡਵੋਕੇਟ ਜਨਰਲ ਨੂੰ ਲਿਖਿਆ ਗਿਆ, ਪਰ ਉਨ੍ਹਾਂ ਵੱਲੋਂ ਇਸ 'ਤੇ ਕੋਈ ਜਵਾਬੀ ਕਾਰਵਾਈ ਨਹੀਂ ਕੀਤੀ ਗਈ। ਐਡਵੋਕੇਟ ਸਿਆਲਕਾ ਨੇ ਕਿਹਾ ਕਿ ਹੁਣ ਜਦੋਂ ਅਦਾਲਤ ਵਿੱਚ 18 ਅਗਸਤ ਨੂੰ ਸੁਣਵਾਈ ਹੋਈ ਤਾਂ ਸਰਕਾਰ ਦੇ ਐਡਵੋਕੇਟ ਜਨਰਲ ਨੇ ਕੋਈ ਸੰਤੁਸ਼ਟੀਜਨਕ ਜਵਾਬ ਨਹੀਂ ਪੇਸ਼ ਕੀਤਾ ਤੇ ਹੋਰ ਸਮਾਂ ਮੰਗਿਆ।

ਦੂਸਰੇ ਪਾਸੇ ਇਸ ਸੁਣਵਾਈ ਦੌਰਾਨ ਗੁਰਦੁਆਰਾ ਸਿੰਘ ਸਭਾ ਸਿਲੀਗੁੜੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸੀਨੀਅਰ ਐਡਵੋਕੇਟ ਏਪੀਐੱਸ ਆਹਲੂਵਾਲੀਆ ਅਤੇ ਨਵੀਨ ਬਾਰਿਕ ਨੇ ਦਲੀਲ ਦਿੰਦਿਆਂ ਇਸ ਇਤਿਹਾਸਕ ਗੁਰਧਾਮ ਨਾਲ ਸਬੰਧਿਤ ਦਸਤਾਵੇਜ਼ ਪੇਸ਼ ਕੀਤੇ ਅਤੇ ਇਤਿਹਾਸ ਦੇ ਹਵਾਲਿਆਂ ਰਾਹੀਂ ਇਸ ਦੀ ਪ੍ਰਮਾਣਿਕਤਾ ਨੂੰ ਦਰਜ ਕੀਤਾ। ਇਸ ਦੇ ਨਾਲ ਹੀ ਸਮੇਂ-ਸਮੇਂ ਭਾਰਤੀ ਫ਼ੌਜ ਦੀਆਂ ਸਿੱਖ ਤੇ ਪੰਜਾਬ ਬਟਾਲੀਅਨਾਂ ਵੱਲੋਂ ਉਥੇ ਲਗਾਈਆਂ ਗਈਆਂ ਯਾਦਗਾਰੀ ਸਿੱਲਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ, ਜੋ ਅੱਜ ਵੀ ਉਥੇ ਮੌਜੂਦ ਹਨ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਹੈ ਕਿ ਸਮੇਂ-ਸਮੇਂ ਸਰਕਾਰਾਂ ਦੇ ਨੁਮਾਇੰਦੇ ਵੀ ਇਸ ਗੁਰ-ਅਸਥਾਨ ਨੂੰ (ਬਾਕੀ ਸਫ਼ਾ 31 'ਤੇ)

## ਯੂ.ਪੀ. 'ਚ ਰਚੀ ਗਈ ਸੀ ਸਿੱਧੂ ਮੂਸੇਵਾਲਾ ਕਤਲ ਕਾਂਡ ਦੀ ਸਾਰੀ ਸਾਜ਼ਿਸ਼

ਨਵੀਂ ਦਿੱਲੀ/ਏ.ਟੀ.ਨਿਊਜ਼ : ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਦੀ ਸਾਰੀ ਸਾਜ਼ਿਸ਼ ਉੱਤਰ ਪ੍ਰਦੇਸ਼ (ਯੂਪੀ) ਵਿੱਚ ਬੈਠ ਕੇ ਰਚੀ ਗਈ ਸੀ। ਇਹ ਪਹਿਲਾ ਵੱਡਾ ਖ਼ੁਲਾਸਾ ਹੋਇਆ ਹੈ। ਇਹ ਵੀ ਪਤਾ ਲੱਗਾ ਹੈ ਕਿ ਯੂ. ਪੀ. ਦੇ ਅਯੁੱਧਿਆ 'ਚ ਇਸ ਕਤਲ ਨੂੰ ਅੰਜਾਮ ਦੇਣ ਦੀ ਟਰੇਨਿੰਗ ਦਿੱਤੀ ਗਈ ਸੀ। ਇਸ ਦੇ ਲਈ ਇਹ ਸ਼ੂਟਰ ਅਯੁੱਧਿਆ ਵਿੱਚ ਇੱਕ ਬਦਮਾਸ਼ ਦੇ ਫਾਰਮ ਹਾਊਸ ਵਿੱਚ ਰੁਕੇ ਸਨ। ਹਥਿਆਰਾਂ ਦੀ ਵਰਤੋਂ ਕਰਨ ਦੀ ਸਿਖਲਾਈ ਵੀ ਦਿੱਤੀ ਜਾਂਦੀ ਸੀ। ਸਿੱਧੂ ਮੂਸੇਵਾਲਾ ਕਤਲ ਕਾਂਡ ਤੇ ਲਾਰੈਂਸ ਬਿਸ਼ਨੋਈ ਗੈਂਗ ਦੇ ਯੂਪੀ ਕੁਨੈਕਸ਼ਨ ਦਾ ਵੱਡਾ ਖੁਲਾਸਾ ਕਈ ਤਸਵੀਰਾਂ ਤੋਂ ਹੋਇਆ ਹੈ। ਸਿੱਧੂ ਮੂਸੇਵਾਲਾ ਦੇ ਕਤਲ 'ਚ ਵਰਤਿਆ ਗਿਆ ਆਧੁਨਿਕ ਹਥਿਆਰ ਤੁਸੀਂ ਪਹਿਲੀ ਵਾਰ ਦੇਖ ਸਕਦੇ ਹੋ।



ਇਹ ਤਸਵੀਰਾਂ ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ ਕੁਝ ਦਿਨ ਪਹਿਲਾਂ ਦੀਆਂ ਹਨ। ਸਚਿਨ ਥਾਪਨ, ਜਿਸ ਨੇ ਸਿੱਧੂ ਮੂਸੇਵਾਲਾ ਕਤਲ ਕਾਂਡ ਦੀ ਸਾਜਿਸ਼ ਰਚੀ ਸੀ ਅਤੇ ਹਾਲ ਹੀ ਵਿੱਚ ਅਜ਼ਰਬਾਈਜਾਨ ਤੋਂ ਡਿਪੋਰਟ ਕੀਤਾ ਗਿਆ ਸੀ, ਤਸਵੀਰਾਂ ਵਿੱਚ ਦਿਖਾਈ ਦੇ ਰਿਹਾ ਹੈ। ਇਸ ਤਸਵੀਰ 'ਚ ਸਚਿਨ ਥਾਪਨ ਨਾਲ ਲਾਰੈਂਸ ਬਿਸ਼ਨੋਈ ਗੈਂਗ ਦੇ ਸਾਰੇ ਸ਼ੂਟਰ ਵੀ ਨਜ਼ਰ ਆ ਰਹੇ ਹਨ। ਸ਼ੂਟਰਾਂ, ਜਿਨ੍ਹਾਂ 'ਚੋਂ ਕਈਆਂ ਨੇ ਸਿੱਧੂ ਮੂਸੇਵਾਲਾ 'ਤੇ ਗੋਲੀਆਂ ਚਲਾਈਆਂ। ਇਹ ਸਾਰੇ ਅਯੁੱਧਿਆ ਅਤੇ ਲਖਨਊ ਵਿੱਚ ਘੁੰਮਦੇ ਨਜ਼ਰ ਆ ਰਹੇ ਹਨ।

**ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਸਦ 'ਚ ਦਿੱਤਾ ਬਿਆਨ**

ਦੱਸ ਦੇਈਏ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਸ਼ਾਮਲ ਸ਼ੂਟਰ ਸਚਿਨ ਥਾਪਨ ਦੀ ਅਜ਼ਰਬਾਈਜਾਨ ਵਿੱਚ ਗ੍ਰਿਫ਼ਤਾਰੀ ਨੂੰ ਲੈ ਕੇ ਸੰਸਦ ਵਿਚ ਬਿਆਨ ਦਿੱਤਾ ਸੀ ਕਿ ਕਿਵੇਂ ਉਸੇ ਸਚਿਨ ਥਾਪਨ ਨੇ ਯੂਪੀ ਵਿੱਚ ਰਹਿ ਕੇ ਸਿੱਧੂ ਮੂਸੇਵਾਲਾ ਕਤਲ ਕਾਂਡ ਨੂੰ ਅੰਜਾਮ ਦੇਣ ਲਈ ਡੂੰਘੀ ਸਾਜ਼ਿਸ਼ ਰਚੀ। ਮੂਸੇਵਾਲਾ ਕਤਲ ਕਾਂਡ ਤੋਂ ਪਹਿਲਾਂ ਲਾਰੈਂਸ ਬਿਸ਼ਨੋਈ ਗੈਂਗ ਨੂੰ ਯੂਪੀ ਵਿੱਚ ਹੀ ਇੱਕ ਵੱਡੇ ਕਤਲ ਕਾਂਡ ਨੂੰ ਅੰਜਾਮ ਦੇਣ ਦਾ ਠੇਕਾ ਮਿਲਿਆ ਸੀ। ਸੂਤਰਾਂ ਅਨੁਸਾਰ, ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਉੱਤਰ ਪ੍ਰਦੇਸ਼ ਦੇ ਇੱਕ ਵਿਅਕਤੀ ਨੂੰ ਨਿਸ਼ਾਨਾ ਬਣਾਉਣ ਲਈ ਕਿਹਾ ਗਿਆ ਸੀ ਪਰ ਇਹ ਯੋਜਨਾ ਫੇਲ੍ਹ ਹੋ ਗਈ, ਜਿਸ ਤੋਂ ਬਾਅਦ ਸਿੱਧੂ ਕਤਲੇਆਮ ਨੂੰ ਅੰਜ਼ਾਮ ਦਿੱਤਾ ਗਿਆ।

**ਵਿਦੇਸ਼ੀ ਹਥਿਆਰਾਂ ਨਾਲ ਰਚੀ ਸੀ ਸਿੱਧੂ ਕਤਲ ਕਾਂਡ ਦੀ ਸਾਜ਼ਿਸ਼**

ਇਨ੍ਹਾਂ ਤਸਵੀਰਾਂ 'ਚ ਦਿਖਾਈ ਦੇ ਰਹੇ (ਬਾਕੀ ਸਫ਼ਾ 30 'ਤੇ)

# ਪੰਜਾਬ 'ਚ 'ਆਪ' ਅਤੇ ਕਾਂਗਰਸ ਵਿਚਾਲੇ ਸਿਆਸੀ ਗਠਜੋੜ ਦੀ ਚਰਚਾ ਸ਼ੁਰੂ

## ਕੀ 'ਆਪ' ਸਰਕਾਰ ਵਿੱਚ ਸ਼ਾਮਲ ਹੋਵੇਗੀ ਕਾਂਗਰਸ ?



ਚੰਡੀਗੜ੍ਹ/ ਏ.ਟੀ.ਨਿਊਜ਼ : ਪੰਜਾਬ ਵਿੱਚ ਇੱਕ ਵਾਰ ਫਿਰ ਤੋਂ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਾਲੇ ਸੂਬਾ ਪੱਧਰੀ ਗਠਜੋੜ ਹੋ ਸਕਦਾ ਹੈ। ਹਾਲਾਂਕਿ ਫਿਲਹਾਲ ਦੋਵੇਂ ਪਾਰਟੀਆਂ ਦੇ ਆਗੂ ਖੁੱਲ੍ਹ ਕੇ ਨਹੀਂ ਬੋਲ ਰਹੇ ਹਨ। ਇੱਕ ਹਫ਼ਤਾ ਪਹਿਲਾਂ ਤੱਕ ਪੰਜਾਬ ਕਾਂਗਰਸ ਇਸ ਖ਼ਿਲਾਫ਼ ਸੀ। ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਇਨ੍ਹਾਂ ਅਫਵਾਹਾਂ ਦਰਮਿਆਨ ਦਿੱਲੀ ਚਲੇ ਗਏ ਸਨ ਅਤੇ ਉੱਥੋਂ ਇਹ ਕਹਿ ਕੇ ਪਰਤ ਗਏ ਸਨ ਕਿ ਕਾਂਗਰਸ ਕਿਸੇ ਵੀ ਕੀਮਤ 'ਤੇ ਘੱਟੋ-ਘੱਟ ਪੰਜਾਬ ਵਿੱਚ 'ਆਪ' ਨਾਲ ਹੱਥ ਨਹੀਂ ਮਿਲਾ ਸਕਦੀ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਸੀ ਕਿ ਪੰਜਾਬ ਕਾਂਗਰਸ ਦੇ ਆਗੂਆਂ ਨੂੰ ਆਮ ਆਦਮੀ ਪਾਰਟੀ ਨਾਲ ਇੱਕੋ ਮੇਜ਼ 'ਤੇ ਬੈਠਣਾ ਮਨਜ਼ੂਰ ਨਹੀਂ ਹੈ, ਇਸ ਲਈ ਸਮਝੌਤੇ ਦੀ ਗੱਲ ਨੂੰ ਝੂਠ ਸਮਝੋ। ਭਗਵੰਤ ਮਾਨ ਦੀ ਸਰਕਾਰ ਵੱਲੋਂ ਸਾਡੇ ਕਾਂਗਰਸੀ ਲੀਡਰਾਂ ਨੂੰ ਇੱਕ-ਇੱਕ ਕਰਕੇ ਜੇਲ੍ਹ ਦਾ ਰਸਤਾ ਦਿਖਾਇਆ ਜਾ ਰਿਹਾ ਹੈ। ਜਦੋਂ ਇਹ ਕਿਹਾ ਜਾ ਰਿਹਾ ਸੀ ਤਾਂ ਦਿੱਲੀ ਵਿੱਚ ਆਪ ਵਿਰੋਧੀ ਪਾਰਟੀਆਂ ਦੇ ਇੱਕ ਗਠਜੋੜ ਇੰਡੀਆ ਦਾ ਹਿੱਸਾ ਬਣ ਗਈ ਸੀ। ਰਵਾਇਤੀ ਪਾਰਟੀ ਕਾਂਗਰਸ ਪਹਿਲਾਂ ਹੀ ਇਸ ਵਿੱਚ ਸ਼ਾਮਲ ਹੋ ਗਈ ਸੀ। ਯਾਨੀ ਦੋਵੇਂ ਸਿਆਸੀ ਪਾਰਟੀਆਂ ਇੱਕ ਮੰਚ 'ਤੇ ਆ ਚੁਕੀਆਂ ਸਨ।

ਹੁਣ ਸਥਿਤੀ ਬਦਲ ਗਈ ਹੈ। ਇਸ ਗੱਲ ਦੀ ਸੰਭਾਵਨਾ ਹੈ ਕਿ ਪੰਜਾਬ ਵਿੱਚ ਸਭ ਤੋਂ ਵੱਧ ਸੀਟਾਂ ਹਾਸਲ ਕਰਨ ਵਾਲੀ 'ਆਪ' ਕਾਂਗਰਸ ਨਾਲ ਸਬੰਧਾਂ ਨੂੰ ਗੂੜ੍ਹਾ ਕਰਨ ਲਈ ਭਗਵੰਤ ਮਾਨ ਦੀ ਕੈਬਨਿਟ ਵਿੱਚ ਘੱਟੋ-ਘੱਟ ਦੋ ਕਾਂਗਰਸੀਆਂ ਨੂੰ ਸ਼ਾਮਲ ਕਰੇਗੀ। ਸਭ ਤੋਂ ਪਹਿਲਾਂ ਜੋ ਨਾਂ ਖੁੱਲ੍ਹ ਕੇ ਸਾਹਮਣੇ ਆ ਰਿਹਾ ਹੈ, ਉਹ ਹੈ ਕਾਂਗਰਸ ਦੇ ਸੂਬਾ ਪ੍ਰਧਾਨ ਦਾ। ਕਿਹਾ ਜਾ ਰਿਹਾ ਹੈ ਕਿ ਮੰਤਰੀ ਮੰਡਲ ਦੇ ਫੇਰਬਦਲ ਜਾਂ ਵਿਸਥਾਰ ਵਿੱਚ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਬਣਾਇਆ ਜਾ ਸਕਦਾ ਹੈ ਪਰ ਰਾਜਾ ਵੜਿੰਗ ਅਮਰਿੰਦਰ ਸਿੰਘ ਕਹਿ ਰਹੇ ਹਨ ਕਿ ਉਹ ਉਪ ਮੁੱਖ ਮੰਤਰੀ ਨਹੀਂ ਬਣਨਗੇ। ਉਨ੍ਹਾਂ ਦਾ ਇਹ ਵੀ ਤਰਕ ਹੈ ਕਿ ਇਹ ਅਹੁਦਾ ਸਿਰਫ਼ ਨਾਮ ਦਾ ਹੈ। ਉਪ ਮੁੱਖ ਮੰਤਰੀ ਕੋਲ ਕੈਬਨਿਟ ਮੰਤਰੀ ਦੇ ਬਰਾਬਰ ਅਧਿਕਾਰ ਹਨ। ਵਿਸ਼ੇਸ਼ ਸ਼ਕਤੀ ਨਹੀਂ ਹੈ। ਜੇਕਰ ਕਾਂਗਰਸ ਦੇ ਸਰਕਾਰ ਵਿੱਚ ਸ਼ਾਮਲ ਹੋਣ ਦੀ ਥੋੜ੍ਹੀ ਬਹੁਤੀ ਗੁੰਜਾਇਸ਼ ਨਾ ਹੁੰਦੀ ਤਾਂ ਕਾਂਗਰਸ ਦੇ ਸੂਬਾ ਪ੍ਰਧਾਨ ਦਾ ਰਵੱਈਆ ਵੱਖਰਾ ਹੋਣਾ ਸੀ ਅਤੇ ਉਹ ਇਸ ਤੋਂ ਸਾਫ਼ ਇਨਕਾਰ ਕਰ ਦਿੰਦੇ, ਜਿਵੇਂ ਕਿ ਉਹ ਪਹਿਲਾਂ ਵੀ ਇਨਕਾਰ ਕਰਦੇ ਆਏ ਹਨ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੀ ਇਸ 'ਤੇ ਚੁੱਪ ਹਨ। ਦੱਸਿਆ ਜਾ ਰਿਹਾ ਹੈ ਕਿ ਦੂਜਾ ਨੰਬਰ ਉਸ ਦਾ ਹੈ।

ਆਪ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਖਰੀ ਸਮੇਂ ਤੱਕ ਇਹ ਨਹੀਂ ਪਤਾ ਚਲਨ ਦਿੰਦੇ ਕਿ ਉਹ ਕਿਹੜਾ ਪੱਤਾ ਖੇਡਣਗੇ ? ਭਗਵੰਤ ਮਾਨ ਪੂਰੀ ਤਰ੍ਹਾਂ ਉਹਨਾਂ ਦੀ ਸਿਆਸੀ ਜਕੜ ਵਿੱਚ ਹੈ। ਇਸ ਸਮੇਂ ਪੰਜਾਬ ਦੇ ਸਹਾਰੇ ਆਮ ਆਦਮੀ ਪਾਰਟੀ ਚਲ ਰਹੀ ਹੈ। ਇਹ ਸਭ ਜਾਣਦੇ ਹਨ ਕਿ ਪੰਜਾਬ ਦੇ ਵਸੀਲੇ ਦਿੱਲੀ ਲਈ ਵਰਤੇ ਜਾ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਦਾ ਇੱਕ ਕਦਮ ਸੂਬੇ ਵਿੱਚ ਹੈ ਅਤੇ ਦੂਜਾ ਦਿੱਲੀ ਜਾਂ ਕੇਜਰੀਵਾਲ ਨਾਲ ਕਿਤੇ ਹੋਰ।

ਵਿਰੋਧੀ ਧਿਰ ਦਾ ਖੁੱਲ੍ਹਾ ਇਲਜ਼ਾਮ ਹੈ ਕਿ ਇਸ ਲਈ ਸੂਬੇ ਦੇ ਸਰਕਾਰੀ ਜਹਾਜ਼ ਦੀ ਵਰਤੋਂ ਕੀਤੀ ਜਾ ਰਹੀ ਹੈ। (ਬਾਕੀ ਸਫ਼ਾ 30 'ਤੇ)

## 'ਆਪ' ਨਾਲ ਗਠਜੋੜ ਕਿਉਂ ਜ਼ਰੂਰੀ ਸਮਝਦੀ ਹੈ ਕਾਂਗਰਸ

ਆਮ ਆਦਮੀ ਪਾਰਟੀ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਇਹ ਅਹਿਸਾਸ ਹੀ ਦਿਵਾਉਂਦੀ ਹੈ ਕਿ ਹਰ ਜਗ੍ਹਾ ਉਸ ਨੇ ਕਾਂਗਰਸ ਦਾ ਹੀ ਨੁਕਸਾਨ ਕੀਤਾ ਹੈ ਅਤੇ ਭਾਜਪਾ ਦੀ ਜਿੱਤ ਵਿੱਚ ਸਹਾਇਕ ਬਣੀ ਹੈ। ਭਾਵੇਂ ਹੁਣ ਕਾਂਗਰਸ ਨੂੰ ਇਹ ਅਹਿਸਾਸ ਹੈ ਕਿ 2023 ਦੀਆਂ ਵਿਧਾਨ ਸਭਾ ਚੋਣਾਂ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ 'ਆਪ' ਕਾਂਗਰਸ ਤੇ 'ਇੰਡੀਆ' ਗੱਠਜੋੜ ਦੇ ਸਹਿਯੋਗ ਬਿਨਾਂ 'ਏਕੱਲਾ ਚਲੋ' ਦੀ ਰਾਜਨੀਤੀ ਨਾਲ ਪੰਜਾਬ ਅਤੇ ਦਿੱਲੀ ਤੋਂ ਬਿਨਾਂ ਕਿਤੇ ਕੋਈ ਕ੍ਰਿਸ਼ਮਾ ਦਿਖਾਉਣ ਦੇ ਸਮਰੱਥ ਨਹੀਂ ਜਾਪਦੀ, ਬਲਕਿ ਦਿੱਲੀ ਵਿੱਚ ਵੀ ਭਾਜਪਾ ਤੋਂ ਲੋਕ ਸਭਾ ਸੀਟਾਂ ਉਹ ਕਾਂਗਰਸ ਦੇ ਸਮਰਥਨ ਨਾਲ ਹੀ ਖੋਹ ਸਕਦੀ ਹੈ ਤੇ ਪੰਜਾਬ ਵਿੱਚ ਵੀ ਕਾਂਗਰਸ ਨਾਲ ਹੀ ਉਸ ਦੀ ਸਿੱਧੀ ਟੱਕਰ ਵਿੱਚ ਹੈ। ਅਜਿਹੀ ਸਥਿਤੀ ਵਿੱਚ ਦੋਵੇਂ ਪਾਰਟੀਆਂ ਦੇ ਗਠਜੋੜ ਦੀ ਪੂਰੀ ਸੰਭਾਵਨਾ ਹੈ।

ਸੱਚਾਈ ਇਹੀ ਹੈ ਕਿ ਇਸ ਬੇਵਿਸ਼ਵਾਸੀ ਦੇ ਆਲਮ ਵਿੱਚ ਵੀ ਦੋਵਾਂ ਧਿਰਾਂ ਨੂੰ ਇਕ-ਦੂਜੇ ਦੀ ਲੋੜ ਹੈ। 'ਆਪ' ਨੂੰ ਦਿੱਲੀ ਵਿਧਾਨ ਸਭਾ ਵਿੱਚ 62 ਸੀਟਾਂ ਜਿੱਤ ਲੈਣ ਦੇ ਬਾਵਜੂਦ ਵੀ ਲੋਕ ਸਭਾ ਵਿੱਚ ਭਾਜਪਾ ਨੂੰ ਹਰਾਉਣ ਲਈ ਕਾਂਗਰਸ ਦੀ ਲੋੜ ਹੈ। ਪੰਜਾਬ ਵਿੱਚ ਵੀ 92 ਵਿਧਾਨ ਸਭਾ ਸੀਟਾਂ ਜਿੱਤਣ ਦੇ ਬਾਵਜੂਦ ਸਥਿਤੀ ਕੁਝ ਅਜਿਹੀ ਹੀ ਹੈ, ਨਹੀਂ ਤਾਂ 2 ਉਪ-ਚੋਣਾਂ ਜਿਨ੍ਹਾਂ ਵਿੱਚ ਇੱਕ ਵਿੱਚ 'ਆਪ' ਨਾ ਹਾਰਦੀ। ਪਰ ਇਸ ਦੇ ਉਲਟ ਕਾਂਗਰਸ ਨੂੰ ਪਹਿਲਾਂ ਤਾਂ 2023 ਦੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਦੀ ਲੋੜ ਹੈ ਤੇ ਫਿਰ 2024 ਵਿੱਚ ਲੋਕ ਸਭਾ ਚੋਣਾਂ ਵਿੱਚ ਪੰਜਾਬ ਅਤੇ ਦਿੱਲੀ ਵਿੱਚ ਭਾਜਪਾ ਨੂੰ ਹਰਾਉਣ ਲਈ ਅਤੇ ਆਪਣੇ ਪੈਰ ਫਿਰ ਤੋਂ ਧਰਤੀ 'ਤੇ ਲਾਉਣ ਲਈ ਅਤੇ ਪੂਰੇ ਉੱਤਰੀ ਭਾਰਤ, ਗੋਆ ਅਤੇ ਗੁਜਰਾਤ ਵਿੱਚ ਆਪ ਦੀ ਲੋੜ ਹੈ।

ਦਿੱਲੀ ਵਿਧਾਨ ਸਭਾ ਚੋਣਾਂ ਵਿੱਚ 'ਆਪ' ਨੇ 53.57 ਫ਼ੀਸਦੀ ਵੋਟਾਂ ਲਈਆਂ ਸਨ ਤੇ ਕਾਂਗਰਸ ਨੇ ਸਿਰਫ਼ 4.2 ਫ਼ੀਸਦੀ ਪਰ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ 7 ਦੀਆਂ 7 ਸੀਟਾਂ ਜਿੱਤੀਆਂ ਸਨ, ਕਾਂਗਰਸ 5 ਸੀਟਾਂ ਲੈਕੇ ਦੂਸਰੇ ਨੰਬਰ 'ਤੇ ਰਹੀ ਤੇ ਆਪ ਸਿਰਫ਼ 2 'ਤੇ ਜਿਤੀ। ਭਾਜਪਾ ਨੇ 56.86 ਫ਼ੀਸਦੀ ਵੋਟਾਂ ਲਈਆਂ ਸਨ, ਕਾਂਗਰਸ ਨੇ 22.50 ਫ਼ੀਸਦੀ ਅਤੇ 'ਆਪ' ਨੇ 18.11 ਫ਼ੀਸਦੀ ਵੋਟਾਂ ਹੀ ਲਈਆਂ ਸਨ। ਹੁਣ ਕਾਂਗਰਸ ਦਿੱਲੀ ਵਿੱਚ 5 ਲੋਕ ਸਭਾ ਸੀਟਾਂ ਮੰਗਦੀ ਹੈ ਪਰ 'ਆਪ' ਵਿਧਾਨ ਸਭਾ ਵਿਚਲੀ ਜਿੱਤ ਦੇ ਆਧਾਰ ਇਸ ਦੇ ਬਿਲਕੁਲ ਉਲਟ ਆਪਣੇ ਲਈ 5 ਸੀਟਾਂ ਦੀ ਮੰਗ ਕਰਦੀ ਹੈ। ਅਖੀਰ ਸਮਝੌਤਾ 3-4 ਜਾਂ 4-3 ਦੇ ਆਧਾਰ 'ਤੇ ਹੋਣ ਦੇ ਆਸਾਰ ਹਨ। ਪੰਜਾਬ ਵਿੱਚ ਵੀ ਵਿਧਾਨ ਸਭਾ ਵਿੱਚ 'ਆਪ' ਨੇ 117 ਵਿਚੋਂ 92 ਸੀਟਾਂ ਜਿੱਤੀਆਂ। ਆਪ ਨੇ 42.01 ਫ਼ੀਸਦੀ ਅਤੇ ਕਾਂਗਰਸ ਨੇ 22.98 ਫ਼ੀਸਦੀ ਵੋਟਾਂ ਲਈਆਂ ਸਨ (ਬਾਕੀ ਸਫ਼ਾ 30 'ਤੇ)

## ਸਮ੍ਰਿਤੀ ਅਮੇਠੀ ਚੋਣ ਦੰਗਲ ਵਿੱਚ ਤੀਜੀ ਵਾਰ ਰਾਹੁਲ ਨਾਲ ਲਵੇਗੀ ਟੱਕਰ



ਅਮੇਠੀ/ਏ.ਟੀ.ਨਿਊਜ਼: ਰਾਹੁਲ ਗਾਂਧੀ ਅਮੇਠੀ 2024 ਵਿੱਚ ਚੋਣ ਲੜਨਗੇ ਅਮੇਠੀ ਦੀ ਚੋਣ ਲੜਾਈ ਵਿੱਚ ਰਾਹੁਲ ਗਾਂਧੀ ਅਤੇ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਤੀਜੀ ਵਾਰ ਆਹਮੋ-ਸਾਹਮਣੇ ਹੋਣਗੇ।

ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਪ੍ਰਦੀਪ ਸਿੰਘਲ ਦਾ ਕਹਿਣਾ ਹੈ ਕਿ 2024 ਦੀਆਂ ਆਮ ਚੋਣਾਂ ਵਿੱਚ ਅਮੇਠੀ ਸੀਟ ਤੋਂ ਸਿਰਫ਼ ਰਾਹੁਲ ਗਾਂਧੀ ਹੀ ਚੋਣ ਮੈਦਾਨ ਵਿੱਚ ਹੋਣਗੇ। ਅਮੇਠੀ ਹਮੇਸ਼ਾ ਗਾਂਧੀ-ਨਹਿਰੂ ਪਰਿਵਾਰ ਨਾਲ ਸਬੰਧਿਤ ਸੀ ਅਤੇ ਅੱਗੇ ਵੀ ਰਹੇਗੀ।

*ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ...*

# ਅਦਾਲਤਾਂ 'ਚ ਸੀ.ਬੀ.ਆਈ. ਦੀ ਜਾਂਚ ਵਾਲੇ ਭ੍ਰਿਸ਼ਟਾਚਾਰ ਦੇ 6800 ਤੋਂ ਵੱਧ ਮਾਮਲੇ ਲਟਕੇ

### 313 ਮਾਮਲੇ 20 ਸਾਲ ਤੋਂ ਵੱਧ ਪੁਰਾਣੇ

### 2022 ਦੀ ਸਾਲਾਨਾ ਰਿਪੋਰਟ ਕੇਂਦਰੀ ਚੌਕਸੀ ਕਮਿਸ਼ਨ ਵੱਲੋਂ ਜਾਰੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਕੇਂਦਰੀ ਚੌਕਸੀ ਕਮਿਸ਼ਨ ਨੇ 2022 ਦੀ ਸਾਲਾਨਾ ਰਿਪੋਰਟ ਜਾਰੀ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸੀਬੀਆਈ ਨੇ ਭ੍ਰਿਸ਼ਟਾਚਾਰ ਦੇ ਜਿਨ੍ਹਾਂ ਮਾਮਲਿਆਂ ਦੀ ਜਾਂਚ ਪੂਰੀ ਕਰ ਲਈ ਹੈ, ਉਨ੍ਹਾਂ ਵਿਚੋਂ 6841 ਮਾਮਲੇ ਹੇਠਲੀ ਅਦਾਲਤ ਵਿੱਚ ਪੈਂਡਿੰਗ ਹਨ। ਇਨ੍ਹਾਂ 'ਤੇ ਹਾਲੇ ਤੱਕ ਕੋਈ ਫ਼ੈਸਲਾ ਨਹੀਂ ਆ ਸਕਿਆ ਹੈ। ਇਨ੍ਹਾਂ ਵਿਚੋਂ 313 ਮਾਮਲੇ ਅਜਿਹੇ ਹਨ ਜਿਨ੍ਹਾਂ ਨੂੰ



ਕੋਰਟ ਵਿੱਚ ਪਹੁੰਚਿਆਂ 20 ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਇਨ੍ਹਾਂ ਤੋਂ ਇਲਾਵਾ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਕੁੱਲ 12,408 ਅਪੀਲਾਂ ਅਤੇ ਸੋਧ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਪੈਂਡਿੰਗ ਹਨ ਜਿਨ੍ਹਾਂ ਵਿਚੋਂ 417 ਮਾਮਲੇ 20 ਸਾਲਾਂ ਤੋਂ ਵੱਧ ਸਮੇਂ ਤੋਂ ਪੈਂਡਿੰਗ ਹਨ।

ਸੀਵੀਸੀ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ 31 ਦਸੰਬਰ 2022 ਤੱਕ ਸੀਬੀਆਈ ਕੋਲ 692 ਮਾਮਲੇ ਪੈਂਡਿੰਗ ਹਨ, ਜਿਨ੍ਹਾਂ ਦੀ ਜਾਂਚ ਕਰਨੀ ਹੈ। ਇਨ੍ਹਾਂ ਵਿਚੋਂ 42 ਮਾਮਲੇ ਅਜਿਹੇ ਹਨ, ਜਿਨ੍ਹਾਂ ਦੀ ਜਾਂਚ ਸ਼ੁਰੂ ਹੋਏ ਪੰਜ ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ, ਜਦਕਿ ਸੀਬੀਆਈ ਨੂੰ ਇਕ ਸਾਲ ਦੇ ਅੰਦਰ ਜਾਂਚ ਪੂਰੀ ਕਰਨੀ ਹੁੰਦੀ ਹੈ।

ਸੀਵੀਸੀ ਅਨੁਸਾਰ, ਭ੍ਰਿਸ਼ਟਾਚਾਰ ਨਾਲ ਸਬੰਧਤ 60 ਮਾਮਲਿਆਂ ਵਿੱਚ ਬੀਤੇ ਤਿੰਨ ਸਾਲਾਂ ਤੋਂ ਜਾਂਚ ਹੀ ਸ਼ੁਰੂ ਨਹੀਂ ਹੋ ਸਕੀ ਹੈ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਸੀਬੀਆਈ 'ਤੇ (ਬਾਕੀ ਸਫ਼ਾ 30 'ਤੇ)

# ਭਾਰਤ 'ਚ ਤਿੰਨ ਸਾਲਾਂ ਦਰਮਿਆਨ ਲਾਪਤਾ ਹੋਈਆਂ 13 ਲੱਖ ਤੋਂ ਵਧੇਰੇ ਇਸਤਰੀਆਂ

### ਮੱਧ ਪ੍ਰਦੇਸ਼ ਤੇ ਪੱਛਮੀ ਬੰਗਾਲ ਵਿਚੋਂ ਸਭ ਤੋਂ ਵੱਧ ਗਾਇਬ ਹੋਈਆਂ ਇਸਤਰੀਆਂ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ 'ਚ 2019 ਤੋਂ 2021 ਦੇ ਦਰਮਿਆਨ ਤਿੰਨ ਸਾਲ ਦੀ ਮਿਆਦ ਵਿੱਚ 13.13 ਲੱਖ ਕੁੜੀਆਂ ਅਤੇ ਔਰਤਾਂ ਲਾਪਤਾ ਹੋਈਆਂ ਹਨ, ਜਿਨ੍ਹਾਂ ਵਿਚੋਂ ਸਭ ਤੋਂ ਵੱਧ ਮੱਧ ਪ੍ਰਦੇਸ਼ ਦੀਆਂ ਹਨ। ਲਾਪਤਾ ਔਰਤਾਂ ਦੀ ਗਿਣਤੀ ਦੇ ਲਿਹਾਜ਼ ਨਾਲ ਪੱਛਮੀ ਬੰਗਾਲ ਦੂਜੇ ਸਥਾਨ 'ਤੇ ਹੈ। ਕੇਂਦਰੀ ਗ੍ਰਹਿ ਮੰਤਰਾਲਾ ਵੱਲੋਂ ਸੰਸਦ 'ਚ ਕੁਝ ਸਮਾਂ ਪਹਿਲਾਂ ਪੇਸ਼ ਅੰਕੜਿਆਂ ਮੁਤਾਬਕ ਭਾਰਤ ਵਿਚੋਂ 2019 ਤੋਂ 2021 ਦੇ ਦਰਮਿਆਨ 18 ਸਾਲ ਤੋਂ ਵੱਧ ਉਮਰ ਦੀਆਂ 10,61,648 ਔਰਤਾਂ ਲਾਪਤਾ ਹੋਈਆਂ, ਜਦੋਂ ਕਿ ਇਸ ਮਿਆਦ ਦੌਰਾਨ ਦੇਸ਼ ਵਿਚੋਂ 18 ਸਾਲ ਉਮਰ ਦੀਆਂ 2,51,430 ਕੁੜੀਆਂ ਗਾਇਬ ਹੋਈਆਂ।

ਇਹ ਅੰਕੜੇ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਨੇ ਇਕੱਠੇ ਕੀਤੇ ਹਨ। ਸੰਸਦ ਵੱਲੋਂ ਮੁਹੱਈਆ ਕਰਵਾਏ ਗਏ ਅੰਕੜਿਆਂ ਮੁਤਾਬਕ ਮੱਧ ਪ੍ਰਦੇਸ਼ ਵਿਚੋਂ 2019 ਤੋਂ 2021 ਦੇ ਦਰਮਿਆਨ 1,60,180 ਔਰਤਾਂ ਅਤੇ 38,234 ਕੁੜੀਆਂ ਲਾਪਤਾ ਹੋਈਆਂ ਸਨ। ਇਸੇ ਮਿਆਦ ਵਿੱਚ ਪੱਛਮੀ ਬੰਗਾਲ 'ਚੋਂ



1,56,905 ਔਰਤਾਂ ਅਤੇ 36,606 ਕੁੜੀਆਂ ਲਾਪਤਾ ਹੋਈਆਂ। ਅੰਕੜਿਆਂ ਮੁਤਾਬਕ ਮਹਾਰਾਸ਼ਟਰ ਵਿਚੋਂ 2019 ਤੋਂ 2021 ਦੇ ਦਰਮਿਆਨ 1,78,400 ਔਰਤਾਂ ਅਤੇ 13,033 ਕੁੜੀਆਂ ਲਾਪਤਾ ਹੋਈਆਂ ਹਨ। ਓਡਿਸ਼ਾ ਵਿੱਚ ਉਕਤ ਤਿੰਨ ਸਾਲ ਦੀ ਮਿਆਦ ਵਿੱਚ 70,222 ਔਰਤਾਂ ਅਤੇ 16,649 ਕੁੜੀਆਂ ਗਾਇਬ ਹੋਈਆਂ ਹਨ ਜਦੋਂ ਕਿ ਛੱਤੀਸਗੜ੍ਹ ਵਿੱਚ ਇਸ ਮਿਆਦ ਦੌਰਾਨ 49,116 ਔਰਤਾਂ ਅਤੇ 10,187 ਕੁੜੀਆਂ ਲਾਪਤਾ ਹੋਈਆਂ। ਸੰਸਦ ਦੇ ਟੇਬਲ 'ਤੇ ਪੇਸ਼ ਅੰਕੜਿਆਂ ਮੁਤਾਬਕ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਦਿੱਲੀ ਸਭ ਤੋਂ ਉੱਪਰ ਰਹੀ , ਜਿੱਥੋਂ ਸਭ ਤੋਂ ਵੱਧ ਔਰਤਾਂ ਅਤੇ ਕੁੜੀਆਂ ਲਾਪਤਾ ਹੋਈਆਂ। ਰਾਸ਼ਟਰੀ ਰਾਜਧਾਨੀ ਵਿਚੋਂ 61,054 ਔਰਤਾਂ ਅਤੇ 22,919 ਕੁੜੀਆਂ 2019 ਤੋਂ 2021 ਦੇ ਦਰਮਿਆਨ ਲਾਪਤਾ ਹੋਈਆਂ ਹਨ। ਜੰਮੂ-ਕਸ਼ਮੀਰ ਵਿੱਚ ਇਸ ਮਿਆਦ ਦੌਰਾਨ 8,617 ਔਰਤਾਂ ਅਤੇ 1,148 ਕੁੜੀਆਂ ਗਾਇਬ ਹੋਈਆਂ ਹਨ।

ਕੇਂਦਰ ਸਰਕਾਰ ਨੇ ਸੰਸਦ ਨੂੰ ਦੱਸਿਆ ਕਿ ਔਰਤਾਂ ਦੀ (ਬਾਕੀ ਸਫ਼ਾ 30 'ਤੇ)

ਦਰਪਣ ਝੂਠ ਨਹੀਂ ਬੋਲਦਾ

# ਜੰਮੂ-ਕਸ਼ਮੀਰ ਨੂੰ ਪੰਜਾਬ ਵਾਂਗ ਨਸ਼ਿਆਂ ਰਾਹੀਂ ਕੀਤਾ ਜਾ ਰਿਹੈ ਬਰਬਾਦ

## ਰਿਪੋਰਟ ਅਨੁਸਾਰ 15 ਤੋਂ 30 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਨਸ਼ੇ ਦੀ ਵਰਤੋਂ ਵਧੀ

ਬੀਤੇ ਦਿਨੀਂ ਭਾਰਤੀ ਅੰਗਰੇਜ਼ੀ ਅਖ਼ਬਾਰ ਇੰਡੀਅਨ ਐਕਸਪ੍ਰੈੱਸ ਨੇ ਜੰਮੂ-ਕਸ਼ਮੀਰ ਵਿੱਚ ਨਸ਼ਿਆਂ ਦੀ ਸਥਿਤੀ 'ਤੇ ਇਕ ਸਟੋਰੀ ਕੀਤੀ ਸੀ। ਇਹ ਉਹੀ ਜੰਮੂ-ਕਸ਼ਮੀਰ ਹੈ ਜਿੱਥੋਂ ਲਗਾਤਾਰ ਡਰੋਨਾਂ ਰਾਹੀਂ ਨਸ਼ਿਆਂ ਦੀ ਤਸਕਰੀ ਦੀਆਂ ਖ਼ਬਰਾਂ ਆ ਰਹੀਆਂ ਹਨ। ਭਾਰਤੀ ਏਜੰਸੀਆਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਪਾਕਿਸਤਾਨ ਤੋਂ ਡਰੋਨ ਰਾਹੀਂ ਡਰੱਗਜ਼ ਸੁੱਟੇ ਜਾ ਰਹੇ ਹਨ। ਸੁਆਲ ਇਹ ਹੈ ਕੀ ਹੁਣ ਜੰਮੂ-ਕਸ਼ਮੀਰ ਨੂੰ ਪੰਜਾਬ ਵਾਂਗ ਨਸ਼ਿਆਂ ਨਾਲ ਤਬਾਹ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ ? ਅਖ਼ਬਾਰੀ ਰਿਪੋਰਟਾਂ ਅਨੁਸਾਰ ਨਸ਼ਿਆਂ ਨੇ ਸਾਰੀ ਘਾਟੀ ਵਿੱਚ ਨੌਜਵਾਨਾਂ ਨੂੰ ਪੰਜਾਬ ਵਾਂਗ ਆਪਣੀ ਲਪੇਟ ਵਿੱਚ ਲੈ ਲਿਆ ਹੈ। ਨਸ਼ਾਖੋਰੀ ਇੱਕ ਵਿਨਾਸ਼ਕਾਰੀ ਮਹਾਂਮਾਰੀ ਵਾਂਗ ਪਰਿਵਾਰਾਂ ਵਿੱਚ ਤਬਾਹੀ ਮਚਾ ਰਹੀ ਹੈ। ਕਸ਼ਮੀਰੀਆਂ ਦੀ ਨਸਲਕੁਸ਼ੀ ਹੋ ਰਹੀ ਹੈ।




ਜੰਮੂ-ਕਸ਼ਮੀਰ ਦੇ ਪੁਲਿਸ ਡਾਇਰੈਕਟਰ ਜਨਰਲ ਦਿਲਬਾਗ ਸਿੰਘ ਨੇ ਘਾਟੀ ਵਿੱਚ ਫੈਲ ਰਹੇ ਨਸ਼ਿਆਂ ਦੇ ਖ਼ਤਰੇ ਨੂੰ ਬਹੁਤ ਗੰਭੀਰ ਖ਼ਤਰਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਸਮਾਜ ਇਸ ਸਮੇਂ ਜਿਸ ਨਸ਼ੇ ਦਾ ਸਾਹਮਣਾ ਕਰ ਰਿਹਾ ਹੈ, ਉਹ ਅੱਤਵਾਦ ਤੋਂ ਵੀ ਵੱਡਾ ਖ਼ਤਰਾ ਹੈ। ਦਿਲਬਾਗ ਸਿੰਘ ਨੇ ਇਹ ਗੱਲਾਂ 'ਦਿ ਇੰਡੀਅਨ ਐਕਸਪ੍ਰੈੱਸ' ਨਾਲ ਗੱਲਬਾਤ ਦੌਰਾਨ ਕਹੀਆਂ ਸਨ। ਅਖ਼ਬਾਰ ਦੀ ਰਿਪੋਰਟ ਦੇ ਅਨੁਸਾਰ ਵਾਦੀ ਦੇ ਸਭ ਤੋਂ ਵੱਡੇ ਜ਼ਿਲ੍ਹਾ ਨਸ਼ਾ ਛੁਡਾਊ ਕੇਂਦਰ ਸ੍ਰੀਨਗਰ ਦੇ ਐਸਐਮਐਚਐਸ ਹਸਪਤਾਲ ਵਿੱਚ ਓਪੀਡੀ ਮਰੀਜ਼ਾਂ ਦੀ ਗਿਣਤੀ ਮਾਰਚ 2023 ਦੇ ਅੰਤ ਵਿੱਚ 75% ਵਧ ਕੇ 41,110 ਹੋ ਗਈ ਹੈ। ਇਸ ਦਾ ਮਤਲਬ ਹੈ ਕਿ ਹਰ 12 ਮਿੰਟਾਂ ਬਾਅਦ ਇੱਕ ਨਸ਼ੇ ਵਾਲਾ ਮਰੀਜ਼ ਓਪੀਡੀ ਵਿੱਚ ਆਉਂਦਾ ਹੈ।

ਪੁਲਿਸ ਰਿਕਾਰਡ ਦਰਸਾਉਂਦੇ ਹਨ ਕਿ 2022 ਦੌਰਾਨ ਹੈਰੋਇਨ ਦੀ ਬਰਾਮਦਗੀ 2019 ਵਿੱਚ 103 ਕਿਲੋਗ੍ਰਾਮ ਦੇ ਮੁਕਾਬਲੇ ਦੁੱਗਣੇ ਤੋਂ ਜ਼ਿਆਦਾ 240 ਕਿਲੋਗ੍ਰਾਮ ਤੱਕ ਤੈਅ ਕੀਤੀ ਗਈ। ਕਸ਼ਮੀਰ ਵਿੱਚ ਨਸ਼ੇ ਕਰਨ ਵਾਲੇ ਚਾਰ ਵਿੱਚੋਂ ਤਿੰਨ ਹੈਰੋਇਨ ਦੀ ਵਰਤੋਂ ਕਰਦੇ ਹਨ। ਨਸ਼ੀਲੇ ਪਦਾਰਥਾਂ ਨੂੰ ਲੈ ਕੇ 2022 ਵਿੱਚ ਪੁਲਿਸ ਦੁਆਰਾ 1,850 ਐਫਆਈਆਰ ਦਰਜ ਕੀਤੀਆਂ ਗਈਆਂ ਸਨ ਅਤੇ 2,756 ਗ੍ਰਿਫਤਾਰੀਆਂ ਕੀਤੀਆਂ ਗਈਆਂ ਸਨ, ਜੋ ਕਿ 2019 ਦੇ ਮੁਕਾਬਲੇ 60 ਪ੍ਰਤੀਸ਼ਤ ਵੱਧ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 15 ਤੋਂ 30 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਨਸ਼ੇ ਦੀ ਵਰਤੋਂ ਧੜਾ ਧੜ ਵੱਧ ਰਹੀ ਹੈ।

ਜੰਮੂ ਅਤੇ ਕਸ਼ਮੀਰ ਸਰਕਾਰ ਦੇ ਸਹਿਯੋਗ ਨਾਲ ਇੰਸਟੀਚਿਊਟ ਆਫ਼ ਮੈਂਟਲ ਹੈਲਥ ਐਂਡ ਨਿਊਰੋ ਸਾਇੰਸਿਜ਼, ਕਸ਼ਮੀਰ ਅਰਥਾਤ ਇਮਹਾਂਨਸ ਦੁਆਰਾ 2022-23 ਦੇ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ 25% ਉਪਭੋਗਤਾ ਬੇਰੁਜ਼ਗਾਰ ਹਨ, ਪਰ ਕੇਵਲ 8% ਅਨਪੜ੍ਹ ਹਨ; 15% ਗ੍ਰੈਜੂਏਟ, 14% ਇੰਟਰਮੀਡੀਏਟ ਅਤੇ 33% ਮੈਟ੍ਰਿਕ ਹਨ।

ਰਿਪੋਰਟ ਅਨੁਸਾਰ 15 ਤੋਂ 30 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਨਸ਼ੇ ਦੀ ਵਰਤੋਂ ਧੜਾ ਧੜ ਵੱਧ ਰਹੀ ਹੈ। ਜੰਮੂ ਅਤੇ ਕਸ਼ਮੀਰ ਸਰਕਾਰ ਦੇ ਸਹਿਯੋਗ ਨਾਲ ਇੰਸਟੀਚਿਊਟ ਆਫ਼ ਮੈਂਟਲ ਹੈਲਥ ਐਂਡ ਨਿਊਰੋ ਸਾਇੰਸਿਜ਼, ਕਸ਼ਮੀਰ ਅਰਥਾਤ ਇਮਹਾਂਨਸ ਦੁਆਰਾ 2022-23 ਦੇ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ 25% ਉਪਭੋਗਤਾ ਬੇਰੁਜ਼ਗਾਰ ਹਨ, ਪਰ ਕੇਵਲ 8% ਅਨਪੜ੍ਹ ਹਨ; 15% ਗ੍ਰੈਜੂਏਟ, 14% ਇੰਟਰਮੀਡੀਏਟ ਅਤੇ 33% ਮੈਟ੍ਰਿਕ ਹਨ।

ਘਾਟੀ ਵਿੱਚ ਮਨੋਵਿਗਿਆਨੀ ਅਤੇ ਡਾਕਟਰਾਂ ਨੂੰ ਪਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਸਾਰੇ ਉਪਭੋਗਤਾਵਾਂ ਵਿੱਚੋਂ 90 ਪ੍ਰਤੀਸ਼ਤ ਤੋਂ ਵੱਧ ਨੌਜਵਾਨ ਹਨ - ਜਿਨ੍ਹਾਂ ਦੀ ਔਸਤ ਉਮਰ ਲਗਭਗ 28 ਸਾਲ ਹੈ। ਕੁੱਲ ਵਿੱਚੋਂ 52,404 (ਜਾਂ 77.67 ਫੀਸਦੀ) ਵਿਅਕਤੀਆਂ ਨੇ ਹੈਰੋਇਨ ਦਾ ਸੇਵਨ ਕੀਤਾ ਸੀ। ਜੇਕਰ ਹੈਰੋਇਨ ਸਭ ਤੋਂ ਵੱਧ ਖਪਤ ਕੀਤੀ ਜਾਣ ਵਾਲੀ ਡਰੱਗ ਹੈ ਤਾਂ ਇਹ ਸਭ ਤੋਂ ਮਹਿੰਗੀ ਵੀ ਹੈ। ਨਿਰਪੱਖ ਹਲਕਿਆਂ ਦਾ ਮੰਨਣਾ ਹੈ ਕਿ ਨਸ਼ੇ ਗੁਜਰਾਤ ਰਾਹੀਂ ਪੰਜਾਬ ਤੇ ਕਸ਼ਮੀਰ ਵਿਚ ਵਰਤਾਏ ਜਾ ਰਹੇ ਹਨ। ਇਸ ਪਿਛੇ ਕਿਹੜੀਆਂ ਗੁਪਤ ਤਾਕਤਾਂ ਹਨ,ਇਹ ਅਹਿਮ ਬੁਝਾਰਤ ਤੇ ਸੁਆਲ ਹੈ ? ਪਰ ਇਹ ਵਹਿਸ਼ੀ ਵਰਤਾਰਾ ਹੈ। ਪੰਜਾਬ ਵਾਂਗ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਸਜ਼ਾ ਦੇਣ ਲਈ ਇੱਕ ਰਣਨੀਤੀ ਵਜੋਂ ਨਸ਼ਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ।

# ਵਿੱਦਿਅਕ ਵਾਤਾਵਰਨ ਦੂਸ਼ਿਤ

ਕੇਂਦਰ ਦੀ ਸੱਤਾ ਉੱਤੇ ਕਾਬਜ਼ ਹੋਣ ਤੋਂ ਬਾਅਦ ਸੰਘ ਤੇ ਭਾਜਪਾ ਨੇ ਸਿੱਖਿਆ ਸੰਸਥਾਵਾਂ 'ਤੇ ਹਮਲਾ ਬੋਲ ਦਿੱਤਾ ਸੀ। ਜੇ ਐੱਨ ਯੂ, ਜਾਮੀਆ, ਉਸਮਾਨੀਆ ਤੇ ਹੈਦਰਾਬਾਦ ਯੂਨੀਵਰਸਿਟੀਆਂ ਨੂੰ ਕਮਿਊਨਿਸਟਾਂ ਦੇ ਅੱਡੇ ਕਹਿ ਕੇ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ ਸੀ। ਬਹੁਤ ਸਾਰੇ ਵਿਦਿਆਰਥੀ ਆਗੂਆਂ ਨੂੰ ਦੇਸ਼ਧ੍ਰੋਹੀ ਕਹਿ ਕੇ ਬਦਨਾਮ ਕੀਤਾ ਗਿਆ। ਝੂਠੇ ਕੇਸ ਮੜ੍ਹ ਕੇ ਜੇਲ੍ਹਾਂ ਵਿੱਚ ਡੱਕਿਆ ਗਿਆ, ਜਿਨ੍ਹਾਂ ਵਿੱਚੋਂ ਕਈ ਅੱਜ ਵੀ ਜੇਲ੍ਹੀਂ ਬੰਦ ਹਨ ਜਾਂ ਮੁਕੱਦਮੇ ਭੁਗਤ ਰਹੇ ਹਨ। ਸੰਘ ਦਾ ਅਸਲ ਮਕਸਦ ਇਨ੍ਹਾਂ ਸੰਸਥਾਵਾਂ ਨੂੰ ਆਪਣੇ ਕਬਜ਼ੇ ਵਿੱਚ ਕਰਨਾ ਸੀ। ਇਨ੍ਹਾਂ ਸੰਸਥਾਵਾਂ ਅੰਦਰ ਸੰਘ ਦੀ ਵਿਚਾਰਧਾਰਾ ਵਾਲੇ ਵਾਈਸ ਚਾਂਸਲਰ ਲਾਏ ਗਏ ਤੇ ਪਾਠਕ੍ਰਮਾਂ ਵਿੱਚ ਬਦਲਾਅ ਕਰਕੇ ਵਿੱਦਿਅਕ ਵਾਤਾਵਰਨ ਨੂੰ ਦੂਸ਼ਿਤ ਕੀਤਾ ਗਿਆ।



ਇਹ ਸਭ ਕਰਨ ਦੇ ਬਾਵਜੂਦ ਉੱਚ ਸਿੱਖਿਆ ਸੰਸਥਾਵਾਂ ਵਿਚਲੇ ਵਿਗਿਆਨਕ ਸੋਚ ਦੇ ਲੋਕ ਲਗਾਤਾਰ ਜੂਝਦੇ ਰਹੇ ਹਨ। ਹੁਣ ਤਾਂ ਉਹ ਖੁੱਲ੍ਹ ਕੇ ਤਾਨਾਸ਼ਾਹੀ ਹੁਕਮਾਂ ਵਿਰੁੱਧ ਅਵਾਜ਼ ਚੁੱਕਣ ਲੱਗ ਪਏ ਹਨ। ਇਨ੍ਹੀਂ ਦਿਨੀਂ ਦੋ ਅਜਿਹੇ ਮਾਮਲੇ ਸਾਹਮਣੇ ਆਏ ਹਨ, ਜਿਹੜੇ ਸਾਬਤ ਕਰਦੇ ਹਨ ਕਿ ਲੋਕਤੰਤਰ ਵਿੱਚ ਆਸਥਾ ਰੱਖਣ ਵਾਲੇ ਅਧਿਆਪਕ ਤੇ ਵਿਦਿਆਰਥੀ ਉਨ੍ਹਾਂ ਉੱਪਰ ਮੜ੍ਹੇ ਗਏ ਤਾਨਾਸ਼ਾਹੀ ਹੁਕਮਾਂ ਨੂੰ ਕਬੂਲ ਕਰਨ ਲਈ ਤਿਆਰ ਨਹੀਂ ਹਨ।

ਪਹਿਲਾ ਮਾਮਲਾ ਭਾਰਤੀ ਵਿਗਿਆਨ ਸੰਸਥਾਨ ਬੇਂਗਲੁਰੂ ਦਾ ਹੈ, ਜਿੱਥੇ ਇੱਕ ਪ੍ਰੋਗਰਾਮ ਵਿੱਚ ਭਾਗ ਲੈਣ ਆਈ ਨਾਗਰਿਕ ਅਧਿਕਾਰ ਕਾਰਕੁਨ ਤੀਸਤਾ ਸੀਤਲਵਾੜ ਨੂੰ ਇੰਸਟੀਚਿਊਟ ਵਿੱਚ ਦਾਖ਼ਲ ਹੋਣ ਤੋਂ ਰੋਕ ਦਿੱਤਾ ਗਿਆ ਸੀ। ਪ੍ਰੋਗਰਾਮ ਦੇ ਆਯੋਜਕ ਵਿਦਿਆਰਥੀਆਂ ਨੇ ਪ੍ਰੋਗਰਾਮ ਦੀ ਰਜਿਸਟਰਾਰ ਤੋਂ ਮਨਜ਼ੂਰੀ ਵੀ ਲਈ ਹੋਈ ਸੀ। 'ਬਰੇਕ ਦਾ ਸਾਈਲੈਂਸ' ਨਾਮੀ ਇਸ ਪ੍ਰੋਗਰਾਮ ਵਾਲੇ ਦਿਨ ਜਦੋਂ ਤੀਸਤਾ ਸੀਤਲਵਾੜ ਆਈ ਤਾਂ ਉਸ ਨੂੰ ਗੇਟ 'ਤੇ ਹੀ ਰੋਕ ਦਿੱਤਾ ਗਿਆ। ਇਸ ਉੱਤੇ ਪ੍ਰੋਫ਼ੈਸਰਾਂ ਤੇ ਵਿਦਿਆਰਥੀਆਂ ਨੇ ਵਿਰੋਧ ਕੀਤਾ ਤਾਂ ਸੀਤਲਵਾੜ ਨੂੰ ਪ੍ਰੋਗਰਾਮ ਵਿੱਚ ਦਾਖ਼ਲ ਹੋਣ ਦੀ ਮਨਜ਼ੂਰੀ ਦਿੱਤੀ ਗਈ।

ਦੂਜੀ ਘਟਨਾ ਅਸ਼ੋਕਾ ਯੂਨੀਵਰਸਿਟੀ ਦੀ ਹੈ, ਜਿੱਥੇ ਇੱਕ ਖੋਜ ਪੱਤਰ ਉੱਤੇ ਉੱਠੇ ਵਿਵਾਦ ਤੋਂ ਬਾਅਦ ਅਰਥ ਸ਼ਾਸਤਰ ਦੇ ਸਹਾਇਕ ਪ੍ਰੋਫ਼ੈਸਰ ਸਬਸਾਚੀ ਦਾਸ ਨੂੰ ਅਸਤੀਫ਼ਾ ਦੇਣਾ ਪਿਆ ਸੀ। ਦਾਸ ਦਾ ਖੋਜ ਪੱਤਰ 'ਡੈਮੋਕ੍ਰੇਟਿਕ ਬੈਕਸਲਾਈਡਿੰਗ ਇਨ ਦ ਵਰਡਜ਼ ਲਾਰਜੈਸਟ ਡੈਮੋਕਰੇਸੀ' ਵਿੱਚ 2019 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿੱਚ ਹੇਰਾਫੇਰੀ ਬਾਰੇ ਪੜਤਾਲੀਆਂ ਤੱਥ ਪੇਸ਼ ਕੀਤੇ ਗਏ ਸਨ। ਇਸ ਖੋਜ ਪੱਤਰ ਦਾ ਸੱਤਾਧਾਰੀਆਂ ਵੱਲੋਂ ਵਿਰੋਧ ਕਰਨ ਉੱਤੇ ਯੂਨੀਵਰਸਿਟੀ ਨੇ ਇੱਕ ਬਿਆਨ ਰਾਹੀਂ ਆਪਣੇ ਆਪ ਨੂੰ ਖੋਜ ਪੱਤਰ ਤੋਂ ਵੱਖ ਕਰ ਲਿਆ ਸੀ। ਇਸ ਤੋਂ ਬਾਅਦ ਦਾਸ ਨੇ ਅਸਤੀਫ਼ਾ ਦੇ ਦਿੱਤਾ। ਪ੍ਰੋਫ਼ੈਸਰ ਸਬਸਾਚੀ ਦੇ ਅਸਤੀਫ਼ੇ ਤੋਂ ਬਾਅਦ ਅਰਥ ਸ਼ਾਸਤਰ ਦੇ ਇੱਕ ਹੋਰ ਪ੍ਰੋਫ਼ੈਸਰ ਬਾਲਾ ਕ੍ਰਿਸ਼ਨਣ ਨੇ ਵੀ ਅਸਤੀਫ਼ਾ ਦੇ ਦਿੱਤਾ। ਇਹੋ ਨਹੀਂ ਇਨ੍ਹਾਂ ਅਸਤੀਫ਼ਿਆਂ ਤੋਂ ਬਾਅਦ ਦੂਜੇ ਵਿਭਾਗਾਂ ਦੇ ਪ੍ਰੋਫ਼ੈਸਰ ਵੀ ਯੂਨੀਵਰਸਿਟੀ ਪ੍ਰਸ਼ਾਸਨ ਦੇ ਵਿਰੋਧ ਵਿੱਚ ਨਿੱਤਰ ਆਏ ਹਨ।

ਸਬਸਾਚੀ ਦਾਸ ਦੇ ਸਮਰਥਨ ਵਿੱਚ ਰਾਜਨੀਤੀ ਵਿਗਿਆਨ, ਸਮਾਜ ਸ਼ਾਸਤਰ ਅਤੇ ਮਾਨਵ ਵਿਭਾਗਾਂ ਨੇ ਬਿਆਨ ਜਾਰੀ ਕੀਤਾ ਹੈ। ਰਾਜਨੀਤੀ ਵਿਭਾਗ ਨੇ ਸਰਬਸੰਮਤੀ ਨਾਲ ਕਿਹਾ ਹੈ ਕਿ ਪ੍ਰੋ. ਸਬਸਾਚੀ ਨੂੰ ਯੂਨੀਵਰਸਿਟੀ ਵਿੱਚ ਵਾਪਸ ਲਿਆਂਦਾ ਜਾਵੇ। ਇਸ ਦੇ ਨਾਲ ਹੀ ਕਿਹਾ ਹੈ ਕਿ (**ਬਾਕੀ ਸਫ਼ਾ** 30 'ਤੇ)

# ਕੀ ਪ੍ਰੋ.ਫੈਸਰ ਭੁੱਲਰ ਦੀ ਰਿਹਾਈ ਹੋਵੇਗੀ ?

## ਬੋਰਡ ਵੱਲੋਂ ਹਾਈਕੋਰਟ ਨੂੰ ਦਿੱਤੀ ਜਾਣਕਾਰੀ ਕਿ ਰਿਵਿਊ ਬੋਰਡ 1 ਮਹੀਨੇ ਦੇ ਅੰਦਰ ਫ਼ੈਸਲਾ ਕਰੇਗਾ

27 ਸਾਲ ਤੋਂ ਦਿੱਲੀ ਬੰਬ ਧਮਾਕੇ ਦੀ ਸਜ਼ਾ ਕੱਟ ਰਹੇ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਨੂੰ ਲੈ ਕੇ ਹੁਣ 4 ਹਫ਼ਤੇ ਦੇ ਅੰਦਰ ਰਿਵਿਊ ਬੋਰਡ ਨੂੰ ਫ਼ੈਸਲਾ ਕਰਨਾ ਹੋਵੇਗਾ । ਬੋਰਡ ਨੇ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਜਾਣਕਾਰੀ ਦਿੱਤੀ ਹੈ ਕਿ ਕੈਦੀਆਂ ਦੀ ਸਜ਼ਾ ਮੁਆਫ਼ੀ ਨੂੰ ਬਣਿਆ ਰਿਵਿਊ ਬੋਰਡ 1 ਮਹੀਨੇ ਦੇ ਅੰਦਰ ਫ਼ੈਸਲਾ ਕਰ ਦੇਵੇਗਾ ।14 ਦਸੰਬਰ 2022 ਨੂੰ ਬੋਰਡ ਦੇ ਸਾਹਮਣੇ ਮੁੜ ਤੋਂ ਭੁੱਲਰ ਦੀ ਰਿਹਾਈ ਦਾ ਕੇਸ ਆਇਆ ਸੀ । ਜਨਵਰੀ ਵਿੱਚ ਜਦੋਂ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਸੁਣਵਾਈ ਹੋਈ ਸੀ ਤਾਂ ਅਦਾਲਤ ਨੂੰ ਦੱਸਿਆ ਗਿਆ ਸੀ ਕਿ ਹੁਣ ਤੱਕ ਕਿੰਨੀ ਵਾਰ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਬੋਰਡ ਵੱਲੋਂ ਖ਼ਾਰਜ ਕੀਤਾ ਗਿਆ ਹੈ । ਇਸ ਮਾਮਲੇ ਵਿੱਚ ਹੁਣ ਪੰਜਾਬ ਹਰਿਆਣਾ ਹਾਈਕੋਰਟ 18 ਅਕਤੂਬਰ ਨੂੰ ਸੁਣਵਾਈ ਕਰੇਗਾ।



ਵਾਰ-ਵਾਰ ਬੋਰਡ ਦੀਆਂ ਸ਼ਰਤਾਂ ਪੂਰੀ ਕਰਨ ਦੇ ਬਾਵਜੂਦ ਜਦੋਂ ਭੁੱਲਰ ਦੀ ਰਿਹਾਈ ਨਹੀਂ ਹੋ ਸਕੀ ਤਾਂ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਨੇ ਪ੍ਰੀ ਮੈਚੋਅਰ ਯਾਨੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ ਦੀ ਪਟੀਸ਼ਨ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਪਾਈ ਸੀ ।

ਭੁੱਲਰ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਸੀ ਕਿ ਉਹ ਪਿਛਲੇ 27 ਸਾਲਾਂ ਤੋਂ ਜੇਲ੍ਹ ਵਿੱਚ ਹਨ ਦਿੱਲੀ ਦੇ ਜੇਲ੍ਹ ਮੈਨੂਅਲ ਦੇ ਮੁਤਾਬਿਕ ਪ੍ਰੀ ਮੈਚੋਰ ਰਿਲੀਜ਼ ਦੇ ਲਈ ਬਿਨਾਂ ਕਿਸੇ ਛੋਟ 14 ਸਾਲ ਜੇਲ੍ਹ ਵਿੱਚ ਰਹਿਣਾ ਜ਼ਰੂਰੀ ਹੈ ਅਤੇ ਛੋਟ ਦੇ ਨਾਲ 20 ਸਾਲ ਜੇਲ੍ਹ ਵਿੱਚ ਰਹਿਣਾ ਪਰ ਉਹ 27 ਸਾਲ ਤੋਂ ਜੇਲ੍ਹ ਵਿੱਚ ਹਨ ।

ਯਾਦ ਰਹੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਵਿੱਚ ਸਿੱਖ ਕੈਦੀਆਂ ਨੂੰ ਛੱਡਣ ਦੀ ਜਿਹੜੀ ਲਿਸਟ ਤਿਆਰ ਹੋਈ ਸੀ ਉਸ ਵਿੱਚ ਕੇਂਦਰੀ ਗ੍ਰਹਿ ਮੰਤਰਾਲਾ ਨੇ 29 ਸਤੰਬਰ 2019 ਨੂੰ ਦਿੱਲੀ ਦੇ ਮੁੱਖ ਸਕੱਤਰ ਨੂੰ ਚਿੱਠੀ ਲਿਖ ਕੇ ਭੁੱਲਰ ਸਮੇਤ ਉਮਰ ਕੈਦ ਦਾ ਸਾਹਮਣਾ ਕਰ ਰਹੇ 8 ਕੈਦੀਆਂ ਦੀ ਜਾਣਕਾਰੀ ਮੰਗੀ ਸੀ । ਕੇਂਦਰ ਨੇ ਦਿੱਲੀ ਦੇ ਮੁੱਖ ਸਕੱਤਰ ਨੂੰ ਭੁੱਲਰ ਦੀ ਰਿਹਾਈ ਦੇ ਲਈ ਸਾਰੀ ਜ਼ਰੂਰੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਸਨ । ਪਰ ਦਿੱਲੀ ਸਰਕਾਰ ਦੇ ਸਜ਼ਾ ਰਿਵਿਊ ਬੋਰਡ ਨੇ ਤਿਹਾੜ ਜੇਲ੍ਹ ਵਿੱਚ ਪ੍ਰੋਫੈਸਰ ਭੁੱਲਰ ਨੂੰ ਸਮੇਂ ਤੋਂ ਪਹਿਲਾਂ ਰਿਹਾਈ ਦਾ ਕੋਈ ਫ਼ੈਸਲਾ ਨਹੀਂ ਲਿਆ ਸੀ । ਇਸ ਦੇ ਬਾਅਦ ਉਨ੍ਹਾਂ ਹਾਈਕੋਰਟ ਵਿੱਚ ਸਮੇਂ ਤੋਂ ਪਹਿਲਾਂ ਰਿਹਾਈ ਦੀ ਪਟੀਸ਼ਨ ਪਾਈ ਸੀ।

ਤਿਹਾੜ ਜੇਲ੍ਹ ਸੁਪਰਡੈਂਟ ਨੇ ਪੰਜਾਬ ਹਰਿਆਣਾ ਹਾਈਕੋਰਟ ਦੇ ਹੁਕਮਾਂ ਮੁਤਾਬਿਕ 25 ਜਨਵਰੀ ਨੂੰ ਸਟੇਟਸ ਰਿਪੋਰਟ ਦਾਇਰ ਕਰ ਦਿੱਤੀ ਸੀ । ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਦੇ ਮੰਤਰੀ ਸਤੇਂਦਰ ਜੈਨ ਸਜ਼ਾ ਸਮੀਖਿਆ ਬੋਰਡ ਦੇ ਮੁਖੀ ਸਨ । ਹਾਲਾਂ ਕਿ ਇਸ ਬੋਰਡ ਵਿੱਚ ਹੋਰ ਵੀ ਮੈਂਬਰ ਹਨ ਜੋ ਆਮ ਆਦਮੀ ਪਾਰਟੀ ਦੇ ਪ੍ਰਭਾਵ ਅਧੀਨ ਨਹੀਂ ਹਨ ।

ਸਟੇਟਸ ਰਿਪੋਰਟ ਮੁਤਾਬਿਕ ਪਟੀਸ਼ਨ ਕਰਤਾ ਭੁੱਲਰ ਵੱਲੋਂ ਸਮੇਂ ਤੋਂ ਪਹਿਲਾਂ ਰਿਹਾਈ ਦੇ ਲਈ ਦਿੱਲੀ ਸਰਕਾਰ ਦੇ ਸਜ਼ਾ ਰਿਵਿਊ ਕਮਿਸ਼ਨ ਬੋਰਡ ਦੇ ਸਾਹਮਣੇ 7ਵੀਂ ਵਾਰ ਅਪੀਲ ਕੀਤੀ ਗਈ ਹੈ । ਪਰ ਹਰ ਵਾਰ ਬੋਰਡ ਨੇ ਇਸ ਨੂੰ ਖ਼ਾਰਜ ਕਰ ਦਿੱਤਾ ਹੈ । 2018 ਵਿੱਚ 2 ਵਾਰ, 2019 ਵਿੱਚ 1 ਵਾਰ 2020 ਵਿੱਚ ਤਿੰਨ ਵਾਰ ਖ਼ਾਰਜ ਕੀਤਾ ਗਿਆ ਹੈ ਅਤੇ 2022 ਵਿੱਚ ਇੱਕ ਵਾਰ ਟਾਲ ਦਿੱਤਾ ਗਿਆ ਸੀ । ਇੱਕ ਵਾਰ ਮੁੜ ਤੋਂ 14 ਦਸੰਬਰ 2022 ਨੂੰ ਬੋਰਡ ਦੇ ਸਾਹਮਣੇ ਮੁੜ ਤੋਂ ਰੱਖਿਆ ਗਿਆ ਹੈ । ਬੋਰਡ ਦੀ ਅਖੀਰਲੀ ਬੈਠਕ ਦਾ ਨਤੀਜਾ ਹੁਣ ਤੱਕ ਸਾਹਮਣੇ ਨਹੀਂ ਆਇਆ ਹੈ। ਸਟੇਟਸ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਭੁੱਲਰ ਨੇ ਜਿਹੜਾ ਅਪਰਾਧ ਕੀਤਾ ਸੀ ਉਹ ਦੇਸ਼ ਵਿਰੋਧੀ ਸੀ ਤੇ ਭੁੱਲਰ ਖਾੜਕੂ ਵਾਰਦਾਤਾਂ ਵਿੱਚ ਸ਼ਾਮਲ ਸੀ । ਅਜਿਹੇ ਅਪਰਾਧ ਵਿੱਚ ਸਰਕਾਰ ਤੇ ਅਦਾਲਤ ਵੱਲੋਂ ਸਮੇਂ ਤੋਂ ਪਹਿਲਾਂ ਰਿਹਾਈ ਦਾ ਕੋਈ ਨਿਯਮ ਨਹੀਂ ਹੈ ।

ਯਾਦ ਰਹੇ ਕਿ ਦਵਿੰਦਰ ਪਾਲ ਸਿੰਘ ਭੁੱਲਰ ਨੂੰ 2001 ਵਿੱਚ ਮੌਤ ਦੀ ਸਜ਼ਾ ਮਿਲੀ ਸੀ । ਸਾਲ 2014 ਵਿੱਚ ਸੁਪਰੀਮ ਕੋਰਟ ਨੇ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਸੀ । ਭੁੱਲਰ 1995 ਤੋਂ ਜੇਲ੍ਹ ਵਿੱਚ ਹੈ । 2012 ਵਿੱਚ ਪਤਾ ਚੱਲਿਆ ਸੀ ਕੀ ਜੇਲ੍ਹ ਵਿੱਚ ਰਹਿਣ ਤੋਂ ਬਾਅਦ ਉਹ ਦਿਮਾਗ਼ੀ ਤੌਰ 'ਤੇ ਬਿਮਾਰ ਹੋ ਗਿਆ ਸੀ । ਫਿਰ ਉਸ ਦਾ ਇਲਾਜ ਦਿੱਲੀ ਦੇ ਇੱਕ ਹਸਪਤਾਲ ਵਿੱਚ ਕੀਤਾ ਗਿਆ ਸੀ । 2015 ਵਿੱਚ ਪੰਜਾਬ ਸਰਕਾਰ ਦੀ ਅਪੀਲ 'ਤੇ ਕੇਜਰੀਵਾਲ ਸਰਕਾਰ ਨੇ ਉਸ ਨੂੰ 2015 ਵਿੱਚ ਅੰਮ੍ਰਿਤਸਰ ਦੇ ਹਸਪਤਾਲ ਵਿੱਚ ਸ਼ਿਫ਼ਟ ਕਰ ਦਿੱਤਾ ਸੀ ।2016 ਵਿੱਚ ਪੰਜਾਬ ਸਰਕਾਰ ਨੇ ਭੁੱਲਰ ਨੂੰ ਪੈਰੋਲ 'ਤੇ ਬਾਹਰ ਆਉਣ ਦੀ ਇਜਾਜ਼ਤ ਦਿੱਤੀ ਸੀ । ਦਵਿੰਦਰ ਪਾਲ ਸਿੰਘ ਭੁੱਲਰ 'ਤੇ ਇਲਜ਼ਾਮ ਸੀ ਕੀ ਉਸ ਨੇ 1993 ਵਿੱਚ ਦਿੱਲੀ ਵਿੱਚ ਯੂਥ ਕਾਂਗਰਸ ਦੇ ਦਫ਼ਤਰ ਦੇ ਬਾਹਰ ਧਮਾਕਾ ਕੀਤਾ ਸੀ । ਇਸ ਧਮਾਕੇ ਵਿੱਚ 9 ਲੋਕਾਂ ਦੀ ਮੌਤ ਹੋਈ ਸੀ । ਭੁੱਲਰ ਦਾ ਟਾਰਗੈਟ ਤਤਕਾਲੀ ਯੂਥ ਕਾਂਗਰਸ ਦੇ ਪ੍ਰਧਾਨ ਮਨਜਿੰਦਰ ਸਿੰਘ ਬਿੱਟਾ ਸੀ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਕੇਜਰੀਵਾਲ ਸਿੱਖ ਬੰਦੀਆਂ ਦੀ ਰਿਹਾਈ ਲਈ ਸੁਹਿਰਦ ਨਹੀਂ। ਸਮਝਿਆ ਜਾਂਦਾ ਹੈ ਕਿ ਉਹ ਪ੍ਰੋਫੈਸਰ ਭੁੱਲਰ ਦੀ ਰਿਹਾਈ ਕਰਕੇ ਹਿੰਦੂ ਭਾਈਚਾਰੇ ਦੀ ਵੋਟ ਨੂੰ ਨਰਾਜ਼ ਨਹੀਂ ਕਰੇਗਾ। ਉਸ ਦਾ ਸਿੱਖਾਂ ਪ੍ਰਤੀ ਭਾਜਪਾ ਤੋਂ ਵੱਖਰਾ ਸਟੈਂਡ ਨਹੀਂ ਹੈ।

# ਪੰਜਾਬ ਦੀ ਸਿਆਸਤ 'ਚ ਬਣਨ ਲੱਗੇ ਨਵੇਂ ਸਮੀਕਰਨ

## ਪੰਚਾਇਤ ਚੋਣਾਂ ਦਾ ਮਾਮਲਾ ਅਦਾਲਤ 'ਚ ਪਹੁੰਚਿਆ

## ਹੜ੍ਹਾਂ ਕਾਰਨ ਪੰਜਾਬ 'ਚ ਸਿਆਸੀ ਸਰਗਰਮੀਆਂ ਢਿੱਲੀਆਂ ਪਈਆਂ






ਪੰਜਾਬ ਦੀ ਸਿਆਸਤ ਵਿੱਚ ਅਗਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਨਵੇਂ ਸਿਆਸੀ ਸਮੀਕਰਨ ਬਣਨ ਲੱਗੇ ਹਨ, ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਇਸ ਸਮੇਂ ਹੜ੍ਹਾਂ ਦਾ ਸ਼ਿਕਾਰ ਪੰਜਾਬ 'ਚ ਸਿਆਸੀ ਸਰਗਰਮੀਆਂ ਢਿੱਲੀਆਂ ਵੀ ਪੈ ਗਈਆਂ ਹਨ। ਪੰਜਾਬ ਵਿੱਚ ਰਾਜ ਕਰ ਰਹੀ ਸਿਆਸੀ ਪਾਰਟੀ ਦੇ ਆਗੂਆਂ ਸਮੇਤ ਵਿਰੋਧੀ ਧਿਰ ਦੇ ਆਗੂ ਅਤੇ ਹੋਰ ਸਿਆਸੀ ਆਗੂ ਵੀ ਇਸ ਸਮੇਂ ਹੜ੍ਹਾਂ ਦੀ ਮਾਰ ਸਹਿ ਰਹੇ ਲੋਕਾਂ ਦੀ ਸਹਾਇਤਾ ਕਰਨ ਦਾ ਦਾਅਵਾ ਕਰ ਰਹੇ ਹਨ। ਭਾਵੇਂ ਵਿਰੋਧੀ ਧਿਰ ਦੇ ਆਗੂ ਅਤੇ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂ ਹਰ ਗਲ 'ਤੇ ਪੰਜਾਬ ਸਰਕਾਰ ਦੀ ਨਿਖੇਧੀ ਕਰਨਾ ਨਹੀਂ ਭੁਲਦੇ, ਪਰ ਇਸ ਸਮੇਂ ਪੰਜਾਬੀਆਂ ਦਾ ਧਿਆਨ ਲੀਡਰਾਂ ਦੀ ਬਿਆਨਬਾਜ਼ੀ ਦੀ ਥਾਂ ਹੜ੍ਹਾਂ ਤੋਂ ਪੀੜਤ ਲੋਕਾਂ ਨੂੰ ਬਚਾਉਣ ਅਤੇ ਉਹਨਾਂ ਨੂੰ ਸਹਾਇਤਾ ਪਹੁੰਚਾਉਣ ਵੱਲ ਵਧੇਰੇ ਲੱਗਿਆ ਹੋਇਆ ਹੈ, ਜਿਸ ਕਾਰਨ ਪੰਜਾਬ 'ਚ ਸਿਆਸੀ ਸਰਗਰਮੀਆਂ ਇੱਕ ਤਰਾਂ ਠੱਪ ਹੋ ਗਈਆਂ ਹਨ।

ਭਾਰਤ ਵਿੱਚ ਅਗਲੀਆਂ ਲੋਕ ਸਭਾ ਚੋਣਾਂ ਹੋਣ ਵਿੱਚ ਇਕ ਸਾਲ ਤੋਂ ਘੱਟ ਸਮਾਂ ਰਹਿ ਗਿਆ ਹੈ, ਜਿਸ ਕਰਕੇ ਭਾਰਤ ਵਿੱਚ ਸਰਗਰਮ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਇਹਨਾਂ ਚੋਣਾਂ ਲਈ ਹੁਣੇ ਤੋਂ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਅਗਲੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਵੱਖ- ਵੱਖ ਦਾਅਵੇ ਕੀਤੇ ਜਾ ਰਹੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੇ ਤਾਂ ਇਸ ਵਾਰ ਲਾਲ ਕਿਲੇ ਤੋਂ ਐਲਾਨ ਵੀ ਕਰ ਦਿੱਤਾ ਹੈ ਕਿ ਅਗਲੇ ਸਾਲ ਵੀ ਉਹ ਹੀ ਲਾਲ ਕਿਲੇ 'ਤੇ ਤਿਰੰਗਾ ਝੰਡਾ ਲਹਿਰਾਉਣਗੇ। ਦੂਜੇ ਪਾਸੇ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਵੀ ਸਾਂਝਾ ਗਠਜੋੜ 'ਇੰਡੀਆ' ਬਣਾ ਕੇ ਅਗਲੀਆਂ ਚੋਣਾਂ ਸਬੰਧੀ ਪੂਰੀ ਤਰਾਂ ਸਰਗਰਮ ਹੋ ਗਈਆਂ ਹਨ।

ਪੰਜਾਬ ਵਿੱਚ ਵੀ ਲੋਕ ਸਭਾ ਚੋਣਾਂ ਪੂਰੇ ਦੇਸ਼ ਦੇ ਨਾਲ ਹੀ ਹੋਣ ਦੀ ਸੰਭਾਵਨਾ ਹੈ। ਇਸ ਕਰਕੇ ਪੰਜਾਬ ਵਿੱਚ ਸਰਗਰਮ ਸਿਆਸੀ ਪਾਰਟੀਆਂ ਵੀ ਲੋਕ ਸਭਾ ਚੋਣਾਂ ਲਈ ਪੂਰੀ ਤਰਾਂ ਤਿਆਰੀਆਂ ਕਰ ਰਹੀਆਂ ਹਨ। ਦੂਜੇ ਪਾਸੇ ਪੰਜਾਬ ਸਰਕਾਰ ਨੇ ਪੰਚਾਇਤਾਂ ਭੰਗ ਕਰਨ ਦਾ ਐਲਾਨ ਕੀਤਾ ਹੈ, ਪਰ ਇਹ ਮਾਮਲਾ ਅਦਾਲਤ ਵਿੱਚ ਹੋਣ ਕਰਕੇ ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਕੁਝ ਸਿਆਸੀ ਅ ਾਗੂ ਸਮੇਂ ਤੋਂ ਪਹਿਲਾਂ ਪੰਚਾਇਤਾਂ ਨੂੰ ਭੰਗ ਕਰਨ ਨੂੰ ਗਲਤ ਕਹਿ ਰਹੇ ਹਨ ਅਤੇ ਪੰਚਾਇਤਾਂ ਨੂੰ ਉਹਨਾਂ ਦਾ ਕਾਰਜਕਾਲ ਪੂਰਾ ਕਰਨ ਦੀ ਮੰਗ ਕਰ ਰ ਹੇ ਹਨ। ਇਸ ਤਰਾਂ ਪੰਚਾਇਤੀ ਚੋਣਾਂ ਦਾ ਰੇੜਕਾ ਸ਼ੁਰੂ ਹੋ ਗਿਆ ਹੈ, ਜਿਸ ਕਾਰਨ ਪੰਜਾਬ ਦੀ ਸਿਆਸਤ ਵਿੱਚ ਨਵੇਂ ਸਮੀਕਰਨ ਬਣਨ ਦੀ ਸੰਭਾਵਨਾ ਬਣ ਗਈ ਹੈ। ਪੰਜਾਬ ਵਿੱਚ ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਅਤੇ ਹੋਰ ਸਿਆਸੀ ਪਾਰਟੀਆਂ ਭਾਵੇਂ ਜੋ ਮਰਜ਼ੀ ਦਾਅਵੇ ਕਰੀ ਜਾਣ ਪਰ ਇਸ ਸਮੇਂ ਪੰਜਾਬ ਦੀ ਸਿਆਸੀ ਸਥਿਤੀ ਇਹ ਹੈ ਕਿ ਪੰਜਾਬ ਵਿੱਚ ਇਸ ਸਮੇਂ ਕਿਸੇ ਵੀ ਸਿਆਸੀ ਪਾਰਟੀ ਦੇ ਪੱਖ ਵਿਚ ਹਵਾ ਨਹੀਂ ਹੈ। ਇਸ ਦੇ ਬਾਵਜੂਦ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂ ਹਰ ਦਿਨ ਵੱਖ ਵੱਖ ਦਾਅਵੇ ਕਰ ਰਹੇ ਹਨ। ਇਸ ਤੋਂ ਇਲਾਵਾ ਕਰੀਬ ਪੂਰੇ ਪੰਜਾਬ ਦਾ ਧਿਆਨ ਪੰਜਾਬ ਵਿੱਚ ਮੁੜ ਆਏ ਹੜ੍ਹਾਂ ਵੱਲ ਲੱਗਿਆ ਹੋਣ ਕਰਕੇ ਲੋਕ ਸਿਆਸੀ ਸਰਗਰਮੀਆਂ ਵਿੱਚ ਹਿੱਸਾ ਘੱਟ ਲੈ ਰਹੇ ਹਨ, ਜਿਸ ਕਰਕੇ ਪੰਜਾਬ ਵਿੱਚ ਸਿਆਸੀ ਸਰਗਰਮੀਆਂ ਘੱਟ ਹੋ ਰਹੀਆਂ ਹਨ ਅਤੇ ਸਭ ਦਾ ਧਿਆਨ ਪੰਜਾਬ 'ਚ ਮੁੜ ਆਏ ਹੜ੍ਹਾਂ ਵੱਲ ਲੱਗਿਆ ਹੋਇਆ ਹੈ।


DIAMOND TRANSPORTATION

DIAMOND
Transportation
Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205



# ਮਹਿੰਗਾਈ, ਸਰਕਾਰ ਬਨਾਮ ਪੱਤਰਕਾਰਤਾ

## ਮਹਿੰਗਾਈ ਤੈਅ ਕਰ ਰਹੀ ਹੈ ਪੱਤਰਕਾਰਤਾ ਦੀ ਕੀਮਤ

## ਵੱਧ ਰਹੀ ਮਹਿੰਗਾਈ ਸਬੰਧੀ ਕੇਂਦਰ ਸਰਕਾਰ ਅਤੇ ਮੀਡੀਆ ਦੀ ਚੁੱਪੀ ਬਣੀ 'ਭੇਦ'

## ਮਨਮੋਹਨ ਸਰਕਾਰ ਵੇਲੇ ਮਹਿੰਗਾਈ ਦਾ ਰੌਲਾ ਪਾਉਣ ਵਾਲੇ ਸਿਆਸੀ ਆਗੂ ਹੁਣ ਖ਼ਾਮੋਸ਼ ਕਿਓਂ ?






ਭਾਰਤ ਵਿੱਚ ਮਹਿੰਗਾਈ 'ਚ ਦਿਨੋਂ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਦੂਜੇ ਪਾਸੇ ਕੇਂਦਰ ਸਰਕਾਰ ਅਤੇ ਸਰਕਾਰ ਪੱਖੀ ਮੀਡੀਆ ਮਹਿੰਗਾਈ ਸਬੰਧੀ ਖ਼ਾਮੋਸ਼ ਹੈ। ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦੋਂ ਮਨਮੋਹਨ ਸਰਕਾਰ ਵੇਲੇ ਮਹਿੰਗਾਈ ਦਾ ਸਭ ਤੋਂ ਵੱਧ ਰੌਲਾ ਪਾਉਣ ਵਾਲੇ ਸਿਆਸੀ ਆਗੂ ਇਸ ਸਮੇਂ ਸੱਤਾ ਦਾ ਸੁੱਖ ਭੋਗਦਿਆਂ ਮਹਿੰਗਾਈ ਦੇ ਮੁੱਦੇ 'ਤੇ ਗਲ ਕਰਨ ਲਈ ਤਿਆਰ ਹੀ ਨਹੀਂ, ਨਾ ਹੀ ਉਹ ਕਿਸੇ ਨੂੰ ਇਸ ਸਵਾਲ ਦਾ ਜਵਾਬ ਦੇ ਰਹੇ ਹਨ। ਮਨਮੋਹਨ ਸਰਕਾਰ ਵੇਲੇ ਜਿਹੜੇ ਆਗੂ ਉਸ ਸਮੇਂ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮੋਨੀ ਬਾਬਾ ਕਹਿੰਦੇ ਸਨ, ਹੁਣ ਉਹ ਆਗੂ ਖੁਦ ਕਿਸੇ ਸਵਾਲ ਦਾ ਜਵਾਬ ਦੇਣ ਤੋਂ ਟਾਲਾ ਵੱਟ ਰਹੇ ਹਨ। ਵੱਧ ਰਹੀ ਮਹਿੰਗਾਈ ਦੇ ਬਾਵਜੂਦ ਸਰਕਾਰ ਪੱਖੀ ਮੀਡੀਆ ਸਰਕਾਰ ਦਾ ਗੁਣ ਗਾਣ ਕਰ ਰਿਹਾ ਹੈ, ਇਸ ਤਰਾਂ ਮਹਿੰਗਾਈ ਅਤੇ ਟਮਾਟਰਾਂ ਦੀਆਂ ਵਧੀਆ ਕੀਮਤਾਂ ਪੱਤਰਕਾਰਤਾ ਦੀ ਕੀਮਤ ਤੈਅ ਕਰ ਰਹੀਆਂ ਹਨ।

ਦੇਸ਼ ਵਿੱਚ ਵੱਖ-ਵੱਖ ਵਸਤਾਂ ਦੀਆਂ ਵਧਦੀਆਂ ਕੀਮਤਾਂ ਹਮੇਸ਼ਾ ਹੀ ਖ਼ਬਰਾਂ ਵਿੱਚ ਰਹਿੰਦੀਆਂ ਹਨ। ਸ਼ਾਇਦ ਹੀ ਕੋਈ ਅਜਿਹਾ ਰਾਜ ਆਇਆ ਹੋਵੇ ਜਦੋਂ ਮਹਿੰਗਾਈ 'ਤੇ ਸਵਾਲ ਨਾ ਉਠਾਏ ਗਏ ਹੋਣ ਅਤੇ ਸਰਕਾਰਾਂ ਨੇ ਜਵਾਬ ਨਾ ਦਿੱਤੇ ਹੋਣ। ਟਮਾਟਰ ਦੀਆਂ ਅਸਮਾਨ ਛੂਹ ਰਹੀਆਂ ਕੀਮਤਾਂ ਹੁਣ ਆਮ ਲੋਕਾਂ ਨੂੰ ਪਰੇਸ਼ਾਨ ਕਰਨ ਤੋਂ ਬਾਅਦ ਹੇਠਾਂ ਆ ਰਹੀਆਂ ਹਨ। ਟਮਾਟਰ, ਜੋ ਕਿ ਹਰ ਕਿਸੇ ਦੀ ਰਸੋਈ ਵਿੱਚ ਜ਼ਰੂਰੀ ਕਹੇ ਜਾਂਦੇ ਹਨ, ਦੀਆਂ ਕੀਮਤਾਂ ਬੇਮਿਸਾਲ ਉਚਾਈ ਨੂੰ ਛੂਹ ਗਈਆਂ ਹਨ ਪਰ ਅਜਿਹਾ ਲੱਗਦਾ ਹੈ ਕਿ ਮੌਜੂਦਾ ਸ਼ਾਸਨ ਵਿੱਚ ਮਹਿੰਗੇ ਟਮਾਟਰ ਬਹਿਸ ਕਰਨ ਯੋਗ ਨਹੀਂ ਹਨ - ਜਿਵੇਂ ਕਿ ਹੋਰ ਖਪਤਕਾਰ ਵਸਤੂਆਂ ਦੀਆਂ ਵਧਦੀਆਂ ਕੀਮਤਾਂ ਹਨ। ਇਹ ਹੋਰ ਗੱਲ ਹੈ ਕਿ ਮਹਿੰਗਾਈ ਉਨ੍ਹਾਂ ਮੁੱਦਿਆਂ ਵਿੱਚੋਂ ਇੱਕ ਸੀ ਜਿਸ ਦੇ ਆਧਾਰ 'ਤੇ ਭਾਜਪਾ ਨੇ 2014 ਵਿੱਚ ਕੇਂਦਰੀ ਸੱਤਾ 'ਤੇ ਕਬਜ਼ਾ ਕੀਤਾ ਸੀ। ਇਹ ਅੱਜ ਦੇ ਹਾਕਮਾਂ ਅਤੇ ਵਿਰੋਧੀ ਧਿਰ ਦੇ ਉਸ ਸਮੇਂ ਦੇ ਝੰਡੇਬਰਦਾਰਾਂ ਲਈ ਇੱਕ ਜਾਦੂ ਸੀ, ਜਿਸ ਕਾਰਨ ਜਨਤਾ ਨੂੰ ਕਾਫ਼ੀ ਪਰੇਸ਼ਾਨੀ ਹੋਈ।

2014 ਤੋਂ ਪਹਿਲਾਂ, ਜਦੋਂ ਭਾਰਤੀ ਜਨਤਾ ਪਾਰਟੀ ਵਿਰੋਧੀ ਧਿਰ ਵਿੱਚ ਸੀ, ਮਹਿੰਗਾਈ ਹਮੇਸ਼ਾ ਇੱਕ ਵੱਡਾ ਮੁੱਦਾ ਸੀ। ਅਜਿਹਾ ਇਸ ਲਈ ਵੀ ਹੋਣਾ ਚਾਹੀਦਾ ਹੈ ਕਿਉਂਕਿ ਆਮ ਆਦਮੀ ਦਾ ਬਜਟ ਵਿਗਾੜਨ ਤੋਂ ਲੈ ਕੇ ਉਸ ਦੀ ਕਮਰ ਤੋੜਨ ਤੱਕ ਦੇ ਕੰਮ ਇਹ ਕਰਦੇ ਹਨ। ਬਹੁਤ ਪੁਰਾਣੀਆਂ ਗੱਲਾਂ ਨੂੰ ਛੱਡ ਕੇ ਅੱਜ ਭਾਜਪਾ ਦੀ ਜਥੇਬੰਦੀ ਅਤੇ ਸਰਕਾਰ ਵਿੱਚ ਅਹਿਮ ਅਹੁਦਿਆਂ 'ਤੇ ਬੈਠੇ ਬਹੁਤੇ ਆਗੂ ਇਸ ਸਰਕਾਰ ਦੇ ਆਉਣ ਤੋਂ ਪਹਿਲਾਂ ਮਹਿੰਗਾਈ ਵਿਰੋਧੀ ਲਹਿਰਾਂ ਵਿੱਚ ਜ਼ਰੂਰ ਹਿੱਸਾ ਲੈਣਗੇ ਜਾਂ ਫਿਰ ਖਾਲੀ ਸਿਲੰਡਰ ਵਾਲੇ ਜਾਂ ਮਹਿੰਗੀਆਂ ਸਬਜ਼ੀਆਂ ਦੇ ਹਾਰ ਪਾ ਕੇ ਫੋਟੋਆਂ ਜ਼ਰੂਰ ਖਿੱਚੀਆਂ ਹੋਣਗੀਆਂ। ਇਸ ਦੇ ਲਈ ਉਹ ਸਾਬਕਾ ਸਰਕਾਰਾਂ 'ਤੇ ਤਿੱਖੇ ਹਮਲੇ ਕਰਦੇ ਸਨ ਅਤੇ ਸੰਸਦ ਦੇ ਅੰਦਰ ਅਤੇ ਬਾਹਰ ਆਪਣੀ ਆਵਾਜ਼ ਬੁਲੰਦ ਕਰਦੇ ਸਨ। ਇਸ ਵਿੱਚ ਕੁਝ ਵੀ ਗਲਤ ਨਹੀਂ ਹੈ ਅਤੇ ਵਿਰੋਧੀ ਧਿਰ ਵਜੋਂ ਇਹ ਉਨ੍ਹਾਂ ਦਾ ਫਰਜ਼ ਵੀ ਸੀ।

ਜਦੋਂ ਨਿਜ਼ਾਮ ਬਦਲ ਗਿਆ ਹਾਕਮ ਬਦਲ ਗਏ ਅਤੇ ਹਾਲਾਤ ਬਦਲ ਗਏ। ਜਿਹੜੇ ਲੋਕ ਪਹਿਲਾਂ ਪਾਣੀ ਪੀ ਕੇ ਮਹਿੰਗਾਈ ਨੂੰ ਕੋਸਦੇ ਸਨ, ਹੁਣ ਉਨ੍ਹਾਂ ਦੇ ਗਲੇ ਸੁੱਕਣੇ ਬੰਦ ਹੋ ਗਏ ਹਨ। ਭਾਜਪਾ ਦਾ ਸ਼ਾਸਨ ਅਜਿਹਾ ਹੈ ਕਿ ਉਹ ਕਿਸੇ ਮੁੱਦੇ 'ਤੇ ਨਾ ਤਾਂ ਗੱਲਬਾਤ ਕਰਦੀ ਹੈ ਅਤੇ ਨਾ ਹੀ ਜਵਾਬ ਦਿੰਦੀ ਹੈ। ਫਿਰ ਚਾਹੇ ਉਹ ਭ੍ਰਿਸ਼ਟਾਚਾਰ ਹੋਵੇ ਜਾਂ ਉਸ ਵੱਲੋਂ ਲਏ ਗਏ ਗਲਤ ਆਰਥਿਕ ਫੈਸਲਿਆਂ ਦੇ ਮਾੜੇ ਪ੍ਰਭਾਵ, ਚੀਨ ਦੀ ਘੁਸਪੈਠ ਜਾਂ ਪੁਲਵਾਮਾ ਕਾਂਡ ਦੌਰਾਨ ਸਿਹਤ ਦਾ ਕੁਸ਼ਾਸਨ ਜਾਂ ਫਿਰ ਕੋਰੋਨਾ। ਸਰਕਾਰ ਨੇ ਕਦੇ ਵੀ ਕਿਸੇ ਵਿਸ਼ੇ 'ਤੇ ਆਪਣਾ ਫਰਜ਼ ਨਹੀਂ ਨਿਭਾਇਆ ਅਤੇ ਨਾ ਹੀ ਜਵਾਬਦੇਹੀ ਦੀ ਕੋਈ ਭਾਵਨਾ ਦਿਖਾਈ ਹੈ। ਲੋਕਾਂ ਨੂੰ ਇਸ ਪ੍ਰਕਿਰਿਆ ਤੋਂ ਹਮੇਸ਼ਾ ਅਣਜਾਣ ਰੱਖਿਆ ਗਿਆ ਕਿ ਕੋਈ ਵੀ ਫੈਸਲਾ ਕਿਵੇਂ ਲਿਆ ਜਾਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੋਵੇ ਜਾਂ ਉਨ੍ਹਾਂ ਦੀ ਸਰਕਾਰ ਦਾ ਕੋਈ ਵੀ ਮੰਤਰੀ, ਉਹ ਸ਼ਾਇਦ ਹੀ ਕਿਸੇ ਵਿਸ਼ੇ 'ਤੇ ਜਨਤਾ ਨੂੰ ਸੰਤੁਸ਼ਟ ਕਰ ਸਕੇ ਕਿਉਂਕਿ ਸਾਰੀਆਂ ਸ਼ਕਤੀਆਂ ਖੁਦ ਮੋਦੀ ਦੇ ਅਧੀਨ ਹਨ, ਇਸ ਲਈ ਹੋਰ ਮੰਤਰੀਆਂ, ਅਧਿਕਾਰੀਆਂ, ਸੰਸਥਾਵਾਂ, ਵਿਭਾਗਾਂ ਦੀ ਸਥਿਤੀ ਹਾਂ ਕਹਿਣ ਤੋਂ ਵੱਧ ਕੁਝ ਨਹੀਂ ਹੈ। ਜਦੋਂ ਸਥਿਤੀ ਇਹੋ ਜਿਹੀ ਹੈ, ਤਾਂ ਕਿਸੇ ਵੀ ਚੀਜ਼ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ।

ਕੇਂਦਰ ਸਰਕਾਰ ਹੋਵੇ ਜਾਂ ਦੇਸ਼ ਦੇ ਕਿਸੇ ਵੀ ਸੂਬੇ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਇਹ ਨਹੀਂ ਦੱਸ ਰਹੀ ਕਿ ਜਿਹੜਾ ਪੈਟਰੋਲ ਪਹਿਲਾਂ 40-45 ਰੁਪਏ ਹੋਣ ਦੇ ਬਾਵਜੂਦ ਮਹਿੰਗਾ ਹੁੰਦਾ ਸੀ, ਅੱਜ 100 ਰੁਪਏ ਦਾ ਹੋਣ ਦੇ ਬਾਵਜੂਦ ਸਸਤਾ ਹੈ। ? ਇਸੇ ਤਰ੍ਹਾਂ ਡੀਜ਼ਲ, ਰਸੋਈ ਗੈਸ, ਤੇਲ, ਮਸਾਲੇ, ਸਬਜ਼ੀਆਂ ਆਦਿ ਮਹਿੰਗੀਆਂ ਹੋਣ ਦੇ ਬਾਵਜੂਦ ਸਰਕਾਰ ਅਤੇ ਇਸ ਦੇ ਆਗੂ ਅਤੇ ਸਮਰਥਕ ਕਿਉਂ ਸਸਤੇ ਪਾਉਂਦੇ ਹਨ ?

ਜਦੋਂ ਵੀ ਇਸ ਪੂਰੇ ਦੌਰ ਦਾ ਮੁਲਾਂਕਣ ਕੀਤਾ ਜਾਵੇਗਾ ਤਾਂ ਇਹ ਤੈਅ ਹੈ ਕਿ ਮੀਡੀਆ ਨੂੰ ਆਪਣੀ ਚੁੱਪ ਲਈ ਸਭ ਤੋਂ ਵੱਧ ਕੋਸਿਆ ਜਾਵੇਗਾ। ਲੋਕਤੰਤਰ ਦੇ ਚੌਥੇ ਥੰਮ੍ਹ ਵਜੋਂ ਪ੍ਰਵਾਨਿਤ ਮੀਡੀਆ ਸ਼ਾਸਨ ਨੂੰ ਗੈਰ-ਜ਼ਿੰਮੇਵਾਰ ਅਤੇ ਲੋਕ-ਵਿਰੋਧੀ ਬਣਨ ਵਿੱਚ ਇੱਕ ਵੱਡੇ ਸਾਜ਼-ਸਾਮਾਨ ਵਜੋਂ ਯਾਦ ਕੀਤਾ ਜਾਵੇਗਾ। ਮਹਿੰਗਾਈ ਦੇ ਸੰਦਰਭ ਵਿੱਚ ਮੀਡੀਆ ਨੇ ਇਸ ਝੂਠ ਨੂੰ ਫੈਲਾਉਣ ਅਤੇ ਲੋਕਾਂ ਵਿੱਚ ਭਰਮਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਕਿ ਕੀਮਤਾਂ ਇਸ ਲਈ ਵਧਾਈਆਂ ਗਈਆਂ ਹਨ ਕਿਉਂਕਿ ਇਹ ਸਰਕਾਰ ਨੂੰ ਦੇਸ਼ ਵਿਰੋਧੀ ਤਾਕਤਾਂ ਨਾਲ ਲੜਨ ਵਿੱਚ ਮਦਦ ਕਰ ਰਹੀ ਹੈ। ਵੈਸੇ, ਇਸ ਮਹਿੰਗਾਈ ਨੂੰ ਵਧਾਉਣ ਲਈ ਇਕੱਲਾ ਰਾਸ਼ਟਰਵਾਦ ਜ਼ਿੰਮੇਵਾਰ ਨਹੀਂ ਹੈ। ਸਮਾਜ ਵਿੱਚ ਜੋ ਹਿੰਸਾ ਅਤੇ ਨਫ਼ਰਤ ਦਾ ਮਾਹੌਲ ਬਣਿਆ ਹੋਇਆ ਹੈ, ਉਸ ਨੇ ਸਰਕਾਰ ਵੱਲੋਂ ਮਹਿੰਗਾਈ ਵਧਾਉਣ ਨੂੰ ਵੀ ਜਾਇਜ਼ ਠਹਿਰਾਇਆ ਹੈ। ਇੱਕ ਵੱਡੇ ਵਰਗ ਦਾ ਮੰਨਣਾ ਹੈ ਕਿ ਮੋਦੀ ਸਰਕਾਰ ਬਹੁਗਿਣਤੀ ਦੇ ਧਰਮ ਦੀ ਰਾਖੀ ਕਰ ਰਹੀ ਹੈ, ਇਸ ਲਈ ਅਜਿਹੇ ਛੋਟੇ ਕਾਰਨਾਂ ਕਰਕੇ ਇਸ ਦੀ ਆਲੋਚਨਾ ਨਹੀਂ ਕੀਤੀ ਜਾਣੀ ਚਾਹੀਦੀ।




ਮੀਡੀਆ ਨੇ ਰਾਸ਼ਟਰਵਾਦ, ਹਿੰਸਾ ਅਤੇ ਆਪਸੀ ਨਫ਼ਰਤ ਨੂੰ ਹੱਲਾਸ਼ੇਰੀ ਦੇਣ ਦੇ ਇੱਕ ਮਾਸਟਰ ਸਟ੍ਰੋਕ ਵਜੋਂ ਸਰਕਾਰ ਅਤੇ ਭਾਜਪਾ ਦੀ ਕਾਰਵਾਈ ਦੀ ਹਮੇਸ਼ਾ ਵਡਿਆਈ ਅਤੇ ਖੁੱਲ੍ਹ ਕੇ ਸਮਰਥਨ ਕੀਤਾ ਹੈ, ਜਿਸ ਨੇ ਸਰਕਾਰ ਨੂੰ ਜਾਂ ਤਾਂ ਅਣਡਿੱਠ ਕਰਨ ਜਾਂ ਅਸੁਵਿਧਾਜਨਕ ਸਵਾਲ ਪੁੱਛਣ ਲਈ ਉਤਸ਼ਾਹਿਤ ਕੀਤਾ ਅਤੇ ਲੋਕਾਂ ਦਾ ਅਪਮਾਨ ਜਾਂ ਤਸ਼ੱਦਦ ਕੀਤਾ। ਜਿਨ੍ਹਾਂ ਦੀ ਪਛਾਣ ਸਰਕਾਰ ਵਿਰੋਧੀ ਵਜੋਂ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਸਿੱਧੇ ਤੌਰ 'ਤੇ ਜੇਲ੍ਹਾਂ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ - ਭਾਵੇਂ ਉਹ ਪੱਤਰਕਾਰ ਹੋਣ ਜਾਂ ਕੋਈ ਸਵੈ-ਸੇਵੀ ਸੰਸਥਾ। ਮਹਿੰਗਾਈ ਵੀ ਇੱਕ ਅਜਿਹਾ ਵਿਸ਼ਾ ਹੈ ਜੋ ਸਰਕਾਰ ਨੂੰ ਬੇਚੈਨ ਕਰਦਾ ਹੈ।

(ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

23 ਅਗਸਤ ਤੋਂ 29 ਅਗਸਤ, 2023

# ਕੀ ਬਦਲਿਆ ? ਤੇ ਬਦਲਦਾ ਕਿਉਂ ਨਹੀਂ ?

ਬੀਤੇ ਦਿਨੀਂ ਸੰਗਰੂਰ ਨੇੜਲੇ ਪਿੰਡ ਲੌਂਗੋਵਾਲ ਵਿਖੇ ਪੁਲਿਸ ਦੀ ਕਿਸਾਨਾਂ ਨਾਲ ਤਕੜੇ ਹੱਥੀਂ ਝੜਪ ਹੋਈ ਹੈ ਜਿਸ ਵਿੱਚ ਇੱਕ ਕਿਸਾਨ ਦੀ ਮੌਤ ਅਤੇ ਅਨੇਕਾਂ ਕਿਸਾਨ ਜ਼ਖਮੀ ਹੋਏ ਹਨ। ਇਸ ਦੇ ਨਾਲ ਹੀ ਪੁਲਿਸ ਦੇ ਕਰਮਚਾਰੀ ਵੀ ਜ਼ਖਮੀ ਹੋਏ ਹਨ। ਬਜ਼ੁਰਗ ਕਿਸਾਨ ਪ੍ਰੀਤਮ ਸਿੰਘ ਦੀ ਮੌਤ ਹੋਈ ਹੈ। ਕਿਸਾਨਾਂ ਮੁਤਾਬਕ ਕੁਝ ਨੌਜਵਾਨਾਂ ਅਤੇ ਬੀਬੀਆਂ ਨੂੰ ਵੀ ਪੁਲਿਸ ਨੇ ਫੜਕੇ ਠਾਣੇ ਵਿੱਚ ਰੱਖਿਆ ਹੋਇਆ ਹੈ। ਇੰਡੀਆ ਦੀ ਹਕੂਮਤ ਵੱਲੋਂ ਸੰਵਿਧਾਨ ਵਿੱਚ ਲਿਖਤੀ ਤੌਰ ’ਤੇ ਦਿੱਤੀ ਹੋਈ ਧਰਨੇ ਮੁਜ਼ਾਹਰੇ ਕਰਨ ਦੀ ਰਿਆਇਤ ਤਹਿਤ ਆਪਣਾ ਰੋਸ ਜ਼ਾਹਰ ਕਰਨ ਲਈ ਜਾ ਰਹੇ ਕਿਸਾਨਾਂ ਨੂੰ ਰੋਕਣਾ ਅਤੇ ਅੱਗੇ ਟਕਰਾਅ ਵਿੱਚ ਲੈ ਕੇ ਜਾਣਾ ਮੰਦਭਾਗਾ ਹੈ। ਪੰਜਾਬ ਸਮੇਤ ਪੂਰੇ ਇੰਡੀਆ ਵਿੱਚ ਸਮੇਂ ਸਮੇਂ ’ਤੇ ਕਿਸਾਨ, ਵਪਾਰੀ, ਆਮ ਲੋਕ ਸਰਕਾਰ ਦੀ ਬੇਇਨਸਾਫ਼ੀ ਵਿਰੁੱਧ ਅਪਣਾ ਰੋਸ ਦਿਖਾਉਂਦੇ ਰਹੇ, ਪਰ ਹੁਣ ਸਰਕਾਰ ਵਿਰੁੱਧ ਬੋਲਣਾ/ਰੋਸ ਦਿਖਾਉਣਾ ਔਖਾ ਬਣਦਾ ਜਾ ਰਿਹਾ ਹੈ, ਅਜਿਹਾ ਕਿਉਂ ਵਾਪਰਣ ਲੱਗਿਆ ਹੈ, ਇਸ ਬਾਰੇ ਲੋਕਾਂ ਨੂੰ ਜ਼ਰੂਰ ਸੋਚ ਵਿਚਾਰ ਕਰਨੀ ਬਣਦੀ ਹੈ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਸਮੇਤ ਮੁੱਖ ਮੰਤਰੀ ਭਗਵੰਤ ਮਾਨ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਇਸ ਦਾਅਵੇ ਨਾਲ ਪੰਜਾਬ ਸੂਬੇ ਦੀ ਹਕੂਮਤ ਨੂੰ ਸੰਭਾਲਦੇ ਹਨ ਕਿ ਹੁਣ ਹਕੂਮਤ ਦਾ ਕੰਮਕਾਜੀ ਤਰੀਕਾ ਬਿਲਕੁਲ ਬਦਲ ਜਾਵੇਗਾ। ਹੁਣ ਹਕੂਮਤ ਆਮ ਲੋਕਾਂ ਨਾਲ ਧੱਕਾ ਨਹੀਂ ਕਰੇਗੀ, ਹਕੂਮਤ ਲੋਕਾਂ ਦੇ ਦੁੱਖ ਦਰਦ ਵਿੱਚ ਸਹਾਈ ਹੋਵੇਗੀ, ਪਿਛਲੇ ਸੂਬੇਦਾਰ ਅਤੇ ਉਹਨਾਂ ਦੇ ਵਜ਼ੀਰਾਂ ਦੇ ਚਾਲ ਚਲਣ ਤੋਂ ਬਿਲਕੁਲ ਉਲਟ ਉਹ ਹਕੂਮਤੀ ਠਾਠ ਬਾਠ ਨੂੰ ਤਿਆਗ ਕੇ ਆਮ ਲੋਕਾਂ ਦੀ ਤਰ੍ਹਾਂ ਵਿਚਰਨਗੇ। ਉਹ ਖੁਦ ਅਤੇ ਉਹਨਾਂ ਦੇ ਵਜ਼ੀਰ ਲੋਕਾਂ ਨਾਲ ਸੱਚ ਬੋਲਣਗੇ, ਝੂਠੇ ਵਾਅਦੇ ਅਤੇ ਦਾਅਵੇ ਨਹੀਂ ਕੀਤੇ ਜਾਣਗੇ। ਉਹ ਜਿਸ ਦ੍ਰਿੜਤਾ ਦੇ ਨਾਲ ਲੋਕਾਂ ਨਾਲ ਗੱਲ ਕਰ ਰਹੇ ਸਨ, ਲੱਗਦਾ ਸੀ ਕਿ ਉਹ ਹਕੂਮਤ ਦੀ ਅਸਲੋਂ ਕਾਇਆ ਪਲਟ ਦੇਣਗੇ। ਜਿਸ ਤਰ੍ਹਾਂ ਦਾ ਅੜਬ ਸੁਭਾਅ ਹਕੂਮਤ ਵਲੋਂ ਆਮ ਤੌਰ ’ਤੇ ਦਿਖਾਇਆ ਜਾਂਦਾ ਹੈ। ਸ਼ਾਇਦ ਉਹ ਹੋਰ ਦੇਖਣ ਨੂੰ ਨਾ ਮਿਲੇ।

ਆਮ ਆਦਮੀ ਪਾਰਟੀ ਵੱਲੋਂ ਸਰਕਾਰ ਬਣਾਏ ਨੂੰ ਹੁਣ ਕਾਫ਼ੀ ਚਿਰ ਹੋ ਗਿਆ ਹੈ। ਨਵੇਂ ਸੂਬੇਦਾਰ ਅਤੇ ਹਕੂਮਤ ਦੇ ਕੰਮ ਕਾਰ ਵਿੱਚ ਆਏ ਬਦਲਾਵਾਂ ਦੀ ਸਚਾਈ ਵੀ ਲੋਕਾਈ ਨੇ ਦੇਖ ਲਈ ਹੈ। ਕੁਝ ਵੀ ਅਜਿਹਾ ਨਹੀਂ ਜੋ ਵੱਖਰਾ ਵਾਪਰਿਆ ਹੋਵੇ ? ਆਖਰ ਸੋਚੀਏ ਤਾਂ ਸਹੀ, ਕਿ ਕੀ ਬਦਲਿਆ ਅਤੇ ਸਭ ਤੋਂ ਜ਼ਰੂਰੀ ਕਿ ਬਦਲਦਾ ਕਿਉਂ ਨਹੀਂ ? ਕੀ ਉਸ ਵੇਲੇ ਭਗਵੰਤ ਮਾਨ ਸੱਚ ਬੋਲ ਰਹੇ ਸਨ ਜਾਂ ਝੂਠ। ਇਸ ਤੋਂ ਪਹਿਲਾਂ ਜਿੰਨੇ ਵੀ ਆਦਮੀ ਸੂਬੇਦਾਰ ਦੀ ਗੱਦੀ ’ਤੇ ਬੈਠੇ, ਸਾਰਿਆਂ ਨੇ ਗੱਦੀ ਸੰਭਾਲਦਿਆਂ ਇਕਦਮ ਲੋਕਾਂ ਤੋਂ ਉਲਟ ਫੈਸਲੇ ਕੀਤੇ। ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਇੰਡੀਆ ਦੀ ਹਕੂਮਤ ਨੇ ਵੱਡੇ ਦਾਅਵੇ ਦੇ ਕੇ ਲੋਕਾਈ ਨੂੰ ਦੱਸਿਆ ਸੀ ਕਿ ਹੁਣ ਹਕੂਮਤ ਬਦਲ ਗਈ ਹੈ, ਹੁਣ ਧੱਕੇਸ਼ਾਹੀ ਨਹੀਂ ਹੋਵੇਗੀ। ਹਰ ਇੱਕ ਨੂੰ ਸਰਕਾਰ ਅੱਗੇ ਆਪਣੀ ਗੱਲ ਰੱਖਣ ਦਾ ਹੱਕ ਹੈ। ਜਿੰਨੇ ਅਡੰਬਰ ਇੰਡੀਆ ਨੇ ਰਚੇ ਸਨ, ਹਿੰਦੁਸਤਾਨ ਦੀਆਂ ਸਭ ਕੌਮਾਂ ਵਿਚੋਂ ਸਭ ਤੋਂ ਪਹਿਲਾਂ ਸਿੱਖਾਂ ਨੇ ਹਕੂਮਤ ਦੇ ਅਜਿਹੇ ਅਡੰਬਰ ਬੇਪਰਦ ਕਰਕੇ ਲੋਕਾਈ ਦੇ ਸਾਹਮਣੇ ਇੰਡੀਆ ਦਾ ਅਸਲ ਚਿਹਰਾ ਦਿਖਾਇਆ। ਉਹ ਚਿਹਰਾ ਇਹ ਸੀ ਕਿ ਭਾਵੇਂ ਸੂਬੇਦਾਰੀ ਜਾਂ ਵਜ਼ੀਰੀ ਵਿੱਚ ਕੋਈ ਵੀ ਆਵੇ, ਹਕੂਮਤ ਦਾ ਅਸਲ ਕਰੂਪ ਚਿਹਰਾ ਅੰਗਰੇਜ਼ ਹਕੂਮਤ ਤੋਂ ਕਿਧਰੇ ਵੀ ਘੱਟ ਜ਼ਾਲਮ ਨਹੀਂ ਹੈ। ਹਕੂਮਤੀ ਪ੍ਰਬੰਧ ਵਿੱਚ ਚੰਗੇ ਬੰਦੇ ਟਿੱਕ ਹੀ ਨਹੀਂ ਸਕਦੇ, ਇਸ ਪ੍ਰਬੰਧ ਵਿੱਚ ਥਾਂ ਹੀ ਝੂਠ ਅਤੇ ਕਪਟ ਨੂੰ ਮਿਲਦੀ ਹੈ। ਆਮ ਆਦਮੀ ਪਾਰਟੀ ਲੋਕਾਂ ਦੇ ਕਿਆਸ ਅਨੁਸਾਰ ਭਾਵੇਂ ਸਭ ਇਮਾਨਦਾਰ ਲੋਕਾਂ ਨੂੰ ਲੈ ਕੇ ਆਈ ਹੋਵੇ, ਪਰ ਜਦੋਂ ਪ੍ਰਬੰਧ ਵਿੱਚ ਆਉਂਦੇ ਹਨ ਤਾਂ ਉਹਨਾਂ ਨੂੰ ਹਕੂਮਤ ਦੇ ਸੁਭਾਅ ਅਨੁਸਾਰ ਹੀ ਚੱਲਣਾ ਪੈਂਦਾ ਹੈ। ਲੋਕਾਈ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਦਿੱਲੀ ਦਰਬਾਰ ਦਾ ਜ਼ਾਲਮ ਸੁਭਾਅ ਕਦੇ ਵੀ ਨਹੀਂ ਬਦਲ ਸਕਦਾ। ਇਸ ਨੇ ਜ਼ੁਲਮ ਹੀ ਕੀਤਾ ਅਤੇ ਜ਼ੁਲਮ ਹੀ ਕਰਨਾ ਹੈ। ਬੰਦਿਆਂ ਦੇ ਬਦਲਣ ਨਾਲ ਕੁਝ ਵੀ ਨਹੀਂ ਬਦਲਣਾ।

ਸਿੱਖਾਂ ਨੇ ਜਦੋਂ ਆਪਣੇ ਹੱਕਾਂ ਲਈ ਆਵਾਜ਼ ਉਠਾਈ ਤਾਂ ਸਭ ਤੋਂ ਪਹਿਲਾਂ ਉਹਨਾਂ ਤੋਂ ਵਿਰੋਧ ਪ੍ਰਗਟ ਕਰਨ ਦਾ ਹੱਕ ਖੋਹਿਆ ਗਿਆ। ਇਸੇ ਤਰ੍ਹਾਂ ਹੀ ਸਭ ਧਿਰਾਂ ਨਾਲ ਵਾਪਰ ਰਿਹਾ ਹੈ, ਸਰਕਾਰ ਨੇ ਹੁਣ ਕਿਸਾਨਾਂ ਦੇ ਵਿਰੋਧ ਨੂੰ ਵੀ ਦਬਾਉਣਾ ਸ਼ੁਰੂ ਕਰ ਦਿੱਤਾ ਹੈ। ਸਿੱਖਾਂ ਨੇ ਜਦੋਂ ਕਿਸੇ ਇਕੱਠ ਲਈ ਐਲਾਨ ਕੀਤਾ, ਤਾਂ ਪਹਿਲਾਂ ਹੀ ਸਾਰੇ ਆਗੂਆਂ ਨੂੰ ਘਰੋਂ ਚੁੱਕ ਕੇ ਨਜ਼ਰਬੰਦ ਕੀਤਾ ਜਾਂਦਾ ਰਿਹਾ। ਹੁਣ ਕਿਸਾਨ ਆਗੂਆਂ ਨੂੰ ਵੀ ਇਕੱਠ ਕਰਨ ਤੋਂ ਰੋਕਣ ਲਈ ਸਰਕਾਰ ਨੇ ਘਰੋਂ ਚੁੱਕ ਲਿਆ। ਲੌਂਗੋਵਾਲ ਵਿੱਚ ਜਦੋਂ ਕਿਸਾਨਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਉਹਨਾਂ ਨੂੰ ਡੰਡਿਆਂ ਨਾਲ ਕੁੱਟਿਆ ਗਿਆ। ਹੁਣ ਇਹ ਗੱਲ ਸਾਫ ਹੋ ਰਹੀ ਹੈ ਕਿ ਹਕੂਮਤ ਕਿਸੇ ਵੀ ਕਿਸਮ ਦੇ ਵਿਰੋਧ ਨੂੰ ਸਹਿਣ ਨਹੀਂ ਕਰ ਰਹੀ। ਜਿਸ ਦੇ ਵਿੱਚ ਸੂਬੇਦਾਰ ਦੀ ਹਾਮੀ ਤੋਂ ਬਿਨਾਂ ਹੀ ਫ਼ੈਸਲੇ ਅਫ਼ਸਰਸ਼ਾਹੀ ਤੋਂ ਸਿੱਧੇ ਆ ਰਹੇ ਹਨ। ਜਿਨ੍ਹਾਂ ਨੂੰ ਮੰਨਣਾ ਸੂਬੇਦਾਰਾਂ ਦੀ ਵੀ ਮਜਬੂਰੀ ਹੈ। ਅਫ਼ਸਰਸ਼ਾਹੀ ਅਤੇ ਦਿੱਲੀ ਦੀ ਹੁਕਮ-ਅਦੂਲੀ ਕਰਕੇ ਉਹਨਾਂ ਦੀ ਸੂਬੇਦਾਰੀ ਵੀ ਖੁੱਸ ਸਕਦੀ ਹੈ।

ਸੋ ਹੁਣ ਮਸਲਾ ਇਕੱਲਾ ਚਿਹਰੇ ਬਦਲਣ ਜਾਂ ਪਾਰਟੀਆਂ ਬਦਲਣ ਦਾ ਨਹੀਂ ਹੈ ਮਹਿਜ। ਨੁਕਸ ਇਸ ਢਾਂਚੇ ਵੀ ਹੈ। ਲੋਕਾਂ ਨੂੰ ਇਸ ਢਾਂਚੇ ਵਿਚਲੇ ਨੁਕਸ ਨੂੰ ਸੋਧਣ ਵੱਲ ਉੱਦਮ ਕਰਨੇ ਚਾਹੀਦੇ ਹਨ ਤੇ ਇਹ ਪੱਛਮੀ ਤੌਰ ਤਰੀਕੇ ਤੋਂ ਬਦਲਵਾਂ ਤਰੀਕਾ ਅਪਣਾਉਣਾ ਚਾਹੀਦਾ ਹੈ। ਸਾਡਾ ਤੌਰ ਤਰੀਕੇ ਸਾਡੇ ਇਤਿਹਾਸ ’ਚ ਸਾਡੀ ਰਵਾਇਤ ’ਚ ਸਾਡੇ ਕੋਲ ਪਿਆ ਹੈ।

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਭਾਰਤੀ ਅਰਥਚਾਰੇ ਦੇ ਦੁਨੀਆਂ ਵਿੱਚ ਤੀਜੇ ਨੰਬਰ ਬਣਨ ਦਾ ਸਿਆਸੀ ਝੂਠ



ਡਾ. ਕੇਸਰ ਸਿੰਘ ਭੰਗੂ




ਅੱਜ ਕੱਲ੍ਹ ਦੇਸ਼ ਵਿੱਚ ਸਿਆਸੀ ਪਾਰਟੀਆਂ, ਆਰਥਿਕ ਮਾਹਿਰਾਂ ਅਤੇ ਆਮ ਲੋਕਾਂ ਦਰਮਿਆਨ, ਭਾਰਤ ਦੀ ਅਰਥਵਿਵਸਥਾ ਦੀ ਕੁਲ ਘਰੇਲੂ ਉਤਪਾਦ ਦੇ ਮਾਮਲੇ ਵਿੱਚ ਦੁਨੀਆਂ ਵਿੱਚ ਚੰਗੀ ਹੋ ਰਹੀ ਦਰਜਾਬੰਦੀ ਦੀ ਗੱਲ ਚੱਲ ਰਹੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੇ ਆਪਣੀ ਪਾਰਟੀ ਅਤੇ ਆਪਣੇ ਲਈ ਲੋਕਾਂ ਤੋਂ ਤੀਜੀ ਵਾਰ ਜਿਤਾਉਣ ਲਈ ਵਾਅਦਾ ਕੀਤਾ ਹੈ ਕਿ ਜਲਦ ਹੀ ਦੇਸ਼ ਨੂੰ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਾ ਦਿੱਤਾ ਜਾਵੇਗਾ। ਪਿਛਲੇ ਸਮੇਂ ਵਿੱਚ ਅਮਰੀਕਾ ਫੇਰੀ ਦੌਰਾਨ ਵੀ ਪ੍ਰਧਾਨ ਮੰਤਰੀ ਨੇ ਇਸ ਮਾਮਲੇ ਦਾ ਜ਼ਿਕਰ ਕੀਤਾ ਸੀ। ਅੰਤਰਰਾਸ਼ਟਰੀ ਮੁਦਰਾ ਕੋਸ਼ ਨੇ ਵੀ ਅੰਦਾਜ਼ਾ ਲਗਾਇਆ ਹੈ ਕਿ ਭਾਰਤ 2027 ਤਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਜਪਾਨ ਅਤੇ ਜਰਮਨੀ ਨੂੰ ਪਛਾੜ ਕੇ ਦੁਨੀਆਂ ਦੀ ਅਮਰੀਕਾ ਅਤੇ ਚੀਨ ਤੋਂ ਬਾਅਦ ਸਭ ਤੋਂ ਵੱਡੀ ਤੀਜੀ ਅਰਥਵਿਵਸਥਾ ਬਣ ਜਾਵੇਗਾ। ਪਹਿਲਾਂ ਭਾਰਤ ਇਸ ਦਰਜਾਬੰਦੀ ਵਿੱਚ 7ਵੇਂ ਸਥਾਨ ’ਤੇ ਸੀ ਪਰ ਅੱਜ ਕੱਲ੍ਹ ਅਮਰੀਕਾ, ਚੀਨ, ਜਪਾਨ ਅਤੇ ਜਰਮਨੀ ਤੋਂ ਬਾਅਦ ਪੰਜਵੇਂ ਸਥਾਨ ’ਤੇ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਇੱਕ ਹੋਰ ਤਰੀਕੇ ਦੇ ਅੰਦਾਜ਼ੇ ਮੁਤਾਬਕ, ਭਾਵ ਖ਼ਰੀਦ ਸ਼ਕਤੀ ਬਰਾਬਰਤਾ ਦੇ ਹਿਸਾਬ ਨਾਲ, ਭਾਰਤ ਅੱਜ ਹੀ, ਭਾਵ 2023 ਵਿੱਚ, ਚੀਨ ਅਤੇ ਅਮਰੀਕਾ ਤੋਂ ਬਾਅਦ ਦੁਨੀਆਂ ਦੀ ਤੀਜੀ ਵੱਡੀ ਅਰਥਵਿਵਸਥਾ ਬਣ ਜਾਵੇਗਾ। ਇਸ ਹਿਸਾਬ ਨਾਲ ਚੀਨ ਦਾ ਕੁੱਲ ਘਰੇਲੂ ਪੈਦਾਵਾਰ 33.01 ਟ੍ਰਿਲੀਅਨ ਡਾਲਰ, ਅਮਰੀਕਾ ਦਾ 26.85 ਟ੍ਰਿਲੀਅਨ ਡਾਲਰ ਅਤੇ ਭਾਰਤ ਦਾ 13.03 ਟ੍ਰਿਲੀਅਨ ਡਾਲਰ ਹੋਵੇਗਾ। ਅੱਜ ਕੱਲ੍ਹ ਚੱਲ ਰਹੀ ਮੁਦਰਾ ਵਟਾਂਦਰਾ ਦਰ ਮੁਤਾਬਕ 1 ਅਮਰੀਕੀ ਡਾਲਰ ਭਾਰਤ ਦੇ 80 ਤੋਂ ਵੱਧ ਰੁਪਇਆ ਦੇ ਬਰਾਬਰ ਹੈ ਪਰ ਜਦੋਂ ਖ਼ਰੀਦ ਸ਼ਕਤੀ ਬਰਾਬਰਤਾ ਦੇ ਹਿਸਾਬ ਨਾਲ ਵੇਖਦੇ ਹਾਂ ਤਾਂ ਅਸਲੀਅਤ ਦਾ ਪਤਾ ਲੱਗਦਾ ਹੈ। ਉਦਾਹਰਣ ਦੇ ਤੌਰ ’ਤੇ ਵੇਖੀਏ ਤਾਂ ਇਸ ਹਿਸਾਬ ਨਾਲ ਜੇਕਰ ਅਮਰੀਕਾ ਵਿੱਚ 25 ਕਿਲੋਮੀਟਰ ਸਫ਼ਰ ਕਰਨ ’ਤੇ 1 ਡਾਲਰ ਖ਼ਰਚ ਆਉਂਦਾਹੈ ਅਤੇ ਭਾਰਤ ਵਿੱਚ 25 ਕਿਲੋਮੀਟਰ ਸਫ਼ਰ ਕਰਨ ’ਤੇ 25 ਰੁਪਏ ਖਰਚ ਆਉਂਦੇਹਨ ਤਾਂ 1 ਅਮਰੀਕੀ ਡਾਲਰ ਭਾਰਤ ਦੇ 25 ਰੁਪਏ ਦੇ ਬਰਾਬਰ ਹੋਵੇਗਾ।

ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦਰਜਾਬੰਦੀ ਉੱਚੀ ਹੁੰਦੀ ਸੁਣ ਕੇ ਬਹੁਤ ਫ਼ਖ਼ਰ ਮਹਿਸੂਸ ਹੁੰਦਾ ਹੈ ਅਤੇ ਲਗਦਾ ਹੈ ਦੇਸ਼ ਜਲਦੀ ਹੀ ਵਿਸ਼ਵਗੁਰੂ ਬਣ ਜਾਵੇਗਾ। ਪਰ ਇਸਦੇ ਆਰਥਿਕ ਨਾਲੋਂ ਸਿਆਸੀ ਮਾਅਨੇ ਜ਼ਿਆਦਾ ਹਨ ਕਿਉਂਕਿ ਇਹ ਹਕੂਮਤ ਕਰ ਰਹੀ ਸਿਆਸੀ ਪਾਰਟੀ ਅਤੇ ਮੌਜੂਦਾ ਸਰਕਾਰ ਨੂੰ ਸਿਆਸੀ ਤੌਰ ’ਤੇ ਤਸੱਲੀ ਅਤੇ ਹੌਸਲਾ ਜ਼ਰੂਰ ਪ੍ਰਦਾਨ ਕਰਦਾ ਹੈ। ਭਾਜਪਾ ਨੇ 2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਸਦਾ ਢੰਡੋਰਾ ਹੁਣ ਤੋਂ ਹੀ ਪਿੱਟਣਾ ਸ਼ੁਰੂ ਕਰ ਦਿੱਤਾ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਕੀ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੀ ਸੁਧਰ ਰਹੀ ਦਰਜਾਬੰਦੀ ਦੇ ਨਾਲ ਨਾਲ ਪ੍ਰਤੀ ਵਿਅਕਤੀ ਆਮਦਨ, ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾਬਰਾਬਰੀਆਂ, ਅਸਮਾਨ ਛੂਹਦੀ ਮਹਿੰਗਾਈ ਅਤੇ ਹੋਰ ਆਰਥਿਕ ਇੰਡੀਕੇਟਰਾਂ ਵਿੱਚ ਵੀ ਸੁਧਾਰ/ਵਾਧਾ ਹੋ ਰਿਹਾ ਹੈ ਜਾਂ ਨਹੀਂ ?

ਸਭ ਤੋਂ ਪਹਿਲਾਂ ਗੱਲ ਕਰੀਏ, ਕੀ ਭਾਰਤ ਦੀ ਅਰਥਵਿਵਸਥਾ ਦੀ ਕੁਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਉੱਪਰ ਆ ਰਹੀ ਦਰਜਾਬੰਦੀ ਦਾ ਦੇਸ਼ ਦੇ ਆਮ ਲੋਕਾਂ ਨੂੰ ਕੋਈ ਲਾਭ ਵੀ ਮਿਲ ਰਿਹਾ ਹੈ ਜਾਂ ਨਹੀਂ ? ਭਾਵ ਉਹਨਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋ ਰਿਹਾ ਹੈ ਜਾਂ ਨਹੀਂ ? ਆਮ ਤੌਰ ’ਤੇ ਆਰਥਿਕ ਮਾਹਰ ਅਤੇ ਸੰਸਥਾਵਾਂ ਕੁੱਲ ਘਰੇਲੂ ਪੈਦਾਵਾਰ ਦੇ ਪੱਧਰ ਨਾਲੋਂ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਨੂੰ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਜ਼ਿਆਦਾ ਕਾਰਗਰ ਸੂਚਕ ਮੰਨਦੇ ਹਨ। ਅੰਤਰਰਾਸ਼ਟਰੀ ਸੰਸਥਾਵਾਂ ਆਮ ਤੌਰ ’ਤੇ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਪੱਧਰ ਮੁਤਾਬਕ ਦੁਨੀਆਂ ਦੇ ਦੇਸ਼ਾਂ ਨੂੰ ਤਿੰਨ ਭਾਗਾਂ ਵਿੱਚ ਵੰਡਦੀਆਂ ਹਨ। ਪਹਿਲਾਂ ਉੱਚੀ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਦੂਜਾ ਮਧਿਅਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਅਤੇ ਤੀਜਾ ਨੀਵੀਂ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ। ਇਸ ਵੰਡ ਮੁਤਾਬਕ ਭਾਰਤ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਲ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਘੱਟ ਹੈ। ਜਦੋਂ 2013-14 ਵਿੱਚ ਭਾਰਤ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਵਿੱਚ ਨੌਂਵੇਂ ਸਥਾਨ ’ਤੇ ਸੀ ਪਰ ਉਸੇ ਸਮੇਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੁਨੀਆਂ ਵਿੱਚ 147ਵੇਂ ਸਥਾਨ ’ਤੇ ਸੀ ਭਾਵ ਦੇਸ਼ ਕੁਝ ਟਾਪੂ ਨੁਮਾ ਅਤੇ ਘੋਰ ਗਰੀਬ ਦੇਸ਼ਾਂ ਤੋਂ ਹੀ ਉੱਪਰ ਸੀ। ਵਰਨਣਯੋਗ ਹੈ ਕਿ ਭਾਰਤ ਦਾ ਗਰੀਬ ਗੁਆਂਢੀ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ ਵਿੱਚ ਭਾਰਤ ਤੋਂ ਅੱਗੇ ਹੈ। ਫੇਰ ਜਦੋਂ ਦੇਸ਼ ਕੁੱਲ ਘਰੇਲੂ ਪੈਦਾਵਾਰ ਮੁਤਾਬਕ 7ਵੇਂ ਸਥਾਨ ’ਤੇ ਆਇਆ ਤਾਂ ਪ੍ਰਤੀ ਵਿਅਕਤੀ ਆਮਦਨ ਵਿੱਚ ਬਹੁਤ ਘੱਟ ਵਾਧੇ ਨਾਲ ਦੇਸ਼ 141ਵੇਂ ਅਤੇ ਹੁਣ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ 5ਵੇਂ ਸਥਾਨ ’ਤੇ ਹੈ ਪਰ ਪ੍ਰਤੀ ਵਿਅਕਤੀ ਆਮਦਨ ਵਿੱਚ ਮਾਮੂਲੀ ਵਾਧੇ ਨਾਲ 139ਵੇਂ ਸਥਾਨ ’ਤੇ ਹੈ। ਸਪਸ਼ਟ ਹੈ ਕਿ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਮਾਮਲੇ ਵਿੱਚ ਦੇਸ਼ ਬਹੁਤ ਪਿੱਛੇ ਹੈ ਅਤੇ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਸਕਿਆ।

ਹੁਣ ਗੱਲ ਕਰਦੇ ਹਾਂ ਭਾਰਤ ਦੇ ਮੁਕਾਬਲੇ ਉਹਨਾਂ ਦੇਸ਼ਾਂ ਦੀ, ਜਿਹਨਾਂ ਨੂੰ ਭਾਰਤ ਨੇ ਕੁੱਲ ਘਰੇਲੂ ਪੈਦਾਵਾਰ ਵਿੱਚ ਪਛਾੜਿਆ ਹੈ ਜਾਂ ਭਵਿੱਖ ਵਿੱਚ ਤੀਜੇ ਦਰਜੇ ’ਤੇ ਆ ਕੇ ਪਛਾੜ ਦੇਵੇਗਾ। ਜਿਹਨਾਂ ਦੇਸ਼ਾਂ ਨੂੰ ਪਛਾੜਿਆ ਹੈ ਉਹਨਾਂ ਵਿੱਚ ਮੁੱਖ ਤੌਰ ’ਤੇ ਬ੍ਰਾਜ਼ੀਲ, ਫਰਾਂਸ, ਇਟਲੀ ਅਤੇ ਬਰਤਾਨੀਆ ਸ਼ਾਮਲ ਹਨ, ਜਪਾਨ ਅਤੇ ਜਰਮਨੀ ਨੂੰ 2027 ਤਕ ਪਛਾੜ ਦੇਵੇਗਾ। ਸਾਲ 2013 ਵਿੱਚ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਮਹਿਜ਼ 1438 ਅਮਰੀਕੀ ਡਾਲਰ ਸੀ ਜਦੋਂ ਕਿ ਉਸੇ ਸਾਲ ਬਰਤਾਨੀਆ ਦੀ ਪ੍ਰਤੀ ਵਿਅਕਤੀ ਆਮਦਨ 43449 ਡਾਲਰ, ਫਰਾਂਸ 42603 ਡਾਲਰ, ਇਟਲੀ 35560 ਡਾਲਰ ਅਤੇ ਬ੍ਰਾਜ਼ੀਲ 12259, ਭਾਵ ਜਿਹਨਾਂ ਦੇਸ਼ਾਂ ਨੂੰ ਪਿੱਛੇ ਛੱਡਿਆ ਸੀ ਭਾਰਤ ਦਾ ਪ੍ਰਤੀ ਵਿਅਕਤੀ ਆਮਦਨ ਵਿੱਚ ਉਹਨਾਂ ਨਾਲ ਕੋਈ ਮੁਕਾਬਲਾ ਹੀ ਨਹੀਂ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਨੀਵੇਂ ਪੱਧਰ ’ਤੇ ਹੈ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 2013-14 ਵਿੱਚ 1438 ਅਮਰੀਕੀ ਡਾਲਰ ਤੋਂ ਵਧ ਕੇ 2022-23 ਵਿੱਚ 2389 ਡਾਲਰ ਹੀ ਹੋਈ ਹੈ। ਇਹਨਾਂ ਦੇਸ਼ਾਂ ਦੇ ਬਾਕੀ ਆਰਥਿਕ ਸੂਚਕ ਅੰਕ ਜਿਵੇਂ ਕਿ ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾਬਰਾਬਰੀਆਂ ਵੀ ਭਾਰਤ ਨਾਲੋਂ ਕਿਤੇ ਬੇਹਤਰੀਨ ਹਨ। ਇਸ ਤੋਂ ਸਾਫ ਹੋ ਜਾਂਦਾ ਹੈ ਕਿ ਭਾਰਤ ਉਦੋਂ ਹੀ ਖੁਸ਼ਹਾਲ ਦੇਸ਼ ਬਣ ਸਕਦਾ ਹੈ ਜਦੋਂ ਪ੍ਰਤੀ ਵਿਅਕਤੀ ਆਮਦਨ ਪੱਖੋਂ ਦੁਨੀਆਂ ਵਿੱਚ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਲ ਹੋ ਜਾਵੇਗਾ ਅਤੇ ਦੇਸ਼ ਵਿੱਚੋਂ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਅਤੇ ਆਰਥਿਕ ਨਾਬਰਾਬਰੀਆਂ ਖ਼ਤਮ ਹੋ ਜਾਣਗੀਆਂ, ਨਾ ਕਿ ਉਦੋਂ ਜਦੋਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਤੀਜੇ ਜਾਂ ਪਹਿਲੇ ਸਥਾਨ ’ਤੇ ਆ ਜਾਵੇਗਾ।

ਅਜਿਹਾ ਕਰਨ ਲਈ ਦੇਸ਼ ਵਿੱਚ ਮੌਜੂਦਾ ਕੇਂਦਰੀ ਸਰਕਾਰ ਦੁਆਰਾ ਚਲਾਈਆਂ ਜਾ ਰਹੀ ਆਰਥਿਕ ਨੀਤੀਆਂ, ਜਿਹੜੀਆਂ ਕਿ ਸਰਮਾਏਦਾਰਾਂ, ਪੂੰਜੀਪਤੀਆਂ, ਅਮੀਰਾਂ ਅਤੇ ਕਾਰਪੋਰੇਟਾਂ ਦਾ ਪੱਖ ਪੂਰ ਰਹੀਆਂ ਹਨ, ਨੂੰ ਆਮ ਲੋਕਾਂ ਦੇ ਹਿਤਾਂ ਵਿੱਚ ਬਦਲਣਾ ਪਵੇਗਾ। ਕੇਂਦਰੀ ਸਰਕਾਰ ਕੇਵਲ ਨੀਤੀਆਂ ਹੀ ਅਮੀਰਾਂ ਲਈ ਨਹੀਂ ਬਣਾ ਰਹੀ, ਸਗੋਂ ਉਹ ਤਾਂ ਨਵੇਂ ਕਾਨੂੰਨ ਅਤੇ ਮੌਜੂਦਾ ਕਾਨੂੰਨਾਂ ਵਿੱਚ ਤਰਮੀਮਾਂ ਵੀ ਕਾਰਪੋਰੇਟਾਂ ਅਤੇ ਪੂੰਜੀਪਤੀਆਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਲਾਭ ਪਹੁੰਚਾਉਣ ਲਈ ਕਰ ਰਹੀ ਹੈ। ਜੇਕਰ ਵਧਦੀ ਕੁੱਲ ਘਰੇਲੂ ਪੈਦਾਵਾਰ ਦਾ ਲਾਭ ਦੇਸ਼ ਦੇ ਆਮ ਲੋਕਾਂ ਤਕ ਨਹੀਂ ਪਹੁੰਚਾਉਣਾ, ਕੇਵਲ ਢੰਡੋਰਾ ਪਿੱਟਣ ਨਾਲ ਸਿਆਸੀ ਲਾਹਾ ਤਾਂ ਖੱਟਿਆ ਜਾ ਸਕਦਾ ਹੈ ਪਰ ਜ਼ਮੀਨੀ ਪੱਧਰ ’ਤੇ ਆਮ ਲੋਕਾਂ ਲਈ ਕੁਝ ਵੀ ਨਹੀਂ ਬਦਲੇਗਾ। ਇਸ ਲਈ ਸਭ ਤੋਂ ਪਹਿਲਾਂ ਆਉਣ ਵਾਲੇ ਸਮੇਂ ਵਿੱਚ ਬਰਾਬਰੀ ਦੀ ਵੰਡ ਦੇ ਆਧਾਰ ’ਤੇ ਉੱਚੀ ਆਰਥਿਕ ਤਰੱਕੀ ਦੀ ਦਰ ਹਾਸਲ ਕਰਨਾ ਪਵੇਗੀ। ਭਾਵ ਆਰਥਿਕ ਤਰੱਕੀ ਨਾਲ ਵਧੀ ਕੁੱਲ ਘਰੇਲੂ ਪੈਦਾਵਾਰ ਕੁਝ ਅਮੀਰਾਂ ਦੇ ਹੱਥਾਂ ਵਿੱਚ ਹੀ ਨਾ ਰਹਿ ਜਾਵੇ, ਸਗੋਂ ਵਧੀ ਹੋਈ ਪੈਦਾਵਾਰ ਦਾ ਬਰਾਬਰ ਲਾਭ ਦੇਸ਼ ਦੇ ਆਮ ਲੋਕਾਂ ਤਕ ਵੀ ਪਹੁੰਚਣਾ ਚਾਹੀਦਾ ਹੈ। ਇਸਦੇ ਨਾਲ ਹੀ ਦੇਸ਼ ਵਿੱਚ ਬਹੁਤ ਵੱਡੇ ਪੱਧਰ ’ਤੇ ਲਾਭਕਾਰੀ ਰੁਜ਼ਗਾਰ ਵੀ ਆਮ ਲੋਕਾਂ ਲਈ ਪੈਦਾ ਕਰਨਾ ਪਵੇਗਾ ਕਿਉਂਕਿ ਭਾਰਤ ਵਿੱਚ ਬਹੁਤ ਵੱਡੇ ਪੱਧਰ ’ਤੇ ਬੇਰੁਜ਼ਗਾਰੀ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਦੇਸ਼ ਵਿੱਚ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਦੀ ਬਹੁਤ ਘਾਟ ਹੈ ਅਤੇ ਉਹ ਸਮੇਂ ਦੇ ਹਾਣਦੀਆਂ ਨਹੀਂ ਹਨ, ਜਿਸ ਕਾਰਨ ਦੇਸ਼ ਦੇ ਸਿਹਤ ਅਤੇ ਸਿੱਖਿਆ ਨਾਲ

(ਬਾਕੀ ਸਫ਼ਾ 31 ’ਤੇ)

# ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣ ਦਾ ਸੱਚ, ਮਿਥ ਤੇ ਚੀਰਫਾੜ

ਰਜਿੰਦਰ ਸਿੰਘ ਪੁਰੇਵਾਲ



ਲਾਲ ਕਿਲੇ ਤੋਂ ਆਪਣੇ ਭਾਸ਼ਣ ਰਾਹੀਂ ਪ੍ਰਧਾਨ ਮੰਤਰੀ ਮੋਦੀ ਨੇ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਦਾ ਏਜੰਡਾ ਤੈਅ ਕੀਤਾ। ਇਸ ਵਾਰ 'ਦੇਸ਼ਵਾਸੀਆਂ' ਦੀ ਥਾਂ '140 ਕਰੋੜ ਪਰਿਵਾਰਾਂ ਦੇ ਜੀਆਂ' ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਪਣੀ ਸਰਕਾਰ ਦੇ ਸਾਢੇ ਨੌਂ ਸਾਲਾਂ ਦੇ ਕਾਰਜਕਾਲ ਦਾ ਰਿਪੋਰਟ ਕਾਰਡ ਪੇਸ਼ ਕਰਦਿਆਂ ਕਿਹਾ, 'ਅਗਲੇ ਸਾਲ ਵੀ 15 ਅਗਸਤ ਨੂੰ ਲਾਲ ਕਿਲ੍ਹੇ 'ਤੇ ਝੰਡਾ ਲਹਿਰਾਉਣ ਆਵਾਂਗਾ ਅਤੇ ਹੁਣ ਜਿਨ੍ਹਾਂ ਯੋਜਨਾਵਾਂ ਦਾ ਨੀਂਹ ਪੱਥਰ ਰੱਖਿਆ ਜਾ ਰਿਹਾ ਹੈ, ਅਸੀਂ 2024 ਤੋਂ ਬਾਅਦ ਇਸ ਦਾ ਉਦਘਾਟਨ ਕਰਾਂਗੇ।'

ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਭਾਸ਼ਨ ਵਿੱਚ ਮਨੀਪੁਰ ਦੇ ਮੌਜੂਦਾ ਹਾਲਾਤ ਦਾ ਸੰਖੇਪ ਵੇਰਵਾ ਦੇਣ ਤੋਂ ਬਾਅਦ ਉੱਤਰ ਪੂਰਬੀ ਖ਼ਿੱਤੇ ਨੂੰ ਆਪਣੇ ਭਾਸ਼ਨ ਦਾ ਧੁਰਾ ਬਣਾਉਂਦੇ ਹੋਏ ਦਾਅਵਾ ਕੀਤਾ ਕਿ ਇਹ ਮਾਰਚ 1966 ਵਿੱਚ ਕਾਂਗਰਸ ਨੇ ਮਿਜ਼ੋਰਮ ਦੇ ਵਸਨੀਕਾਂ 'ਤੇ ਆਪਣੀ ਹੀ ਹਵਾਈ ਫ਼ੌਜ ਰਾਹੀਂ ਹਮਲਾ ਕਰਵਾਇਆ। ਉਨ੍ਹਾਂ ਕਿਹਾ ਕਿ ਹਾਲੇ ਵੀ ਉਥੋਂ ਦੇ ਲੋਕ 3 ਮਾਰਚ ਨੂੰ ਸ਼ੋਕ ਦਿਵਸ ਮਨਾਉਂਦੇ ਹਨ। ਨਾਲ ਹੀ ਇੰਦਰਾ ਗਾਂਧੀ (ਉਸ ਵੇਲੇ ਦੀ ਪ੍ਰਧਾਨ ਮੰਤਰੀ) ਦਾ ਨਾਂਅ ਲੈਂਦਿਆਂ ਕਿਹਾ ਕਿ ਉਸ ਸਮੇਂ ਤੋਂ ਹੀ ਉਨ੍ਹਾਂ (ਇੰਦਰਾ ਗਾਂਧੀ) ਅਜਿਹੇ ਹਮਲੇ ਕਰਨ ਦੀ ਸ਼ੁਰੂਆਤ ਕੀਤੀ, ਜਿਸ ਤੋਂ ਬਾਅਦ ਉਨ੍ਹਾਂ 1984 'ਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਵੀ ਕੀਤਾ ਪਰ ਸੁਆਲ ਇਹ ਹੈ ਕਿ ਕੀ ਸੰਸਦ ਵਿੱਚ ਮੋਦੀ ਸਰਕਾਰ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਵਿਰੁੱਧ ਮਤਾ ਪਾਸ ਕਰਕੇ ਇਸ ਸਭ ਤੋਂ ਦੁਖਦ ਅਪਮਾਨ ਲਈ ਖ਼ਾਲਸਾ ਪੰਥ ਤੋਂ ਬਿਨਾਂ ਸ਼ਰਤ ਮਾਫ਼ੀ ਮੰਗੇਗੀ?

ਜੇਕਰ ਮੋਦੀ ਸਰਕਾਰ ਅਜਿਹਾ ਕਰਦੀ ਹੈ ਤਾਂ ਇਹ ਭਾਰਤ ਦੇ ਅਕਸ 'ਤੇ ਲੱਗੇ ਕਾਲੇ ਧੱਬੇ ਨੂੰ ਮਿਟਾਉਣ ਦੀ ਦਿਸ਼ਾ ਵਿੱਚ ਇਕ ਵੱਡਾ ਕਦਮ ਹੋਵੇਗਾ ਤੇ ਦੇਸ਼ ਵਿੱਚ ਘੱਟ ਗਿਣਤੀਆਂ, ਖ਼ਾਸਕਰ ਸਿੱਖ ਭਾਈਚਾਰੇ ਦੇ ਮਨ ਵਿੱਚ ਭਰੋਸਾ ਬਹਾਲ ਕਰੇਗਾ। ਇਸ ਤੋਂ ਪਹਿਲਾਂ ਬੰਦੀ ਸਿੱਖਾਂ ਨੂੰ ਰਿਹਾਅ ਕਰਨਾ ਹੋਵੇਗਾ, ਸਿੱਖ ਹੁਣ ਨਾ ਕਾਂਗਰਸ ਉਪਰ ਵਿਸ਼ਵਾਸ ਕਰ ਰਹੇ ਹਨ ਨਾ ਭਾਜਪਾ ਉਪਰ, ਕਿਉਂਕਿ ਦੋਵਾਂ ਧਿਰਾਂ ਨੇ ਸਿੱਖ ਜਗਤ ਦੀਆਂ ਭਾਵਨਾਵਾਂ ਨਾਲ ਖਿਲ ਵਾੜ ਕੀਤਾ ਹੈ।

ਸਿਆਸੀ ਚਰਚਾ ਵਿੱਚ ਮੋਦੀ ਦਾ ਖਾਸ ਮੁੱਦਾ ਪਹਿਲਾਂ ਵਾਂਗ 'ਪਰਿਵਾਰਵਾਦ' ਬਣਿਆ ਰਿਹਾ। ਉਨ੍ਹਾਂ ਇਸ ਭਾਸ਼ਣ ਵਿੱਚ ਵੀ ਇਸ ਦਾ ਵਿਸਥਾਰ ਨਾਲ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪਰਿਵਾਰਕ ਰਾਜਨੀਤੀ ਦੇਸ਼ ਨੂੰ ਖੋਖਲਾ ਕਰ ਰਹੀ ਹੈ ਅਤੇ ਪਰਿਵਾਰਿਕ ਰਾਜਨੀਤੀ ਕਰਨ ਵਾਲੇ ਹੀ ਭ੍ਰਿਸ਼ਟਾਚਾਰ ਅਤੇ ਨਿਜੀ ਹਿਤਾਂ ਨੂੰ ਉਤਸ਼ਾਹਿਤ ਕਰ ਰਹੇ ਹਨ, ਜਿਸ ਕਾਰਨ ਸਮਾਜਿਕ ਨਿਆਂ ਦੀ ਲੜਾਈ ਕਮਜ਼ੋਰ ਹੋ ਰਹੀ ਹੈ। ਮੋਦੀ ਨੇ ਕਿਸੇ ਪਾਰਟੀ ਦਾ ਨਾਂ ਨਹੀਂ ਲਿਆ ਪਰ ਅਸਿੱਧੇ ਤੌਰ 'ਤੇ ਉਨ੍ਹਾਂ ਦਾ ਨਿਸ਼ਾਨਾ ਵਿਰੋਧੀ ਪਾਰਟੀਆਂ ਸਨ।

ਵਰਤਮਾਨ ਬਾਰੇ ਗੱਲ ਕਰਨ ਦੀ ਬਜਾਏ, ਪੀਐਮ ਮੋਦੀ ਆਮ ਤੌਰ 'ਤੇ ਜਾਂ ਤਾਂ ਅਤੀਤ, ਵਰਤਮਾਨ ਤੇ ਭਵਿੱਖ ਦੀ ਗੱਲ ਕਰਦੇ ਹਨ। ਮੋਦੀ ਨੇ ਆਪਣੇ ਤਾਜ਼ਾ ਭਾਸ਼ਣ ਰਾਹੀਂ ਵੀ ਅਜਿਹਾ ਹੀ ਕੀਤਾ। ਉਨ੍ਹਾਂ ਕਿਹਾ ਕਿ ਅੱਜ ਤੋਂ 1000-1200 ਸਾਲ ਪਹਿਲਾਂ ਭਾਰਤ 'ਤੇ ਹਮਲਾ ਹੋਇਆ ਸੀ, ਜਿਸ ਵਿੱਚ ਇੱਕ ਛੋਟੀ ਜਿਹੀ ਰਿਆਸਤ ਦੇ ਰਾਜੇ ਦੀ ਹਾਰ ਹੋਈ ਸੀ, ਪਰ ਉਦੋਂ ਲੋਕਾਂ ਨੂੰ ਇਹ ਨਹੀਂ ਸੀ ਪਤਾ ਕਿ ਇਹ ਘਟਨਾ ਭਾਰਤ ਨੂੰ ਹਜ਼ਾਰਾਂ ਸਾਲਾਂ ਲਈ ਗੁਲਾਮੀ ਵਿੱਚ ਫਸਾ ਦੇਵੇਗੀ। ਭਾਵੇਂ ਮੋਦੀ ਦਾ ਇਹ ਬਿਆਨ ਇਤਿਹਾਸ ਦੀ ਮਨਮਾਨੀ ਵਿਆਖਿਆ ਅਤੇ ਅਧੂਰੀ ਸੱਚਾਈ 'ਤੇ ਆਧਾਰਿਤ ਹੈ ਪਰ ਇਸ ਰਾਹੀਂ ਉਹ ਮਹਿਮੂਦ ਗ਼ਜ਼ਨਵੀ ਦੇ ਹਮਲੇ ਦਾ ਜ਼ਿਕਰ ਕਰ ਰਹੇ ਸਨ।

ਆਰ.ਐਸ.ਐਸ. ਤੋਂ ਪ੍ਰਾਪਤ ਸਿੱਖਿਆਵਾਂ ਅਨੁਸਾਰ ਮੋਦੀ ਗੁਲਾਮੀ ਦੇ ਦੌਰ ਦਾ ਜ਼ਿਕਰ ਕਰਦੇ ਹੋਏ ਹਮੇਸ਼ਾ ਮੁਸਲਿਮ ਸ਼ਾਸਕਾਂ ਦਾ ਜ਼ਿਕਰ ਕਰਦੇ ਹਨ, ਬ੍ਰਿਟਿਸ਼ ਸ਼ਾਸਨ ਦੇ 200 ਸਾਲਾਂ ਦਾ ਜ਼ਿਕਰ ਆਪਣੇ ਭਾਸ਼ਣ ਵਿੱਚ ਘੱਟ ਹੀ ਕਰਦੇ ਹਨ। ਇਸ ਭਾਸ਼ਣ ਦੌਰਾਨ ਉਨ੍ਹਾਂ ਇੱਕ ਹਜ਼ਾਰ ਸਾਲ ਪੁਰਾਣੀ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਆਜ਼ਾਦੀ ਦੇ ਸੰਘਰਸ਼ ਅਤੇ ਆਜ਼ਾਦੀ ਤੋਂ ਬਾਅਦ ਬਣੀਆਂ ਸਰਕਾਰਾਂ ਦਾ ਸੰਖੇਪ ਜ਼ਿਕਰ ਕੀਤਾ ਅਤੇ ਫਿਰ ਆਪਣੇ ਦਸ ਸਾਲਾਂ ਦੇ ਕਾਰਜਕਾਲ ਦਾ ਜ਼ਿਕਰ ਕੀਤਾ। ਉਨ੍ਹਾਂ ਆਪਣੇ ਆਪਣੇ ਤੋਂ ਪਹਿਲਾਂ ਬਣੀਆਂ ਸਰਕਾਰਾਂ ਦੇ ਕੰਮਾਂ ਨੂੰ ਸਿਰੇ ਤੋਂ ਨਕਾਰ ਦਿਆਂ ਕਿਹਾ ਕਿ 2014 ਵਿੱਚ ਸੱਤਾ ਵਿੱਚ ਆਉਣ ਤੋਂ ਪਹਿਲਾਂ ਤਿੰਨ ਦਹਾਕਿਆਂ ਤੱਕ ਜੋੜ ਤੋੜ ਨਾਲ ਬਣੀਆਂ ਸਰਕਾਰਾਂ ਨੇ ਕੋਈ ਕੰਮ ਨਹੀਂ ਕੀਤਾ।

ਆਪਣੀ ਪਿੱਠ ਥਪਥਪਾਉਂਦੇ ਹੋਏ ਮੋਦੀ ਨੇ ਕਿਹਾ ਕਿ 2014 ਵਿੱਚ ਪਹਿਲੀ ਵਾਰ ਦੇਸ਼ ਨੂੰ ਪੂਰਨ ਬਹੁਮਤ ਅਤੇ ਕੰਮ ਕਰਨ ਵਾਲੀ ਸਥਿਰ ਅਤੇ ਮਜ਼ਬੂਤ ? ਸਰਕਾਰ ਮਿਲੀ, ਜਿਸ ਨੇ ਦੇਸ਼ ਨੂੰ ਸਮੱਸਿਆਵਾਂ ਦੀ ਦਲਦਲ 'ਚੋਂ ਕੱਢ ਕੇ ਵਿਕਾਸ ਦੇ ਰਾਹ 'ਤੇ ਤੇਜ਼ੀ ਨਾਲ ਅੱਗੇ ਵਧਾਇਆ। ਅਸਿੱਧੇ ਤੌਰ 'ਤੇ 2024 ਲਈ ਦੇਸ਼ ਵਾਸੀਆਂ ਤੋਂ ਫਤਵਾ ਮੰਗਦੇ ਹੋਏ ਕਿਹਾ ਕਿ ਇਹ ਮੰਨਣਾ ਚਾਹੀਦਾ ਹੈ ਕਿ ਅਸੀਂ ਜੋ ਵੀ ਕਦਮ ਚੁੱਕਾਂਗੇ, ਜੋ ਵੀ ਫੈਸਲੇ ਲਵਾਂਗੇ, ਉਹ ਆਉਣ ਵਾਲੇ ਇੱਕ ਹਜ਼ਾਰ ਸਾਲ ਲਈ ਭਾਰਤ ਦੀ ਦਿਸ਼ਾ ਤੈਅ ਕਰਨਗੇ। ਪਹਿਲਾਂ ਮੋਦੀ ਆਉਣ ਵਾਲੇ 25 ਅਤੇ 50 ਸਾਲਾਂ ਦੀ ਗੱਲ ਕਰਦੇ ਸਨ ਪਰ ਇਸ ਵਾਰ ਉਨ੍ਹਾਂ ਨੇ ਲੰਬੀ ਛਾਲ ਮਾਰਦਿਆਂ ਸਿੱਧੇ 1000 ਸਾਲਾਂ ਦੀ ਗੱਲ ਕੀਤੀ।

ਪ੍ਰਧਾਨ ਮੰਤਰੀ ਮੋਦੀ ਆਪਣੇ 'ਤੀਜੇ ਕਾਰਜਕਾਲ' ਵਿੱਚ ਭਾਰਤ ਨੂੰ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਾਉਣ ਦੀ ਗਾਰੰਟੀ ਦੇ ਰਹੇ ਹਨ। ਹੁਣ ਦੇ ਭਾਸ਼ਣ ਵਿੱਚ ਵੀ ਉਨ੍ਹਾਂ ਇਸ ਗਰੰਟੀ ਨੂੰ ਦੁਹਰਾਇਆ। ਪਰ ਅਸਲੀਅਤ ਇਹ ਹੈ ਕਿ ਉਸ ਦੀ ਗਾਰੰਟੀ ਕੋਈ ਗਾਰੰਟੀ ਨਹੀਂ ਹੈ, ਸਗੋਂ ਇੱਕ ਸਾਧਾਰਨ ਗਣਿਤ ਹੈ, ਜਿਸ ਦੇ ਤਹਿਤ ਜੇਕਰ ਸਥਿਤੀ ਆਮ ਵਾਂਗ ਰਹੀ ਤਾਂ ਭਾਰਤ 2027 ਤੱਕ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਉਸ ਸਮੇਂ ਦੇਸ਼ ਵਿੱਚ ਕਿਸੇ ਵੀ ਪਾਰਟੀ ਜਾਂ ਗੱਠਜੋੜ ਦੀ ਸਰਕਾਰ ਹੋਵੇ, ਉਸ ਨੂੰ ਕੋਈ ਫਰਕ ਨਹੀਂ ਪਵੇਗਾ। ਆਖ਼ਰਕਾਰ, ਪਿਛਲੇ ਤਿੰਨ ਸਾਲਾਂ ਤੋਂ ਆਰਥਿਕਤਾ ਦਾ ਭੱਠਾ ਬੈਠਣ ਦੇ ਬਾਵਜੂਦ, ਬਰਤਾਨੀਆ ਨੂੰ ਪਿੱਛੇ ਛੱਡ ਕੇ, ਭਾਰਤ ਪੰਜਵਾਂ ਸਭ ਤੋਂ ਵੱਡਾ ਆਰਥਿਕ ਦੇਸ਼ ਬਣ ਗਿਆ ਹੈ। ਜੇਕਰ ਅਰਥਵਿਵਸਥਾ ਦੀ ਰਫ਼ਤਾਰ ਮੱਠੀ ਨਾ ਹੁੰਦੀ ਤਾਂ ਭਾਰਤ 2022 ਵਿੱਚ ਹੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੁੰਦਾ।

ਮੋਦੀ ਭਾਵੇਂ ਪਿੱਠ ਥਪਥਪਾਉਂਦੇ ਹੋਏ ਆਪਣੇ ਤੋਂ ਪਹਿਲੀਆਂ ਸਰਕਾਰਾਂ ਨੂੰ ਕਿੰਨੇ ਵੀ ਕੋਸਦੇ ਹੋਣ ਪਰ ਹਕੀਕਤ ਇਹ ਹੈ ਕਿ ਭਾਰਤੀ ਅਰਥਚਾਰੇ ਨੂੰ ਰਫ਼ਤਾਰ ਦੇਣ ਦਾ ਕੰਮ 2004 ਤੋਂ 2014 ਦਰਮਿਆਨ ਹੋਇਆ ਹੈ। ਜਦੋਂ 2004 ਵਿੱਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੂੰ ਹਟਾਇਆ ਗਿਆ ਤਾਂ ਭਾਰਤ ਦੀ ਜੀਡੀਪੀ 722 ਬਿਲੀਅਨ ਡਾਲਰ ਸੀ, ਜੋ 2014 ਵਿੱਚ ਵੱਧ ਕੇ 2039 ਬਿਲੀਅਨ ਡਾਲਰ ਹੋ ਗਈ। ਯਾਨੀ ਕਿ 10 ਸਾਲਾਂ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ। ਇਸ ਤੋਂ ਬਾਅਦ 2014-15 ਵਿੱਚ ਰਫ਼ਤਾਰ ਠੀਕ ਰਹੀ ਪਰ 2016 ਦੇ ਅੰਤ ਵਿਚ ਨੋਟਬੰਦੀ ਅਤੇ ਉਸ ਤੋਂ ਬਾਅਦ ਜੀਐਸਟੀ ਅਤੇ ਕੋਰੋਨਾ ਮਹਾਂਮਾਰੀ ਕਾਰਨ ਅਰਥਵਿਵਸਥਾ ਬੁਰੀ ਤਰ੍ਹਾਂ ਨਾਲ ਢਹਿ ਗਈ। ਇਸ ਦੇ ਬਾਵਜੂਦ 2023 ਵਿੱਚ ਕੁੱਲ ਘਰੇਲੂ ਉਤਪਾਦ 3737 ਅਰਬ ਡਾਲਰ ਹੋ ਗਿਆ। ਯਾਨੀ ਕਿ 84 ਫੀਸਦੀ ਦਾ ਵਾਧਾ ਹੋਇਆ ਹੈ। ਇਸ ਤੋਂ ਪਹਿਲਾਂ ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ 183 ਫੀਸਦੀ ਦਾ ਵਾਧਾ ਹੋਇਆ ਸੀ। ਅਨੁਮਾਨ ਹੈ ਕਿ ਅਗਲੇ ਚਾਰ ਸਾਲਾਂ ਵਿੱਚ ਜੀਡੀਪੀ ਵਿੱਚ 38 ਫੀਸਦੀ ਵਾਧਾ ਹੋਵੇਗਾ ਅਤੇ ਭਾਰਤ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਇਸ ਲਈ ਇਹ ਗਾਰੰਟੀ ਨਹੀਂ ਹੈ ਪਰ ਇੱਕ ਗਣਿਤ ਹੈ.

(ਬਾਕੀ ਸਫ਼ਾ 31 'ਤੇ)

# ਭਾਰਤੀ ਸੰਵਿਧਾਨ ਵਿਰੁੱਧ ਸੰਘੀ ਮੁਹਿੰਮ ਦਾ ਹੋਇਆ ਆਗਾਜ਼

## ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਚੇਅਰਮੈਨ ਨੇ 'ਇੱਕ ਨਵਾਂ ਸੰਵਿਧਾਨ' ਲਿਖੇ ਜਾਣ ਦੀ ਕੀਤੀ ਵਕਾਲਤ





livemint

There's a case for 'we the people' to embrace a new Constitution




ਭਾਰਤ ਦੇ ਸੰਵਿਧਾਨ ਪ੍ਰਤੀ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਸਮਝ ਸ਼ੁਰੂ ਤੋਂ ਹੀ ਨਾਂਹ-ਪੱਖੀ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਸੰਘ ਆਧਾਰਿਤ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਭਾਰਤੀ ਸੰਵਿਧਾਨ ਵਿਰੁੱਧ ਮੁੜ ਅਵਾਜ਼ਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਚੇਅਰਮੈਨ ਬਿਬੇਕ ਦੇਬਰਾਏ ਨੇ 15 ਅਗਸਤ ਨੂੰ ਅੰਗਰੇਜ਼ੀ ਅਖ਼ਬਾਰ 'ਮਿੰਟ' ਵਿੱਚ ਲਿਖੇ ਇੱਕ ਲੇਖ ਰਾਹੀਂ ਭਾਰਤ ਲਈ ਇੱਕ ਨਵਾਂ ਸੰਵਿਧਾਨ ਲਿਖੇ ਜਾਣ ਦੀ ਵਕਾਲਤ ਕਰ ਦਿੱਤੀ ਹੈ। ਦੇਬਰਾਏ ਨੇ ਲਿਖਿਆ ਹੈ, 'ਅਸੀਂ ਜੋ ਵੀ ਬਹਿਸ ਕਰਦੇ ਹਾਂ, ਉਸ ਦਾ ਵੱਡਾ ਹਿੱਸਾ ਸੰਵਿਧਾਨ ਤੋਂ ਸ਼ੁਰੂ ਹੋ ਕੇ ਸੰਵਿਧਾਨ ਉੱਤੇ ਹੀ ਖ਼ਤਮ ਹੋ ਜਾਂਦਾ ਹੈ। ਕੁਝ ਸੋਧਾਂ ਨਾਲ ਕੰਮ ਨਹੀਂ ਚੱਲੇਗਾ। ਸਾਨੂੰ ਡਰਾਇੰਗ ਬੋਰਡ ਉੱਤੇ ਵਾਪਸ ਜਾਣਾ ਤੇ ਪਹਿਲੇ ਸਿਧਾਂਤਾਂ ਤੋਂ ਸ਼ੁਰੂ ਕਰਨਾ ਚਾਹੀਦਾ ਹੈ। ਇਹ ਪੁੱਛਣਾ ਚਾਹੀਦਾ ਹੈ ਕਿ ਪ੍ਰਸਤਾਵਨਾ ਵਿੱਚ ਇਨ੍ਹਾਂ ਸ਼ਬਦਾਂ ਦਾ ਹੁਣ ਕੀ ਮਤਲਬ ਹੈ ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰ, ਨਿਆਂ, ਅਜ਼ਾਦੀ ਤੇ ਸਮਾਨਤਾ। ਸਾਨੂੰ ਲੋਕਾਂ ਨੂੰ ਇੱਕ ਨਵਾਂ ਸੰਵਿਧਾਨ ਦੇਣਾ ਹੋਵੇਗਾ।'ਦੇਬਰਾਏ ਨੇ ਜਿਹੜੇ ਸ਼ਬਦਾਂ, ਸਮਾਜਵਾਦੀ, ਧਰਮ ਨਿਰਪੱਖ, ਨਿਆਂ, ਅਜ਼ਾਦੀ ਤੇ ਸਮਾਨਤਾ ਉੱਤੇ ਕਿੰਤੂ ਕੀਤਾ ਹੈ, ਇਹ ਭਾਰਤੀ ਸੰਵਿਧਾਨ ਦੀ ਆਤਮਾ ਹਨ। ਜੇਕਰ ਇਹ ਸ਼ਬਦ ਹਟਾ ਦਿੱਤੇ ਜਾਣ ਤਾਂ ਇਸ ਦਾ ਸਿੱਧਾ ਮਤਲਬ ਹੈ ਤਾਨਾਸ਼ਾਹੀ। ਬਿਬੇਕ ਦੇਬਰਾਏ ਕੋਈ ਛੋਟੀ ਚੀਜ਼ ਨਹੀਂ, ਉਹ ਮੋਦੀ ਸਰਕਾਰ ਦੀਆਂ ਅੱਖਾਂ, ਨੱਕ ਤੇ ਕੰਨ ਹੈ। ਉਸ ਵੱਲੋਂ ਲਿਖੀਆਂ ਗਈਆਂ ਗੱਲਾਂ ਸੁਭਾਵਕ ਨਹੀਂ, ਇੱਕ ਸੋਚੀ-ਸਮਝੀ ਨੀਤੀ ਤਹਿਤ ਕਹੀਆਂ ਗਈਆਂ ਹਨ। ਉਹ ਲਿਖਦਾ ਹੈ, 'ਸਾਡਾ ਵਰਤਮਾਨ ਸੰਵਿਧਾਨ ਭਾਰਤ ਸਰਕਾਰ ਦੇ 1935 ਦੇ ਨੋਟੀਫਿਕੇਸ਼ਨ ਉੱਤੇ ਆਧਾਰਿਤ ਹੈ। ਇਸ ਲਈ ਇਹ ਗੁਲਾਮੀ ਦੀ ਵਿਰਾਸਤ ਹੈ।'' ਇਹ ਕਹਿਣ ਪਿੱਛੇ ਭਾਵਨਾ ਇਹ ਹੈ ਕਿ ਜਿਵੇਂ ਮੋਦੀ ਸਰਕਾਰ ਗੁਲਾਮੀ ਦੀਆਂ ਨਿਸ਼ਾਨੀਆਂ ਕਹਿ ਕੇ ਕਈ ਨਾਵਾਂ ਅਤੇ ਕਾਨੂੰਨਾਂ ਨੂੰ ਬਦਲ ਰਹੀ ਹੈ, ਇਸੇ ਤਰ੍ਹਾਂ ਸੰਵਿਧਾਨ ਨੂੰ ਵੀ ਬਦਲ ਦੇਣਾ ਚਾਹੀਦਾ ਹੈ। ਅਸਲ ਵਿੱਚ ਬਿਬੇਕ ਦੇਬਰਾਏ ਭਾਰਤ ਵਿੱਚ ਲੋਕਤੰਤਰਿਕ ਤਾਨਾਸ਼ਾਹੀ ਦੀ ਵਕਾਲਤ ਕਰਦਾ ਹੈ, ਜਿਸ ਲਈ ਉਹ ਭਾਰਤ ਦੇ ਮੌਜੂਦਾ ਸੰਵਿਧਾਨ ਨੂੰ ਵੱਡੀ ਰੁਕਾਵਟ ਸਮਝਦਾ ਹੈ।

ਲੇਖ ਛਪਣ ਤੋਂ ਦੋ ਦਿਨ ਬਾਅਦ ਹੀ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਨੇ ਇਸ ਲੇਖ ਤੋਂ ਆਪਣੇ ਆਪ ਨੂੰ ਵੱਖ ਕਰਦਿਆਂ ਇਸ ਨੂੰ ਉਸ ਦੇ ਨਿੱਜੀ ਵਿਚਾਰ ਦੱਸਿਆ। ਇਹ ਕਿੱਡੀ ਹਾਸੋਹੀਣੀ ਗੱਲ ਹੈ ਕਿ ਬਿਬੇਕ ਦੇਬਰਾਏ ਹੀ ਲੇਖ ਲਿਖਦਾ ਹੈ ਤੇ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਚੇਅਰਮੈਨ ਵਜੋਂ ਉਹ ਹੀ ਉਸ ਦਾ ਖੰਡਨ ਕਰਦਾ ਹੈ। ਅਜਿਹੀ ਡਰਾਮੇਬਾਜ਼ੀ ਮੋਦੀ ਰਾਜ ਵਿੱਚ ਹੀ ਸੰਭਵ ਹੈ।

ਅਸਲ ਵਿੱਚ ਇਹ ਸੰਭਵ ਹੀ ਨਹੀਂ ਕਿ ਮੋਦੀ ਦੀ ਸਹਿਮਤੀ ਬਿਨਾਂ ਉਸ ਦੀ ਆਰਥਿਕ ਸਲਾਹਕਾਰ ਕੌਂਸਲ ਦਾ ਚੇਅਰਮੈਨ ਕੋਈ ਆਪਹੁਦਰੀ ਕਰ ਸਕਦਾ ਹੋਵੇ। ਅਸਲ ਵਿੱਚ ਸੱਤਾਧਾਰੀਆਂ ਨੇ ਸੰਵਿਧਾਨ ਬਦਲਣ ਦੀ ਆਪਣੀ ਮਨਸ਼ਾ ਬਾਰੇ ਲੋਕਾਂ ਦਾ ਨਜ਼ਰੀਆ ਜਾਣਨ ਲਈ ਦੇਬਰਾਏ ਨੂੰ ਇੱਕ ਜ਼ਰੀਆ ਬਣਾਇਆ ਹੈ। ਇਹ ਲੇਖ ਛਪਣ ਤੋਂ ਬਾਅਦ ਦੇਸ਼ ਭਰ ਵਿੱਚ ਇਸ ਵਿਰੁੱਧ ਤਿੱਖੀ ਪ੍ਰਤੀਕ੍ਰਿਆ ਹੋਈ ਹੈ। ਬਸਪਾ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਨੇ ਸੰਵਿਧਾਨ ਬਦਲਣ ਦੇ ਵਿਚਾਰ ਦੀ ਤਿੱਖੀ ਅਲੋਚਨਾ ਕੀਤੀ ਹੈ। ਸੁਪਰੀਮ ਕੋਰਟ ਦੀ ਵਕੀਲ ਸੋਮੋਨਾ ਖੰਨਾ ਨੇ ਲਿਖਿਆ ਹੈ, 'ਇੱਕ ਸਰਕਾਰੀ ਅਰਥ ਸ਼ਾਸਤਰੀ ਦੀ ਅਜਿਹੀ ਸੋਚ ਹੰਕਾਰ ਦੀ ਸਿਖਰ ਹੈ। ਉਹ ਸੰਵਿਧਾਨ ਸਭਾ ਦੇ 389 ਮੈਂਬਰਾਂ, ਡਾ. ਅੰਬੇਡਕਰ ਦੀ ਪ੍ਰਧਾਨਗੀ ਵਾਲੇ ਬੁੱਧੀਮਾਨਾਂ ਅਤੇ 77 ਸਾਲਾਂ ਦੇ ਸੰਵਿਧਾਨਕ ਨਿਆਂ ਸ਼ਾਸਤਰ ਦੇ ਗਿਆਨ ਨੂੰ ਵੀ ਖ਼ਤਮ ਕਰ ਸਕਦਾ ਹੈ।'

ਲੋਕਾਂ ਦੇ ਇਸ ਵਿਰੋਧ ਕਾਰਨ ਹੀ ਆਖਰ ਦੇਬਰਾਏ ਨੂੰ ਖੁਦ ਹੀ ਲੇਖ ਦਾ ਖੰਡਨ ਕਰਨ ਲਈ ਮਜਬੂਰ ਹੋਣਾ ਪਿਆ, ਪਰ ਇਸ ਦੇ ਨਾਲ ਸੰਘ-ਭਾਜਪਾ ਨੇ ਲੋਕਾਂ ਨੂੰ 2024 ਦੀਆਂ ਚੋਣਾਂ ਤੋਂ ਬਾਅਦ ਦਾ ਨਕਸ਼ਾ ਦਿਖਾ ਕੇ ਆਪਣੇ ਮਨਸੂਬਿਆਂ ਨੂੰ ਨਸ਼ਰ ਕਰ ਦਿੱਤਾ ਹੈ।

# ਐਨ.ਆਰ.ਆਈ. ਪੰਜਾਬੀ ਬਨਾਮ ਮਹੱਲਾਂ ਵਰਗੇ ਘਰ

## ਪਰਵਾਸੀ ਪੰਜਾਬੀਆਂ ਦੇ ਸੁੰਨੇ ਪਏ ਮਹੱਲ- ਮੁਨਾਰੇ








ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਵਸੇ ਹੋਏ ਪਰਵਾਸੀ ਪੰਜਾਬੀਆਂ ਵਿਚੋਂ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਨੇ ਪੰਜਾਬ ਵਿਚਲੇ ਆਪਣੇ ਜੱਦੀ ਘਰਾਂ ਨੂੰ ਢਾਹ ਕੇ ਜਾਂ ਜੱਦੀ ਘਰਾਂ ਦੇ ਨਾਲ ਹੀ ਵਿਦੇਸ਼ੀ ਡਿਜਾਇਨਾਂ ਵਾਲੇ ਮਹੱਲਾਂ ਵਰਗੇ ਘਰ ਅਤੇ ਆਲੀਸ਼ਾਨ ਕੋਠੀਆਂ ਬਣਾ ਲਈਆਂ ਹਨ। ਇਹ ਆਲੀਸ਼ਾਨ ਕੋਠੀਆਂ ਜਿਥੇ ਪਰਵਾਸੀ ਪੰਜਾਬੀਆਂ ਦੀ ਖੁਸ਼ਹਾਲੀ ਦਾ ਪ੍ਰਗਟਾਵਾ ਕਰਦੀਆਂ ਹਨ ਉਥੇ ਹੀ ਪੰਜਾਬ ਦੇ ਪਿੰਡਾਂ ਦੀ ਦਿੱਖ ਨੂੰ ਸੁੰਦਰ ਵੀ ਬਨਾਉਂਦੀਆਂ ਹਨ। ਇਹਨਾਂ ਆਲੀਸਾਨ ਘਰਾਂ ਵਿੱਚ ਕਿਸੇ ਨੇ ਛੱਤ ਉਪਰ ਹਵਾਈ ਜਹਾਜ਼ ਬਣਾਇਆ ਹੋਇਆ ਹੈ, ਕਿਸੇ ਨੇ ਟੈਂਕ, ਕਿਸੇ ਨੇ ਫੁੱਟਬਾਲ , ਕਿਸੇ ਨੇ ਘੋੜਾ, ਬਲਦ, ਭੱਤਾ ਲੈ ਕੇ ਜਾਂਦੀ ਮੁਟਿਆਰ, ਕਿਸੇ ਨੇ ਚਾਹ ਦਾ ਕੱਪ ਅਤੇ ਕਿਸੇ ਨੇ ਕੁਝ ਹੋਰ ਆਲੀਸ਼ਾਨ ਘਰਾਂ ਦੀਆਂ ਛੱਤਾਂ ਉਪਰ ਬਣਾਇਆ ਹੋਇਆ ਹੈ।

ਦੂਜੇ ਪਾਸੇ ਇਕ ਕਠੋਰ ਹਕੀਕਤ ਇਹ ਹੈ ਕਿ ਅਨੇਕਾਂ ਸ਼ਗਨ ਮਨਾ ਕੇ ਅਤੇ ਮਨਾਂ ਮੂੰਹੀ ਡਾਲਰ -ਪੌਂਡਾਂ ਤੋਂ ਬਦਲਿਆ ਭਾਰਤੀ ਪੈਸਾ ਖਰਚ ਕੇ ਬਣਾਈਆਂ ਇਹਨਾਂ ਮਹੱਲ ਵਰਗੀਆਂ ਆਲੀਸ਼ਾਨ ਕੋਠੀਆਂ ਵਿਚੋਂ ਵੱਡੀ ਗਿਣਤੀ ਕੋਠੀਆਂ ਵਿੱਚ ਜਿੰਦਗੀ ਹੀ ਨਹੀਂ ਧੜਕਦੀ ਕਿਉਂਕਿ ਇਹਨਾਂ ਮਹੱਲਾਂ ਵਰਗੀਆਂ ਆਲੀਸ਼ਾਨ ਕੋਠੀਆਂ ਦੇ ਅਸਲੀ ਮਾਲਕ ਤਾਂ ਸੱਤ ਸਮੁੰਦਰ ਪਾਰ ਵਿਦੇਸ਼ਾਂ ਵਿੱਚ ਡਾਲਰ ਤੇ ਪੌਂਡ ਕਮਾਉਣ ਵਿੱਚ ਹੀ ਰੁਝੇ ਹੋਏ ਹਨ। ਇਹ ਪਰਵਾਸੀ ਪੰਜਾਬੀ ਕਦੇ ਪੰਜ-ਸੱਤ ਕੁ ਸਾਲਾਂ ਬਾਅਦ ਹੀ ਕਿਸੇ ਧੀ ਪੁੱਤਰ ਦੇ ਵਿਆਹ ਮੌਕੇ ਜਾਂ ਕਿਸੇ ਹੋਰ ਕੰਮ ਆਪਣੇ ਜੱਦੀ ਪਿੰਡ ਗੇੜਾ ਮਾਰਦੇ ਨੇ ਤੇ ਉਸ ਸਮੇਂ ਜ਼ਰੂਰ ਇਹਨਾਂ ਆਲੀਸ਼ਾਨ ਕੋਠੀਆਂ ਵਿੱਚ ਦਿਨ ਰਾਤ ਰੌਣਕਾਂ ਲਗੀਆਂ ਰਹਿੰਦੀਆਂ ਹਨ।

ਇਹ ਮਹੱਲਾਂ ਵਰਗੇ ਘਰ ਹਰ ਪਿੰਡ ਦੀ ਸ਼ਾਨ ਬਣੇ ਹੋਏ ਹਨ। ਪੰਜਾਬ ਦੇ ਮਾਨਚੈਸਟਰ ਕਹੇ ਜਾਂਦੇ ਦੋਆਬਾ ਇਲਾਕੇ ਵਿੱਚ ਸਭ ਤੋਂ ਪਹਿਲਾਂ ਅਜਿਹੇ ਮਹੱਲਾਂ ਵਰਗੇ ਘਰ ਬਨਾਉਣ ਦੀ ਸ਼ੁਰੂਆਤ ਹੋਈ, ਹੁਣ ਤਾਂ ਮਾਲਵਾ ਅਤੇ ਦੋਆਬਾ ਵਿੱਚ ਵੀ ਅਜਿਹੇ ਹੀ ਅਨੇਕਾਂ ਆਲੀਸ਼ਾਨ ਘਰ ਅਤੇ ਉਹਨਾਂ ਘਰਾਂ ਦੀਆਂ ਛੱਤਾਂ ਉਪਰ ਬਣੇ ਜਹਾਜ਼, ਕਾਰਾਂ, ਫੁਟਬਾਲ ਅਤੇ ਟੈਂਕ ਆਦਿ ਨਜਰ ਆ ਜਾਂਦੇ ਹਨ।

ਪਰਵਾਸੀ ਪੰਜਾਬੀਆਂ ਵਲੋਂ ਚਾਵਾਂ ਮਲਾਰਾਂ ਨਾਲ ਬਣਾਈਆਂ ਇਹਨਾਂ ਆਲੀਸ਼ਾਨ ਕੋਠੀਆਂ ਵਿਚੋਂ ਵੱਡੀ ਗਿਣਤੀ ਕੋਠੀਆਂ ਇਹਨਾਂ ਕੋਠੀਆਂ ਦੇ ਵਾਰਸਾਂ ਦੇ ਸੱਤ ਸਮੁੰਦਰ ਪਾਰ ਜਾ ਕੇ ਵਸੇ ਹੋਣ ਕਾਰਨ ਸੁੰਨੀਆਂ ਪਈਆਂ ਹਨ। ਇਨਾਂ ਜਹਾਜ਼ਾਂ, ਟੈਂਕਾਂ, ਬਲਦਾਂ ਵਾਲੇ ਘਰਾਂ ਦੇ ਚੁੱਲਿਆਂ 'ਤੇ ਹੁਣ ਲੋਹੜੀ, ਰੱਖੜੀ, ਦਿਵਾਲੀ ਅਤੇ ਲੋਹੜੀ ਮੌਕੇ ਖੋਆ ਨਹੀ ਕੱਢਿਆ ਜਾਂਦਾ। ਨਾ ਹੀ ਸਿਆਲ ਰੁੱਤੇ ਹੁਣ ਇਹਨਾਂ ਮਹੱਲਾਂ ਵਰਗੇ ਘਰਾਂ ਵਿੱਚ ਕੋਈ ਗਜਰੇਲਾ ਬਨਾਉਂਦਾ ਹੈ। ਨਾ ਹੀ ਇਹਨਾਂ ਕੋਠੀਆਂ ਦੀਆਂ ਹਾਰੇ ਵਿੱਚ ਰੱਖੀਆਂ ਕਾੜ੍ਹਨੀਆਂ ਵਿੱਚ ਦੁੱਧ ਗਰਮ ਹੁੰਦਾ, ਅਸਲ ਵਿੱਚ ਇਹਨਾ ਘਰਾਂ ਦੇ ਵਸਨੀਕਾਂ ਦੇ ਵਿਦੇਸ਼ ਵਿੱਚ ਹੋਣ ਕਾਰਨ ਇਹ ਘਰ ਬਿਲਕੁਲ ਹੀ ਸੁੰਨੇ ਪਏ ਹਨ ।

ਇਹਨਾਂ ਆਲੀਸ਼ਾਨ ਕੋਠੀਆਂ ਵਿਚੋਂ ਕਈ ਕੋਠੀਆਂ ਤਾਂ ਅਜਿਹੀਆਂ ਨੇ, ਜਿਹਨਾਂ ਉਪਰ ਐਨ.ਆਰ.ਆਈ. ਪੰਜਾਬੀਆਂ ਵੱਲੋਂ ਚਾਵਾਂ ਨਾਲ ਕਰਵਾਇਆ ਮਨ ਪਸੰਦ ਦਾ ਰੰਗ ਵੀ ਹੁਣ ਫਿਕਾ ਪੈਣ ਲਗਿਆ ਹੈ। ਇਹਨਾਂ ਆਲੀਸ਼ਾਨ ਕੋਠੀਆਂ ਦੀਆਂ ਕੰਧਾਂ ਕੌਲਿਆਂ ਉਪਰ ਬਣਾਈਆਂ ਤਸਵੀਰਾਂ ਵੀ ਧੁੰਦਲੀਆਂ ਪੈਣ ਲੱਗੀਆਂ ਹਨ। ਅਨੇਕਾਂ ਆਲੀਸ਼ਾਨ ਕੋਠੀਆਂ ਦੀਆਂ ਖੂਬਸੂਰਤ ਕੰਧਾਂ ਉਪਰ ਮਿੱਟੀ ਘੱਟਾ ਚੜ੍ਹਿਆ ਪਿਆ ਹੈ। ਕਈ ਕੋਠੀਆਂ ਵਿੱਚ ਤਾਂ ਉਹਨਾਂ ਦੇ ਪਰਦੇਸ ਗਏ ਮਾਲਕਾਂ ਦੇ ਰਿਸ਼ਤੇਦਾਰ ਹੀ ਮਹੀਨੇ - ਦੋ ਮਹੀਨੇ ਬਾਅਦ ਸਫਾਈ ਆਦਿ ਕਰਵਾਉਂਦੇ ਹਨ। ਇਹਨਾਂ ਆਲੀਸ਼ਾਨ ਕੋਠੀਆਂ ਦੇ ਅਸਲ ਮਾਲਕ ਐਨ.ਆਰ.ਆਈ. ਪੰਜਾਬੀ ਜਦੋਂ ਪੰਜ ਕੁ ਸਾਲ ਬਾਅਦ ਪੰਜਾਬ ਆਉਂਦੇ ਹਨ ਤਾਂ ਇਹਨਾਂ ਕੋਠੀਆਂ ਨੂੰ ਨਵਾਂ ਰੰਗ ਰੋਗਣ ਕਰਵਾ ਕੇ ਅਤੇ ਕੁਝ ਹੋਰ ਨਵਾਂ ਬਣਾ ਕੇ ਨਵਾਂ ਰੰਗ ਰੂਪ ਦੇ ਦਿੰਦੇ ਹਨ ਅਤੇ ਨਵੇਂ ਡਿਜ਼ਾਇਨ ਵਾਲਾ ਕੋਈ ਕਮਰਾ ਬਣਵਾ ਦਿੰਦੇ ਹਨ ਤੇ ਪੁਰਾਣਿਆਂ ਕਮਰਿਆਂ ਦੀ ਭੰਨਤੋੜ ਕਰਕੇ ਨਵਾਂ ਰੂਪ ਦੇ ਦਿੰਦੇ ਹਨ। ਆਪਣੇ ਮਾਲਕਾਂ ਨੂੰ ਉਡਕੀਦੇ ਇਹ ਮਹੱਲਾਂ ਵਰਗੇ ਘਰ ਨਿੱਤ ਦਿਨ ਹੀ ਹੌਂਕੇ ਲੈਂਦੇ ਹਨ। ਮਾਲਕਾਂ ਦੇ ਵਿਦੇਸ਼ ਵਿੱਚ ਹੋਣ ਕਰਕੇ ਵੱਡੀ ਗਿਣਤੀ



ਆਲੀਸ਼ਾਨ ਕੋਠੀਆਂ ਵਿੱਚ ਹੁਣ ਦਿਵਾਲੀ ਮੌਕੇ ਰੰਗ ਬਿਰੰਗੀਆਂ ਬਿਜਲਈ ਲੜੀਆਂ ਦੀ ਰੌਸ਼ਣੀ ਨਹੀਂ ਹੁੰਦੀ ਅਤੇ ਮਾਲਕਾਂ ਦੇ ਵਿਦੇਸ਼ ਵਿੱਚ ਹੋਣ ਕਰਕੇ ਮਹੱਲਾਂ ਵਰਗੀਆਂ ਇਹਨਾਂ ਆਲੀਸ਼ਾਨ ਕੋਠੀਆਂ ਦੇ ਬਨੇਰਿਆਂ ਉਪਰ ਦਿਵਾਲੀ ਮੌਕੇ ਨਾ ਕੋਈ ਵਿਅਕਤੀ ਹੁਣ ਦੀਵਾ ਬਾਲਦਾ ਹੈ, ਕੋਈ ਪੰਛੀ ਵੀ ਇਹਨਾਂ ਦੇ ਬਨੇਰੇ ਉਪਰ ਆ ਕੇ ਨਹੀਂ ਬਹਿੰਦਾ ਕਿਉਂਕਿ ਉਹਨਾਂ ਨੂੰ ਚੋਗਾ ਪਾਉਣ ਵਾਲੇ ਤਾਂ ਖੁਦ ਹੀ ਪਰਵਾਸੀ ਪੰਛੀਆਂ ਵਾਂਗ ਵਿਦੇਸ਼ਾਂ ਵਿੱਚ ਉਡਾਰੀ ਮਾਰ ਗਏ ਹਨ।

ਇਥੇ ਇਹ ਗਲ ਵੀ ਜ਼ਿਕਰਯੋਗ ਹੈ ਕਿ ਪਰਵਾਸੀ ਪੰਜਾਬੀਆਂ ਵੱਲੋਂ ਬਣਾਈਆਂ ਸਾਰੀਆਂ ਹੀ ਕੋਠੀਆਂ ਸੁੰਨੀਆਂ ਨਹੀਂ ਪਈਆਂ ਸਗੋਂ ਕਈਆਂ ਵਿੱਚ ਜਿੰਦਗੀ ਵੀ ਧੜਕਦੀ ਹੈ ਅਤੇ ਉਥੇ ਹਰ ਦਿਨ ਤਿਉਹਾਰ ਵੀ ਮਨਾਇਆ ਜਾਂਦਾ ਹੈ। ਅਸਲ ਵਿੱਚ ਅਜਿਹੀਆਂ ਕਈ ਕੋਠੀਆਂ ਵਿੱਚ ਘਰ ਦੇ ਮੁੰਡੇ ਬਹੂਆਂ ਤਾਂ ਪਰਦੇਸ ਗਏ ਹੋਏ ਹਨ ਪਰ ਉਹਨਾਂ ਦੇ ਬੁੱਢੜੇ ਮਾਪੇ ਜਰੂਰ ਇਹਨਾਂ ਮਹੱਲਾਂ ਮੁਨਾਰਿਆਂ ਦੀ ਰਾਖੀ ਲਈ ਪਿੰਡ ਰਹਿ ਗਏ ਹਨ। ਕਈ ਕੋਠੀਆਂ ਦੇ ਵਸਨੀਕਾਂ ਦਾ ਇਕ ਮੁੰਡਾ ਵਿਦੇਸ਼ ਗਿਆ ਹੋਇਆ ਹੈ ਅਤੇ ਦੂਜਾ ਮੁੰਡਾ ਆਪਣੇ ਮਾਪਿਆਂ ਨਾਲ ਇਹਨਾਂ ਆਲੀਸ਼ਾਨ ਕੋਠੀਆਂ ਵਿੱਚ ਹੀ ਰਹਿ ਰਿਹਾ ਹੈ।

ਪੰਜਾਬ ਦੇ ਵੱਖ- ਵੱਖ ਪਿੰਡਾਂ ਵਿੱਚ ਬਣੇ ਇਹ ਮਹੱਲ ਮੁਨਾਰੇ ਆਪਣੇ ਵਸਨੀਕਾਂ ਦੇ ਦੁੱਖ -ਸੁੱਖ ਦੇ ਵੀ ਗਵਾਹ ਨੇ, ਅਨੇਕਾਂ ਹੀ ਵਿਆਹ ਇਹਨਾਂ ਕੋਠੀਆਂ ਵਿੱਚ ਹੋਏ ਨੇ, ਵਿਦੇਸ਼ੀ ਡਾਲਰਾਂ ਤੇ ਪੌਂਡਾਂ ਨਾਲ ਬਣਾਈਆਂ ਇਹਨਾਂ ਆਲੀਸ਼ਾਨ ਕੋਠੀਆਂ ਨੂੰ ਉਹ ਦਿਨ ਵੀ ਯਾਦ ਹੈ ਜਦੋਂ ਪੁੱਤਰਾਂ ਦੇ ਵਿਆਹਾਂ ਮੌਕੇ ਘੋੜੀਆਂ ਅਤੇ ਸ਼ਗਨਾਂ ਦੇ ਹੋਰ ਗੀਤ ਗਾਏ ਗਏ ਸਨ ਅਤੇ ਇਹਨਾਂ ਪਰਵਾਸੀ ਪੁੱਤਰਾਂ ਨੇ ਆਪਣੇ ਵਿਆਹੁਤਾ ਜੀਵਨ ਦੀ ਸ਼ੁਰੂਆਤ ਵੀ ਇਹਨਾਂ ਕੋਠੀਆਂ ਵਿੱਚ ਹੀ ਕੀਤੀ ਸੀ। ਇਹਨਾਂ ਕੋਠੀਆਂ ਨੂੰ ਉਹ ਦਿਨ ਵੀ ਯਾਦ ਹੈ ਜਦੋਂ ਕੋਠੀ ਦੇ ਮਾਲਕਾਂ ਦੇ ਪੁੱਤਰ ਦੇ ਵਿਆਹ ਮੌਕੇ ਫੁੱਲਾਂ ਨਾਲ ਸ਼ਿੰਗਾਰੀ ਕਾਰ ਵਿਚੋਂ ਗਹਿਣਿਆਂ ਨਾਲ ਲੱਦੀ, ਸੂਹੇ ਸਾਲੂ ਨਾਲ ਸਿਰ ਕੱਜੀ, ਬਾਹਾਂ ਵਿਚ ਸ਼ਗਨਾਂ ਦਾ ਲਾਲ ਚੂੜਾ ਪਾ ਕੇ ਪੈਰੀ ਝਾਂਜਰਾ ਛਣਕਾਉਂਦੀ, ਮਹਿੰਦੀ ਵਾਲੇ ਹੱਥਾਂ ਨਾਲ ਲਾਲ ਸੂਹਾ ਲਹਿੰਗਾ ਸੰਭਾਲਦੀ , ਅੱਖਾਂ ਨਾਲ ਨੀਵੀਂ ਪਾਈ ਵਿਆਹੁਤਾ ਮੁਟਿਆਰ ਪਹਿਲੀ ਵਾਰ ਇਹਨਾਂ ਕੋਠੀਆਂ ਦੇ ਬੂਹੇ ਉਤਰੀ ਸੀ ਤੇ ਸ਼ਗਨਾਂ ਨਾਲ ਤੇਲ ਚੋਅ ਕੇ ਉਸ ਨੂੰ ਕੋਠੀ ਅੰਦਰ ਲਿਜਾਇਆ ਗਿਆ ਸੀ, ਉਸ ਸਮੇਂ ਗਾਏ ਗਏ ਸ਼ਗਨਾਂ ਦੇ ਗੀਤ ਅੱਜ ਵੀ ਇਹਨਾਂ ਮਹੱਲਾਂ ਮੁਨਾਰਿਆਂ ਦੇ ਸੁਪਨਿਆਂ ਵਿੱਚ ਗੂੰਜਦੇ ਹਨ।

ਪਰਵਾਸੀ ਪੰਜਾਬੀਆਂ ਦੇ ਸੁੰਨੇ ਪਏ ਇਹ ਮਹੱਲ ਮੁਨਾਰੇ ਹਰ ਦਿਨ ਹੀ ਲੰਬਾਂ ਹੌਕਾ ਭਰਦੇ ਹਨ, ਆਪਣੇ ਮਾਲਕਾਂ/ਵਸਨੀਕਾਂ ਨੂੰ ਯਾਦ ਕਰਕੇ ਰੌਂਦੇ ਹਨ ਪਰ ਉਹਨਾਂ ਦਾ ਦਰਦ ਸੁਣਨ ਵਾਲਾ ਹੀ ਕੋਈ ਨਹੀਂ। ਹੁਣ ਇਨਾਂ ਕੋਠੀਆਂ ਦੀ ਛੱਤ ਉਪਰ ਚੜਕੇ ਕੋਈ ਵਰਜ਼ਿਸ ਨਹੀਂ ਕਰਦਾ, ਨਾ ਹੀ ਇਹਨਾਂ ਕੋਠੀਆਂ ਵਿੱਚ ਕੋਈ ਫੇਰਾ ਪਾ ਕੇ ਰਾਜੀ ਹੈ। ਸਬਜ਼ੀ ਵਾਲਾ ਇਹਨਾਂ ਕੋਠੀਆਂ ਅੱਗੇ ਸਬਜੀ ਵੇਚਣ ਦਾ ਹੋਕਾ ਨਹੀਂ ਦਿੰਦਾ। ਵਣਜਾਰਾ ਇਹਨਾਂ ਮਹੱਲਾ ਮੁਨਾਰਿਆਂ ਵਰਗੀਆਂ

(ਬਾਕੀ ਸਫ਼ਾ 31 'ਤੇ)














# ਪੰਜਾਬੀ ਗਾਣਿਆਂ ਲਈ ਕਦੋਂ ਬਣੂੰ ਸੈਂਸਰ ਬੋਰਡ?



## ਗਾਣਿਆਂ 'ਚ ਦਿਖਾਈ ਜਾਂਦੀ ਅਸ਼ੀਸਲਤਾ ਤੇ ਹਿੰਸਾ 'ਤੇ ਕਦੋਂ ਲਗੇਗੀ ਰੋਕ ?
## ਦੋਹਰੇ ਅਰਥਾਂ ਵਾਲੇ ਗਾਣਿਆਂ ਕਾਰਨ ਫੈਲ ਰਿਹਾ ਹੈ ਸੱਭਿਆਚਾਰਕ ਪ੍ਰਦੂਸ਼ਣ



ਪੰਜਾਬ ਦਾ ਸੱਭਿਆਚਾਰ ਬਹੁਤ ਅਮੀਰ ਹੈ ਪਰ ਕੁਝ ਪੰਜਾਬੀ ਗਾਣਿਆਂ ਰਾਹੀਂ ਕੁਝ ਗਾਇਕਾਂ ਵੱਲੋਂ ਇਸ ਅਮੀਰ ਸੱਭਿਆਚਾਰ ਨੂੰ ਖੋਰਾ ਲਗਾਇਆ ਜਾ ਰਿਹਾ ਹੈ। ਪੰਜਾਬ ਵਿੱਚ ਪਿਛਲੇ ਕੁਝ ਦਹਾਕਿਆਂ ਤੋਂ ਦੋਹਰੇ ਅਰਥਾਂ ਵਾਲੇ ਗਾਣੇ ਗਾਏ ਜਾ ਰਹੇ ਹਨ, ਪਰ ਕੁਝ ਸਾਲ ਪਹਿਲਾਂ ਜਦੋਂ ਪੰਜਾਬੀ ਗਾਣਿਆਂ ਦਾ ਫ਼ਿਲਮਾਂਕਣ ਵੀ ਬਹੁਤ ਅਸ਼ਲੀਲ ਤਰੀਕੇ ਨਾਲ ਕੀਤਾ ਜਾਂਦਾ ਹੈ। ਅੱਜ ਕੱਲ ਦੇ ਵੱਡੀ ਗਿਣਤੀ ਗਾਣਿਆਂ ਵਿੱਚ ਕੁੜੀ ਤੋਂ ਸ਼ੁਰੂ ਕੀਤੀ ਗੱਲ ਗੰਨ ਕਲਚਰ ਨੂੰ ਉਤਸ਼ਾਹਿਤ ਕਰਨ ਤਕ ਪਹੁੰਚ ਜਾਂਦੀ ਹੈ।

ਜਦੋਂ ਤੋਂ ਵੱ-ਖ ਵੱਖ ਟੀ ਵੀ ਚੈਨਲ ਸ਼ੁਰੂ ਹੋਏ ਹਨ ਤਾਂ ਇਹਨਾਂ ਵਿੱਚੋਂ ਕੁਝ ਚੈਨਲਾਂ ਤੇ ਕਾਫੀ ਸਮਾਂ ਪੰਜਾਬੀ ਗਾਣੇ ਦਿਖਾਏ ਜਾਂਦੇ ਹਨ। ਇਹਨਾਂ ਗਾਣਿਆਂ ਵਿਚੋਂ ਕੁਝ ਗਾਣੇ ਤਾਂ ਸਭਿਅਕ ਹੁੰਦੇ ਹਨ ਜਦੋਂਕਿ ਵੱਡੀ ਗਿਣਤੀ ਗਾਣਿਆਂ ਵਿੱਚ ਦੋਹਰੇ ਅਰਥਾਂ ਵਾਲੇ ਸ਼ਬਦ ਬੋਲੇ ਜਾਂ ਗਾਏ ਜਾਂਦੇ ਹਨ ਅਤੇ ਇਹਨਾਂ ਗਾਣਿਆਂ ਦਾ ਫ਼ਿਲਮਾਂਕਣ ਤਾਂ ਹੋਰ ਵੀ ਮਾੜਾ ਹੁੰਦਾ ਹੈ।

ਕੁਝ ਦਹਾਕੇ ਪਹਿਲਾਂ ਤਕ ਕੁਝ ਗਾਇਕ ਜੋੜੀਆਂ ਵੱਲੋਂ ਦੋਹਰੇ ਅਰਥਾਂ ਵਾਲੇ ਗਾਣੇ ਗਾਏ ਜਾਂਦੇ ਸਨ, ਉਦੋਂ ਪੰਜਾਬ ਵਿੱਚ ਅਖਾੜੇ ਲਗਾਉਣ ਦਾ ਰਿਵਾਜ਼ ਸੀ। ਹੋਲੀ ਹੋਲੀ ਟੀ ਵੀ ਚੈਨਲ ਸ਼ੁਰੂ ਹੋ ਗਏ ਅਤੇ ਇਹਨਾਂ ਟੀ ਵੀ ਚੈਨਲਾਂ 'ਤੇ ਪੰਜਾਬੀ ਗਾਣਿਆਂ ਨੂੰ ਪੇਸ਼ ਕੀਤਾ ਜਾਣ ਲੱਗਿਆ। ਇਹਨਾਂ ਵਿਚੋਂ ਕੁਝ ਗਾਣਿਆਂ ਵਿੱਚ ਏਨੀ ਅਸ਼ਲੀਲਤਾ ਭਰੀ ਹੁੰਦੀ ਹੈ, ਕਿ ਆਮ ਪਰਿਵਾਰ ਵਿੱਚ ਬੈਠ ਕੇ ਇਹ ਗਾਣੇ ਸੁਣੇ ਤੇ ਵੇਖੇ ਨਹੀਂ ਜਾ ਸਕਦੇ। ਕਈ ਵਾਰ ਗਾਣੇ ਦੇ ਬੋਲ ਤਾਂ ਠੀਕ ਹੁੰਦੇ ਹਨ ਪਰ ਉਸ ਗਾਣੇ ਦੇ ਫ਼ਿਲਮਾਕਣ ਵਿੱਚ ਪੂਰੀ ਅਸ਼ਲੀਲਤਾ ਭਰੀ ਹੁੰਦੀ ਹੈ।

ਆਮ ਲੋਕਾਂ ਨੂੰ ਸਮਝ ਨਹੀਂ ਆ ਰ ਹੀ ਕਿ ਇਸ ਤਰਾਂ ਅਸ਼ਲੀਲਤਾ ਪੇਸ਼ ਕਰ ਰਹੇ ਗਾਣਿਆਂ ਨੂੰ ਕੋਈ ਰੋਕਦਾ ਕਿਉਂ ਨਹੀਂ। ਕਈ ਗਾਣਿਆਂ ਵਿੱਚ ਅਸ਼ਲੀਲਤਾ ਦੇ ਨਾਲ ਹੀ ਹਥਿਆਰਾਂ ਰਾਹੀਂ ਹਿੰਸਾ ਵੀ ਦਿਖਾਈ ਜਾਂਦੀ ਹੈ, ਜਿਸ ਕਾਰਨ ਪੰਜਾਬ ਦਾ ਸੱਭਿਆਚਾਰਕ ਮੁਹਾਂਦਰਾ ਬਦਲਣ ਦਾ ਯਤਨ ਕੀਤਾ ਜਾਂਦਾ ਹੈ।

ਜੇ ਹੁਣ ਪੰਜਾਬ ਸਰਕਾਰ ਦੀ ਗਲ ਕਰੀਏ ਤਾਂ ਹਰ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬੀ ਗਾਣਿਆਂ ਲਈ ਸੈਂਸਰ ਬੋਰਡ ਬਣਾਉਣ ਲਈ ਉਪਰਾਲੇ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਇਹਨਾਂ ਦਾਅਵਿਆਂ ਨੂੰ ਅਮਲੀ ਰੂਪ ਨਹੀਂ ਦਿਤਾ ਜਾਂਦਾ, ਜਿਸ ਕਰਕੇ ਪੰਜਾਬੀ ਗਾਣਿਆਂ ਲਈ ਸੈਂਸਰ ਬੋਰਡ ਬਣਾਉਣ ਦੇ ਯਤਨ ਅਜੇ ਤਕ ਠੋਸ ਰੂਪ ਵਿੱਚ ਸ਼ੁਰੂ ਨਹੀਂ ਹੋਏ। ਪੰਜਾਬ ਵਿੱਚ ਵੱਖ ਵੱਖ ਸਮੇਂ ਬਣਦੀਆਂ ਸਰਕਾਰਾਂ ਚੋਣਾਂ ਮੌਕੇ ਤਾਂ ਦਾਅਵੇ ਕਰਦੀਆਂ ਹਨ ਕਿ ਪੰਜਾਬੀ ਗਾਣਿਆਂ ਲਈ ਸੈਂਸਰ ਬੋਰਡ ਬਣਾਇਆ ਜਾਵੇਗਾ ਪਰ ਸਰਕਾਰ ਬਣਨ ਤੋਂ ਬਾਅਦ ਇਹ ਦਾਅਵੇ ਹਵਾ ਹਵਾਈ ਹੋ ਜਾਂਦੇ ਹਨ। ਪੰਜਾਬੀ ਗਾਇਕੀ ਅਤੇ ਗਾਣਿਆਂ ਦੇ ਇਤਿਹਾਸ ਤੇ ਨਜ਼ਰ ਮਾਰਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਗਾਇਕੀ ਨੇ ਪਿਛਲੇ ਕੁਝ ਦਹਾਕਿਆਂ ਦੌਰਾਨ ਕਈ ਪੜਾਅ ਪਾਰ ਕੀਤੇ ਹਨ। ਪਹਿਲਾਂ ਗਾਣੇ ਸਿਰਫ਼ ਸੁਣਨ ਵਾਲੇ ਹੀ ਹੁੰਦੇ ਸਨ ਪਰ ਕੁਝ ਦਹਾਕੇ ਪਹਿਲਾਂ ਇਹ ਗਾਣੇ ਵੇਖਣ ਵਾਲੇ ਵੀ ਬਣ ਗਏ। ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਗਾਣਿਆਂ ਦਾ ਫ਼ਿਲਮਾਂਕਣ ਵੀ ਜੋਰ ਫੜਦਾ ਜਾ ਰਿਹਾ ਹੈ ਪਰ ਦੁੱਖ ਦੀ ਗਲ ਇਹ ਹੈ ਕਿ ਇਹਨਾਂ ਗਾਣਿਆਂ ਵਿੱਚ ਰੰਗ ਬਿਰੰਗੀਆਂ ਲਾਈਟਾਂ ਦੀ ਰੌਸ਼ਣੀ ਵਿੱਚ ਨੌਜਵਾਨ ਕੁੜੀਆਂ ਵੱਲੋਂ ਜੋ ਹਰਕਤਾਂ ਕੀਤੀਆਂ ਜਾਂਦੀਆਂ ਹਨ ਅਤੇ ਇਹ ਕੁੜੀਆਂ ਗਾਣਿਆਂ ਵਿੱਚ ਜੋ ਮੁਦਰਾਵਾਂ ਬਣਾਉਂਦੀਆਂ ਹਨ, ਉਸ ਨੂੰ ਪਰਿਵਾਰ ਵਿੱਚ ਬੈਠ ਕੇ ਦੇਖਿਆ ਨਹੀਂ ਜਾ ਸਕਦਾ। ਵੱਡੇ ਦੁੱਖ ਦੀ ਗਲ ਇਹ ਹੈ ਕਿ ਕਈ ਗਾਇਕਾਂ ਵੱਲੋਂ ਆਪਣੇ ਗਾਣਿਆਂ ਵਿੱਚ ਨਸ਼ੇ, ਹਥਿਆਰ, ਦੋਹਰੇ ਅਰਥਾਂ ਵਾਲੇ ਸ਼ਬਦ, ਅਸ਼ਲੀਲ ਹਰਕਤਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ, ਪਰ ਉਹਨਾਂ ਨੂੰ ਰੋਕਣ ਵਾਲਾ ਕੋਈ ਨਹੀਂ ਹੈ, ਜਿਸ ਕਾਰਨ ਇਹ ਰੁਝਾਨ ਵੱਧਦਾ ਜਾ ਰਿਹਾ ਹੈ। ਇਹ ਵੀ ਠੀਕ ਹੈ ਕਿ ਕੁਝ ਗਾਇਕਾਂ ਵੱਲੋਂ ਸੱਭਿਆਚਾਰਕ ਗੀਤ ਵੀ ਗਾਏ ਜਾਂਦੇ ਹਨ ਪਰ ਅਨੇਕਾਂ ਗਾਇਕ ਅਜੇ ਵੀ ਦੋਹਰੇ ਅਰਥਾਂ ਵਾਲੇ ਗਾਣੇ ਗਾ ਰਹੇ ਹਨ, ਜਿਸ ਕਾਰਨ ਨੌਜਵਾਨ ਪੀੜ੍ਹੀ ਕੁਰਾਹੇ ਪੈ ਰਹੀ ਹੈ। ਅਕਸਰ ਹੀ ਅਨੇਕਾਂ ਗਾਇਕ ਦਾਅਵਾ ਕਰਦੇ ਹਨ ਕਿ ਉਹ ਸਿਰਫ਼ ਸੱਭਿਆਚਾਰਕ ਗੀਤ ਹੀ ਗਾਉਣਗੇ ਪਰ ਉਹਨਾਂ ਵੱਲੋਂ ਵੀ ਅਕਸਰ ਦੋਹਰੇ ਅਰਥਾਂ ਵਾਲੇ ਗਾਣੇ ਗਾਏ ਜਾਂਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਦਰਸ਼ਕ ਹੀ ਅਜਿਹੇ ਗਾਣੇ ਪਸੰਦ ਕਰਦੇ ਹਨ, ਜਿਸ ਕਰਕੇ ਉਹ ਅਜਿਹੇ ਗਾਣੇ ਗਾਉਂਦੇ ਹਨ।

ਚਾਹੀਦਾ ਤਾਂ ਇਹ ਹੈ ਕਿ ਪੰਜਾਬੀ ਗਾਣਿਆਂ ਵਿੱਚ ਪਰੋਸੀ ਜਾ ਰਹੀ ਅਸ਼ਲੀਲਤਾ, ਹਿੰਸਾ, ਨਸ਼ੇ, ਹਥਿਆਰ ਅਤੇ ਹੋਰਨਾਂ ਗਲਤ ਚੀਜ਼ਾਂ ਨੂੰ ਪੇਸ਼ ਕਰਨ ਤੇ ਪਾਂਬਦੀ ਲਗਾਈ ਜਾਵੇ ਅਤੇ ਪੰਜਾਬੀ ਗਾਣਿਆਂ ਲਈ ਸੈਂਸਰ ਬੋਰਡ ਬਣਾਇਆ ਜਾਵੇ। ਪੰਜਾਬ ਦੀ ਮੌਜੂਦ ਸਰਕਾਰ ਨੂੰ ਹਵਾ ਹਵਾਈ ਗਲਾਂ ਕਰਨ ਦੀ ਥਾਂ ਪੰਜਾਬੀ ਗਾਣਿਆਂ ਲਈ ਸੈਂਸਰ ਬੋਰਡ ਬਣਾਉਣ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ।

# ਭਾਰਤੀ ਰਾਜਨੀਤੀ ਵਿੱਚ ਬਦਲ ਰਹੀ ਹੈ ਮਹਿਲਾਵਾਂ ਦੀ ਤਸਵੀਰ

ਭਾਰਤ ਦੀ ਰਾਜਨੀਤੀ ਵਿੱਚ ਔਰਤਾਂ ਦਾ ਕਾਫ਼ਲਾ ਵਧ ਰਿਹਾ ਹੈ ਅਤੇ ਭਾਰਤ ਦੀ ਸਰਗਰਮ ਰਾਜਨੀਤੀ ਵਿੱਚ ਮਹਿਲਾਵਾਂ ਦੀ ਭੂਮਿਕਾ ਵੱਧ ਰਹੀ ਹੈ। ਸਾਲ 2016 ਵਿੱਚ, ਰਾਜਨੀਤੀ ਵਿੱਚ ਔਰਤਾਂ ਦੀ ਭਾਗੀਦਾਰੀ ਦੇ ਮਾਮਲੇ ਵਿੱਚ ਭਾਰਤ ਦੁਨੀਆਂ ਵਿੱਚ ਨੌਵੇਂ ਸਥਾਨ 'ਤੇ ਸੀ। ਸਾਲ 2022 'ਚ ਇਹ 48ਵੇਂ ਸਥਾਨ 'ਤੇ ਆ ਗਿਆ ਸੀ । ਲਿੰਗ ਅਸਮਾਨਤਾ ਲਈ ਰਾਜਨੀਤੀ ਵਿੱਚ ਔਰਤਾਂ ਦੀ ਘੱਟ ਭਾਗੀਦਾਰੀ ਦਾ ਹਵਾਲਾ ਦਿੰਦੇ ਹੋਏ, ਸਾਬਕਾ ਲੋਕ ਸਭਾ ਸਪੀਕਰ ਸੁਮਿਤਰਾ ਮਹਾਜਨ ਨੇ ਕਿਹਾ ਕਿ ਸਿਰਫ਼ ਚੋਣਾਂ ਲੜਨਾ ਰਾਜਨੀਤੀ ਨਹੀਂ ਹੈ। ਸਿਆਸੀ ਸਮਝ ਦਾ ਹੋਣਾ ਜ਼ਿਆਦਾ ਜ਼ਰੂਰੀ ਹੈ। ਇਸ ਮਾਮਲੇ 'ਚ ਭਾਰਤੀ ਔਰਤਾਂ ਦੀ ਹਿੱਸੇਦਾਰੀ ਵਧੀ ਹੈ।



ਵੋਟਿੰਗ ਵਿੱਚ ਔਰਤਾਂ ਦੀ ਪ੍ਰਤੀਸ਼ਤਤਾ ਵਧੀ ਹੈ। ਕੁਝ ਥਾਵਾਂ 'ਤੇ ਮਰਦਾਂ ਨਾਲੋਂ ਵੀ ਵੱਧ ਮਹਿਲਾਵਾਂ ਵੱਲੋਂ ਵੋਟਾਂ ਪਾਈਆਂ ਜਾਂਦੀਆਂ ਹਨ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਪਿਛਲੀਆਂ ਚੋਣਾਂ ਦੇ ਮੁਕਾਬਲੇ ਸਭ ਤੋਂ ਵੱਧ ਮਹਿਲਾ ਸੰਸਦ ਮੈਂਬਰ ਚੁਣੇ ਗਏ ਸਨ। ਇਸ ਵਿੱਚ ਕੁੱਲ 78 ਮਹਿਲਾ ਸੰਸਦ ਮੈਂਬਰ ਚੁਣੇ ਗਏ, ਜੋ ਕੁੱਲ ਮੈਂਬਰਾਂ ਦਾ 14.4 ਫੀਸਦੀ ਹੈ। 8,054 ਉਮੀਦਵਾਰਾਂ ਵਿੱਚੋਂ 726 ਔਰਤਾਂ ਸਨ। ਸਾਲ 2021 ਤੱਕ ਦੀ ਸਥਿਤੀ ਮੁਤਾਬਕ ਰਾਜ ਸਭਾ ਵਿੱਚ ਵੀ ਮਹਿਲਾ ਮੈਂਬਰਾਂ ਦੀ ਗਿਣਤੀ 12.24 ਫੀਸਦੀ ਸੀ।

ਇਹ ਸੰਭਵ ਹੈ ਕਿ ਸੰਸਦ ਦੇ ਅੰਦਰ ਔਰਤਾਂ ਦੀ ਗਿਣਤੀ ਮੁਕਾਬਲਤਨ ਘੱਟ ਹੈ, ਪਰ ਜਿੰਨੀਆਂ ਔਰਤਾਂ ਹਨ, ਉਹ ਬਹੁਤ ਸ਼ਕਤੀਸ਼ਾਲੀ ਭੂਮਿਕਾ ਨਿਭਾ ਰਹੀਆਂ ਹਨ। ਸਿਆਸਤ ਵਿੱਚ ਆਮ ਔਰਤਾਂ ਦੀ ਸਰਗਰਮੀ ਵੀ ਵਧੀ ਹੈ।

ਇਕ ਰਿਸਰਚ ਰਾਹੀਂ ਪਤਾ ਲੱਗਾ ਹੈ ਕਿ ਜੇਕਰ ਅਸੀਂ ਦੇਸ਼ ਦੀ ਅਗਵਾਈ ਕਰਨ ਵਾਲੀਆਂ ਔਰਤਾਂ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਦੁਨੀਆਂ ਦੇ ਦੇਸ਼ਾਂ ਦੀ ਸੂਚੀ 'ਚ ਭਾਰਤ ਸਭ ਤੋਂ ਉੱਪਰ ਆਉਂਦਾ ਹੈ। ਭਾਰਤ ਦੇ ਹੱਕ ਵਿੱਚ ਇੱਕ ਹੋਰ ਤੱਥ ਇਹ ਹੈ ਕਿ ਭਾਰਤ ਵੀ ਉਨ੍ਹਾਂ ਪੰਜ ਦੇਸ਼ਾਂ ਵਿੱਚੋਂ ਇੱਕ ਹੈ ਜਿੱਥੇ ਇੱਕ ਔਰਤ ਨੇ 15 ਸਾਲ ਤੋਂ ਵੱਧ ਸਮਾਂ ਰਾਜ ਕੀਤਾ।

ਜੇਕਰ ਅਸੀਂ ਦੇਸ਼ ਦੀ ਰਾਜਨੀਤੀ ਵਿੱਚ ਔਰਤਾਂ ਦੀ ਪ੍ਰਮੁੱਖਤਾ ਦੀ ਗੱਲ ਕਰੀਏ ਤਾਂ ਭਾਰਤ ਦੇ ਖਾਤੇ ਵਿੱਚ ਇੱਕ ਸਕਾਰਾਤਮਕ ਰਿਕਾਰਡ ਹੈ। ਦਰਅਸਲ ਅਮਰੀਕਾ ਦੇ ਇਕ ਰਿਸਰਚ ਸੈਂਟਰ ਨੇ ਆਪਣੀ ਰਿਸਰਚ ਰਾਹੀਂ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਜੇਕਰ ਦੇਸ਼ ਦੀ ਅਗਵਾਈ ਕਰਨ ਵਾਲੀਆਂ ਔਰਤਾਂ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਭਾਰਤ ਦੁਨੀਆ ਦੇ ਦੇਸ਼ਾਂ ਦੀ ਸੂਚੀ 'ਚ ਸਭ ਤੋਂ ਉੱਪਰ ਆਉਂਦਾ ਹੈ।

ਦੁਨੀਆਂ ਦੇ ਬਹੁਤੇ ਮੁਲਕਾਂ ਵਿੱਚ ਔਰਤਾਂ ਦੇਸ਼ ਦੇ ਉੱਚ ਸਿਆਸੀ ਅਹੁਦਿਆਂ 'ਤੇ ਕਾਬਜ਼ ਨਹੀਂ ਰਹੀਆਂ। ਦੁਨੀਆਂ ਦੇ ਲਗਭਗ 79 ਦੇਸ਼ਾਂ ਦੇ ਸਿਆਸੀ ਸਮੀਕਰਨਾਂ ਵਿੱਚ ਵੀ ਅੱਜ ਤੱਕ ਇੱਕ ਵੀ ਔਰਤ ਨੂੰ ਥਾਂ ਨਹੀਂ ਮਿਲੀ।

ਵਰਲਡ ਇਕਨਾਮਿਕ ਫੋਰਮ ਦੇ ਅਨੁਸਾਰ, 2014 ਤੱਕ, ਦੁਨੀਆਂ ਦੇ 142 ਦੇਸ਼ਾਂ ਵਿੱਚੋਂ 63 ਵਿੱਚ ਔਰਤਾਂ ਦੀ ਅਗਵਾਈ (ਕੇਂਦਰੀ ਜਾਂ ਰਾਜ ਸਰਕਾਰਾਂ ਦੇ ਮੁਖੀ ਵਜੋਂ) ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਦੇਸ਼ਾਂ ਵਿੱਚ ਸੱਤਾ 4 ਸਾਲ ਤੋਂ ਵੀ ਘੱਟ ਸਮੇਂ ਤੋਂ ਇੱਕ ਮਹਿਲਾ ਨੇਤਾ ਦੇ ਹੱਥਾਂ ਵਿੱਚ ਰਹੀ ਹੈ।

ਭਾਰਤ ਦੇ ਸੰਦਰਭ ਵਿੱਚ ਇਸ ਸਬੰਧ ਵਿੱਚ ਇੰਦਰਾ ਗਾਂਧੀ ਅਤੇ ਪ੍ਰਤਿਭਾ ਪਾਟਿਲ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ।

ਕੁਝ ਹੋਰ ਮਹਿਲਾ ਨੇਤਾ ਜਿਨ੍ਹਾਂ ਨੇ ਲੰਬੇ ਸਮੇਂ ਤੋਂ ਭਾਰਤੀ ਰਾਜਨੀਤੀ 'ਤੇ ਦਬਦਬਾ ਬਣਾਇਆ ਹੈ, ਉਹ ਹਨ ਮਾਇਆਵਤੀ (ਉੱਤਰ ਪ੍ਰਦੇਸ਼), ਜੈਲਲਿਤਾ (ਤਾਮਿਲਨਾਡੂ) ਅਤੇ ਸ਼ੀਲਾ ਦੀਕਸ਼ਤ (ਦਿੱਲੀ), ਮਮਤਾ ਬੈਨਰਜ਼ੀ (ਪੱਛਮੀ ਬੰਗਾਲ) ਭਾਰਤ ਦੀ ਸਿਆਸਤ ਵਿੱਚ ਕੁਝ ਸਮੇਂ ਤੋਂ ਮਹਿਲਾਵਾਂ ਦਾ ਯੋਗਦਾਨ ਵੱਧਦਾ ਜਾ ਰਿਹਾ ਹੈ ਅਤੇ ਮਹਿਲਾਵਾਂ ਦੀ ਭਾਰਤੀ ਸਿਆਸਤ ਵਿੱਚ ਅਹਿਮੀਅਤ ਵਧੀ ਹੈ। ਇਸ ਤੋਂ ਇਲਾਵਾ ਦਿਨੋਂ ਦਿਨ ਭਾਰਤੀ ਮਹਿਲਾਵਾਂ ਵਿੱਚ ਜਾਗਰੂਕਤਾ ਆ ਰਹੀ ਹੈ ਅਤੇ ਮਹਿਲਾਵਾਂ ਰਾਜਨੀਤੀ ਵਿੱਚ ਵੀ ਦਿਲਚਸਪੀ ਲੈਣ ਲੱਗੀਆਂ ਹਨ। ਇਸ ਤੋਂ ਇਲਾਵਾ ਮਹਿਲਾਵਾਂ ਵਲੋਂ ਆਪਣੇ ਵੋਟ ਦੇ ਅਧਿਕਾਰ ਦੀ ਵੀ ਵਰਤੋ ਕੀਤੀ ਜਾ ਰਹੀ ਹੈ। ਕਈ ਇਲਾਕਿਆਂ ਵਿੱਚ ਅਨੇਕਾਂ ਮਹਿਲਾ ਆਗੂ ਉਭਰ ਦੇ ਸਾਹਮਣੇ ਆ ਰਹੀਆਂ ਹਨ, ਜਿਸ ਕਾਰਨ ਰਾਜਨੀਤੀ ਵਿੱਚ ਮਹਿਲਾਵਾਂ ਦਾ ਯੋਗਦਾਨ ਵੱਧਦਾ ਜਾ ਰਿਹਾ ਹੈ ਅਤੇ ਭਾਰਤ ਦੀ ਰਾਜਨੀਤੀ ਵਿੱਚ ਮਹਿਲਾਵਾਂ ਦੀ ਤਸਵੀਰ ਬਦਲਦੀ ਜਾ ਰਹੀ ਹੈ।

# ਆਪਣੇ ਬਚਾਓ ਲਈ ਸਰਮਾਏਦਾਰ ਮੁਲਕਾਂ ਦੇ ਹਥਿਆਰਾਂ ਲਈ ਮੰਡੀ ਬਣ ਰਹੇ ਛੋਟੇ ਮੁਲਕ

ਡਾ. ਕੁਲਦੀਪ ਸਿੰਘ

ਇਸ ਸਮੇਂ ਦੁਨੀਆਂ ਸਮਾਜਿਕ ਅਤੇ ਸਿਆਸੀ ਖੇਤਰਾਂ ਤੋਂ ਲੈ ਕੇ ਆਰਥਿਕਤਾਵਾਂ ਦੇ ਸੰਕਟਾਂ ਨਾਲ ਜੂਝ ਰਹੀ ਹੈ। ਦੁਨੀਆਂ ਦਾ ਕੋਈ ਵੀ ਅਜਿਹਾ ਕੋਨਾ ਨਹੀਂ ਬਚਿਆ ਜਿਥੇ ਅੰਦਰੂਨੀ ਅਤੇ ਬਾਹਰੀ ਸੰਕਟ ਵੱਖੋ-ਵੱਖ ਮੁਲਕਾਂ ਨੂੰ ਨਾ ਘੇਰੀ ਬੈਠੇ ਹੋਣ ਪਰ ਜਿਸ ਕਿਸਮ ਨਾਲ ਸੰਸਾਰ ਪੱਧਰ 'ਤੇ ਮਿਲਟਰੀ ਤਾਕਤ ਬਣਨ ਦੀ ਦੌੜ ਨੇ ਆਪਣੇ ਕੁੱਲ ਘਰੇਲੂ ਪੈਦਾਵਾਰਾਂ ਵਿਚੋਂ ਖਰਚੇ ਵਧਾ ਦਿੱਤੇ ਹਨ, ਉਨ੍ਹਾਂ ਤੋਂ ਅੰਦਾਜ਼ਾ ਲਗਾਉਣਾ ਔਖਾ ਨਹੀਂ ਕਿ ਦੁਨੀਆਂ ਦਾ ਭਵਿੱਖ ਹੋਰ ਜੰਗਾਂ ਨੂੰ ਜਨਮ ਦੇਵੇਗਾ। ਸਟਾਕਹੋਲਨ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ,( ਜੋ ਕੌਮਾਂਤਰੀ ਪੱਧਰ ਦਾ ਖੋਜ ਅਦਾਰਾ ਹੈ ਜਿਹੜਾ ਵੱਖ ਵੱਖ ਦੇਸ਼ਾਂ ਵਿੱਚ ਆਪਸੀ ਤੇ ਬਾਹਰੀ ਝਗੜਿਆਂ (ਵੱਡੀਆਂ ਛੋਟੀਆਂ ਜੰਗਾਂ) ਦੇ ਨਾਲ ਨਾਲ ਵੱਖ ਵੱਖ ਦੇਸ਼ਾਂ ਵਿੱਚ ਕਿਸ ਕਿਸਮ ਦੇ ਹਥਿਆਰ ਖ਼ਰੀਦੇ ਜਾਂਦੇ ਹਨ ਅਤੇ ਕਿਵੇਂ ਵੱਖ ਵੱਖ ਮੁਲਕਾਂ ਦੀਆਂ ਨੀਤੀਆਂ ਵਿੱਚ ਹਥਿਆਰਾਂ ਦੀ ਖਰੀਦੋ ਫਰੋਖਤ ਨੂੰ ਲੈ ਕੇ ਫੈਸਲੇ ਕੀਤੇ ਜਾਂਦੇ ਹਨ), ਬਾਰੇ ਰਿਪੋਰਟ ਕਰਦਾ ਹੈ। ਇਸ ਅਦਾਰੇ ਦੀ ਰਿਪੋਰਟ-2023 ਨੇ ਦੁਨੀਆ ਨੂੰ ਦਿਖਾ ਦਿੱਤਾ ਹੈ ਕਿ ਇਕ ਤੋਂ ਬਾਅਦ ਦੂਜਾ ਮੁਲਕ ਕਿਸ ਤਰ੍ਹਾਂ ਹਥਿਆਰਾਂ ਦੀ ਦੌੜ ਵਿੱਚ ਸ਼ਾਮਲ ਹੋ ਰਿਹਾ ਹੈ।

2022 ਵਿੱਚ ਦੁਨੀਆਂ ਭਰ ਦੇ ਮੁਲਕਾਂ 2240 ਬਿਲੀਅਨ ਡਾਲਰ ਹਥਿਆਰਾਂ ਉਪਰ ਖਰਚ ਕੀਤੇ।2015 ਤੋਂ 2022 ਤੱਕ ਹਥਿਆਰਾਂ ਉਪਰ ਖਰਚਾ 19 ਪ੍ਰਤੀਸ਼ਤ ਵਧਿਆ ਹੈ।ਸਮੁੱਚੀ ਦੁਨੀਆਂ ਆਪਣੀ ਕੁੱਲ ਘਰੇਲੂ ਪੈਦਾਵਾਰ ਦਾ 2.2 ਪ੍ਰਤੀਸ਼ਤ ਖਰਚ ਹਥਿਆਰਾਂ ਉਪਰ ਕਰਦੀ ਹੈ। ਇਸ ਰਿਪੋਰਟ ਵਿੱਚ ਦਰਜ ਹੈ ਕਿ ਦੁਨੀਆਂ ਦੇ ਪੰਜ ਮੁਲਕ- ਅਮਰੀਕਾ, ਚੀਨ, ਰੂਸ, ਭਾਰਤ ਤੇ ਸਾਊਦੀ ਅਰਬ, ਸਮੁੱਚੀ ਦੁਨੀਆਂ ਉਪਰ ਹਥਿਆਰਾਂ ਦੇ ਖਰਚੇ ਵਿਚੋਂ 63 ਪ੍ਰਤੀਸ਼ਤ ਇਹ ਮੁਲਕ ਹੀ ਕਰਦੇ ਹਨ। ਹਥਿਆਰਾਂ ਦੀ ਇਸ ਦੌੜ ਵਿੱਚ ਅੱਜ ਵੀ ਅਮਰੀਕਾ ਸਭ ਤੋਂ ਉਪਰ ਹੈ ਜੋ 887 ਬਿਲੀਅਨ ਡਾਲਰ ਖਰਚਾ ਕਰ ਰਿਹਾ ਹੈ, ਦੂਜੇ ਨੰਬਰ 'ਤੇ ਚੀਨ ਜੋ 292 ਬਿਲੀਅਨ ਡਾਲਰ ਖ਼ਰਚਦਾ ਹੈ। ਰੂਸ 86.4 ਬਿਲੀਅਨ ਡਾਲਰ, ਭਾਰਤ 81.4 ਬਿਲੀਅਨ ਡਾਲਰ ਅਤੇ ਸਾਊਦੀ ਅਰਬ 75 ਬਿਲੀਅਨ ਡਾਲਰ ਹਥਿਆਰਾਂ ਉੱਤੇ ਖਰਚ ਕਰ ਰਿਹਾ ਹੈ। ਜੰਗ ਕਾਰਨ ਯੂਕਰੇਨ ਨੂੰ ਆਪਣੇ ਮਿਲਟਰੀ ਖਰਚੇ ਵਧਾਉਣੇ ਪਏ, ਇਥੋਂ ਤੱਕ ਕਿ ਇਹ ਖਰਚ 44 ਬਿਲੀਅਨ ਡਾਲਰ ਖ਼ਰਚਣ ਤੱਕ ਪਹੁੰਚ ਗਿਆ ਹੈ। ਇਸੇ ਤਰ੍ਹਾਂ ਫਰਾਂਸ, ਜਰਮਨ, ਜਪਾਨ, ਇੰਗਲੈਂਡ, ਯੂਕਰੇਨ ਆਦਿ ਆਪਣੇ ਕੁੱਲ ਘਰੇਲੂ ਪੈਦਾਵਾਰ ਦਾ 3.4 ਪ੍ਰਤੀਸ਼ਤ ਹਥਿਆਰਾਂ ਉਪਰ ਖਰਚ ਰਹੇ ਹਨ।

ਵੱਖ- ਵੱਖ ਮੁਲਕਾਂ ਨੇ ਜਿਸ ਢੰਗ ਨਾਲ ਆਪਣੇ ਖਰਚੇ ਹਥਿਆਰਾਂ ਉਪਰ ਵਧਾਏ ਹਨ, ਉਸ ਨਾਲ ਇਨ੍ਹਾਂ ਦੇਸ਼ਾਂ ਅੰਦਰ ਜਨ-ਸਮੂਹ ਨੂੰ ਵੱਡੀਆਂ ਆਰਥਿਕ ਤੰਗੀਆਂ ਵਿਚੋਂ ਗੁਜ਼ਰਨਾ ਪੈ ਰਿਹਾ ਹੈ। ਇਸ ਰਿਪੋਰਟ ਵਿੱਚ ਹੀ ਦਰਜ ਕੀਤਾ ਗਿਆ ਹੈ ਕਿ ਲੋਕਾਂ ਦਾ ਰੋਜ਼ਮੱਰਾ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਅਤੇ ਉਹ ਭਿਆਨਕ ਮਹਿੰਗਾਈ ਦੇ ਦੌਰ ਵਿੱਚ ਪ੍ਰਵੇਸ਼ ਕਰ ਗਏ ਹਨ। ਵੱਖ ਵੱਖ ਦੇਸ਼ਾਂ ਨੇ ਆਪਣੇ ਲੋਕਾਂ ਨੂੰ ਮਿਲਦੀਆਂ ਸਹੂਲਤਾਂ ਉਪਰ ਵੱਡੀਆਂ ਕਟੌਤੀਆਂ ਲਾ ਦਿੱਤੀਆਂ ਹਨ। ਰਿਪੋਰਟ ਵਿੱਚ ਇਥੋਂ ਤੱਕ ਜ਼ਿਕਰ ਹੈ ਕਿ 2021 ਤੋਂ 2022 ਤੱਕ ਕੁੱਲ ਘਰੇਲੂ ਪੈਦਾਵਾਰ ਦੀ ਹਥਿਆਰਾਂ ਦੀ ਖਪਤ 3.7 ਪ੍ਰਤੀਸ਼ਤ ਤੋਂ ਵੱਧ ਕੇ 4.1 ਪ੍ਰਤੀਸ਼ਤ ਹੋ ਗਈ ਹੈ। ਭਾਰਤ ਜਿਹੜਾ ਹਥਿਆਰਾਂ ਦੀ ਦੌੜ ਵਿੱਚ ਚੌਥੇ ਨੰਬਰ 'ਤੇ ਹੈ, ਨੇ 2021 ਤੋਂ 2022 ਦਰਮਿਆਨ ਹਥਿਆਰਾਂ 'ਤੇ 6 ਪ੍ਰਤੀਸ਼ਤ ਵੱਧ ਖ਼ਰਚਿਆ ਹੈ। ਰਿਪੋਰਟ ਵਿੱਚ ਦਰਜ ਹੈ ਕਿ 2013 ਤੋਂ 2021 ਦਰਮਿਆਨ ਹਥਿਆਰਾਂ 'ਤੇ ਖਰਚਾ 47 ਪ੍ਰਤੀਸ਼ਤ ਵਧਿਆ ਹੈ। ਕਾਰਨ ਇਹ ਦਰਸਾਇਆ ਗਿਆ ਹੈ ਕਿ ਚੀਨ ਅਤੇ ਪਾਕਿਸਤਾਨ ਨਾਲ ਲਗਾਤਾਰ ਤਣਾਅ ਰਹਿਣ ਕਰ ਕੇ ਮਿਲਟਰੀ ਤਾਕਤ ਨੂੰ ਆਧੁਨਿਕ ਕਰਨ ਲਈ ਇਹ ਖਰਚਾ ਕੀਤਾ ਗਿਆ ਹੈ।

ਰਿਪੋਰਟ ਵਿੱਚ ਇਹ ਵੀ ਦਰਜ ਹੈ ਕਿ ਯੂਕਰੇਨ ਉਪਰ ਰੂਸ ਦੇ ਹਮਲੇ ਤੋਂ ਬਾਅਦ ਡੈਨਮਾਰਕ, ਪੋਲੈਂਡ, ਲੀਥੋਨੀਆ ਆਦਿ ਤੋਂ ਲੈ ਕੇ ਸਵਿਸਟਜਰਲੈਂਡ ਹੋਰ ਤਾਂ ਹੋਰ ਲਾਤਵੀਆ, ਬੋਸਨੀਆ ਆਦਿ (ਜੋ ਸੈਂਟਰਲ ਤੇ ਵੈਸਟ ਯੂਰੋਪੀਅਨ ਦੇਸ਼ ਬਣਦੇ ਹਨ) ਨੇ ਹਥਿਆਰਾਂ ਉਪਰ 23 ਪ੍ਰਤੀਸ਼ਤ ਵਾਧਾ ਕੀਤਾ ਹੈ। ਇਸ ਨਾਲ ਇਨ੍ਹਾਂ ਮੁਲਕਾਂ ਵਿਚ ਮਹਿੰਗਾਈ ਦੀ ਦਰ ਵਧ ਗਈ ਹੈ।

ਏਸ਼ੀਆ ਦੇ ਖ਼ਿੱਤੇ ਵਿੱਚ ਸਮੁੱਚੇ ਮੁਲਕ 575 ਬਿਲੀਅਨ ਡਾਲਰ ਹਥਿਆਰਾਂ 'ਤੇ ਖ਼ਰਚਦੇ ਹਨ। 2013 ਤੋਂ 2021 ਤੱਕ ਇਸ ਦੀ ਪ੍ਰਤੀਸ਼ਤ 2.7 ਤੋਂ ਵਧ ਕੇ 4.5 ਹੋ ਗਈ ਹੈ ਜਿਹੜੀ ਲਗਾਤਾਰ ਵਧ ਰਹੀ ਹੈ। ਆਰਥਿਕ ਤੌਰ 'ਤੇ ਪਹਿਲਾਂ ਅਹਿਮੀਅਤ ਅਖਤਿਆਰ ਕਰ ਗਏ ਈਸਟ ਏਸ਼ੀਅਨ ਮੁਲਕ ਵੀ ਪਿਛਲੇ ਸਮੇਂ ਵਿੱਚ ਮਿਲਟਰੀ ਉਪਰ ਆਪਣੇ ਖਰਚੇ ਇਸ ਕਰ ਕੇ ਵਧਾ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਚੀਨ ਤੋਂ ਖਤਰਾ ਦਿਖਾਈ ਦਿੰਦਾ ਹੈ। ਇਸੇ ਤਰ੍ਹਾਂ ਜਪਾਨ ਵੀ ਇਕ ਕਿਸਮ ਨਾਲ ਚੀਨ ਤੋਂ ਦਹਿਸ਼ਤਜ਼ਦਾ ਮਹਿਸੂਸ ਕਰਦਾ ਹੈ। ਇਸ ਰਿਪੋਰਟ ਨੇ ਸਮੁੱਚਤਾ ਵਿੱਚ ਇਹ ਦਰਸਾਇਆ ਹੈ ਕਿ ਅਫ਼ਰੀਕਣ ਮੁਲਕਾਂ ਨੂੰ ਛੱਡ ਕੇ ਸਮੁੱਚੀ ਦੁਨੀਆਂ ਵਿੱਚ ਹਥਿਆਰਾਂ 'ਤੇ ਖਰਚਾ ਲਗਾਤਾਰ ਵਧਿਆ ਹੈ ਜਿਸ ਦਾ ਸਿੱਧਾ ਤੇ ਅਸਿੱਧਾ ਪ੍ਰਭਾਵ ਇਹ ਪਿਆ ਹੈ ਕਿ ਅਮਰੀਕਾ ਵਰਗਾ ਮੁਲਕ ਜਿਸ ਦੀ ਆਰਥਿਕਤਾ ਵਿੱਚ ਪ੍ਰਮੁੱਖ ਹਿੱਸਾ ਮਿਲਟਰੀ ਇੰਡਸਟਰੀਅਲ ਕੰਪਲੈਕਸ ਦਾ ਰਿਹਾ ਹੈ, ਲਗਾਤਾਰ ਤਾਕਤਵਰ ਹੋ ਰਿਹਾ ਹੈ। ਦੁਨੀਆਂ ਦੀਆਂ ਵੱਖ ਵੱਖ ਸੰਸਥਾਵਾਂ ਜਿਹੜੀਆਂ ਕਿਸੇ ਸਮੇਂ ਹਥਿਆਰਾਂ ਦੀ ਦੌੜ ਰੋਕਣ ਅਤੇ ਜੰਗਾਂ ਦੇ ਖ਼ਿਲਾਫ਼ ਹੁੰਦੀਆਂ ਸਨ, ਉਨ੍ਹਾਂ ਦੀ ਸਾਰਥਿਕਤਾ ਪਿਛਲੇ ਸਮੇਂ ਵਿੱਚ ਲਗਾਤਾਰ ਘਟ ਰਹੀ ਹੈ। ਯੂਕਰੇਨ ਦੀ ਜੰਗ ਨੇ ਇਹ ਦਿਖਾ ਦਿੱਤਾ ਹੈ ਕਿ ਜਦੋਂ ਵੱਡੇ ਮੁਲਕ ਜੰਗਾਂ ਵਿੱਚ ਉਲਝਦੇ ਹਨ ਅਤੇ ਸਮੁੱਚੀ ਦੁਨੀਆਂ ਨੂੰ ਖ਼ੌਫ ਦੇ ਦੌਰ ਵਿੱਚ ਸੁੱਟ ਦਿੰਦੇ ਹਨ ਤਾਂ ਹਥਿਆਰਾਂ ਦੀ ਦੌੜ ਹੋਰ ਤੇਜ਼ ਹੋ ਜਾਂਦੀ ਹੈ।

ਹਥਿਆਰਾਂ ਦੇ ਵਧ ਰਹੇ ਝੁਕਾਅ ਨੂੰ ਦਰਸਾਉਂਦੀ ਇਸ ਰਿਪੋਰਟ ਵਿੱਚ ਮਿਲਟਰੀ ਖ਼ਰਚਿਆਂ ਨੂੰ ਸੁਰੱਖਿਆ ਮਹਿਕਮਿਆਂ ਤੋਂ ਲੈ ਕੇ ਵੱਖ ਵੱਖ ਕਿਸਮ ਦੀਆਂ ਮਿਲਟਰੀ ਤਾਕਤਾਂ, ਕਈ ਦੇਸ਼ਾਂ ਵਿੱਚ ਸ਼ਾਂਤੀ ਦੇ ਨਾਂ 'ਤੇ ਭੇਜੀ ਜਾਂਦੀ ਮਿਲਟਰੀ ਤੇ ਇਥੋਂ ਤੱਕ ਵੱਖ ਵੱਖ ਦੇਸ਼ਾਂ ਵਿੱਚ ਮਿਲਟਰੀ ਅਪਰੇਸ਼ਨਾਂ ਲਈ ਦਿੱਤੀ ਜਾਂਦੀ ਸਿਖਲਾਈ, ਮਿਲਟਰੀ ਖੋਜਾਂ ਤੇ ਉਸ ਵਿੱਚ ਆਧੁਨਿਕ ਵਿਕਾਸ ਲਈ ਵਰਤੀ ਜਾਂਦੀ ਤਕਨੀਕ ਉਪਰ ਖ਼ਰਚਿਆਂ ਬਾਰੇ ਚਰਚਾ ਹੈ। ਇਸ ਵਿੱਚ ਦੁਨੀਆਂ ਭਰ ਦੀ ਪੁਲੀਸ 'ਤੇ ਕੀਤੇ ਜਾਂਦੇ ਖਰਚੇ ਸ਼ਾਮਲ ਨਹੀਂ ਹਨ। ਜੇ ਉਹ ਖਰਚੇ ਵੀ ਸ਼ਾਮਲ ਕਰ ਲਏ ਜਾਣ ਤਾਂ ਇਸ ਦੀ ਪ੍ਰਤੀਸ਼ਤ ਕਈ ਗੁਣਾਂ ਹੋਰ ਵਧ ਜਾਵੇਗੀ। ਆਧੁਨਿਕ ਹਥਿਆਰਾਂ ਦੀ ਦੌੜ ਦਾ ਸਿਲਸਿਲਾ ਇਕ ਕਿਸਮ ਨਾਲ ਅੰਦਰੂਨੀ ਅਤਿਵਾਦ ਹੀ ਹੁੰਦਾ ਹੈ ਹਾਲਾਂ ਕਿ ਅਤਿਵਾਦ ਨੂੰ ਰੋਕਣ ਦੇ ਨਾਂ 'ਤੇ ਜੰਗ ਸ਼ੁਰੂ ਕਰ ਦਿੱਤੀ ਜਾਂਦੀ ਹੈ ਜਿਸ ਤਰ੍ਹਾਂ 11 ਸਤੰਬਰ 2001 ਤੋਂ ਬਾਅਦ ਅਫ਼ਗਾਨਿਸਤਾਨ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸੇ ਤਰ੍ਹਾਂ ਰਸਾਇਣਿਕ ਹਥਿਆਰ ਰੱਖਣ ਦੇ ਨਾਂ ਹੇਠ ਇਰਾਕ ਨੂੰ ਤਬਾਹ ਕਰ ਦਿੱਤਾ ਗਿਆ।

ਹਥਿਆਰਾਂ ਦੀ ਇਹ ਦੌੜ ਜਿਥੇ ਦੁਨੀਆਂ ਭਰ ਦੇ ਆਧੁਨਿਕ, ਆਰਥਿਕ ਪ੍ਰਬੰਧ ਦੀਆਂ ਸਮੱਸਿਆਵਾਂ ਨਾਲ ਜੁੜੀ ਹੋਈ ਹੈ, ਉਥੇ ਵੱਖ ਵੱਖ ਮੁਲਕਾਂ ਵਿੱਚ ਆਪੋ-ਆਪਣੀ ਰਾਜਨੀਤੀ ਨੂੰ ਬਰਕਰਾਰ ਰੱਖਣ ਅਤੇ ਅਗਾਂਹ ਚਲਾਉਣ ਲਈ ਜੰਗਾਂ ਦਾ ਸਹਾਰਾ ਲਿਆ ਜਾਂਦਾ ਹੈ। ਇਸ ਕਰ ਕੇ ਭਾਰਤ ਵਰਗਾ ਮੁਲਕ ਵੀ ਹਥਿਆਰਾਂ ਦੀ ਦੌੜ ਵਿੱਚ ਕਿਸੇ ਤੋਂ ਪਿਛੇ ਨਹੀਂ ਹੈ।

ਦੁਨੀਆਂ ਵਿਚ ਹਥਿਆਰਾਂ ਦੀ ਦੌੜ ਜਿਸ ਤਰ੍ਹਾਂ ਲਗਾਤਾਰ ਵਧ ਰਹੀ ਹੈ, ਇਹ ਆਉਣ ਵਾਲੇ ਸਮੇਂ ਵਿੱਚ ਨਵੇਂ ਸੰਕਟਾਂ ਨੂੰ ਜਨਮ ਦੇਵੇਗੀ। ਇਹ ਹੁਣ ਤੱਕ ਬਚੀਆਂ ਖੁਚੀਆਂ ਜਮਹੂਰੀਅਤਾਂ ਲਈ ਵੀ ਖਤਰਾ ਹੈ। ਇਸ ਰਿਪੋਰਟ ਵਿੱਚ ਦਰਸਾਇਆ ਗਿਆ ਹੈ ਕਿ ਜਿਸ ਪੱਧਰ 'ਤੇ ਹਥਿਆਰਾਂ ਦੀ ਦੌੜ ਇੰਨੇ ਭਿਆਨਕ ਮੰਦਵਾੜੇ ਦੇ ਬਾਵਜੂਦ ਵਧ ਰਹੀ ਹੈ ਅਤੇ ਸੰਸਾਰ ਮੰਡੀ ਵਿੱਚ ਹਥਿਆਰਾਂ ਉਪਰ ਖਰਚਾ ਲਗਾਤਾਰ ਵਧ ਰਿਹਾ ਹੈ, ਇਹ ਵੱਖ-ਵੱਖ ਸਮਾਜਾਂ ਨੂੰ ਭਿਆਨਕ ਤਬਾਹੀਆਂ ਦੇ ਕੰਢੇ ਪਹੁੰਚਾ ਸਕਦਾ ਹੈ। ਇਨ੍ਹਾਂ ਖ਼ਤਰਿਆਂ ਨੂੰ ਜੇ ਵੱਖ ਵੱਖ ਪੱਧਰ 'ਤੇ ਦੁਨੀਆ ਭਰ ਦੇ ਸੰਘਰਸ਼ਾਂ ਨੇ ਆਪਣੇ ਮੁੱਦਿਆਂ ਵਿੱਚ ਸ਼ਾਮਲ ਨਾ ਕੀਤਾ ਤਾਂ ਰੋਜ਼ਾ ਲਗਜ਼ਮਬਰਗ ਦੀ ਇਹ ਗੱਲ ਸੱਚੀ ਹੋ ਜਾਵੇਗੀ ਕਿ ਦੁਨੀਆਂ ਨੂੰ ਬਰਬਾਦੀ ਦੇ ਕੰਢੇ 'ਤੇ ਪਹੁੰਚਣ ਤੋਂ ਕੋਈ ਵੀ ਬਚਾ ਨਹੀਂ ਸਕਦਾ। ਹਾਲਾਂ ਕਿ ਇਹ ਸ਼ਬਦ ਉਸ ਨੇ 1913 ਵਿੱਚ ਲਿਖੇ ਸੀ ਜਦੋਂ ਸਰਮਾਇਆ ਕੁਝ ਹੱਥਾਂ ਵਿੱਚ ਕੇਂਦਰਤ ਹੋ ਰਿਹਾ ਸੀ। ਹੁਣ ਤੱਕ ਸਰਮਾਏ ਦੇ ਨਾਲ ਨਾਲ ਹਥਿਆਰ ਵੀ ਕੁਝ ਹੱਥਾਂ ਵਿੱਚ ਕੇਂਦਰਤ ਹੋ ਰਹੇ ਹਨ ਅਤੇ ਛੋਟੇ ਮੋਟੇ ਮੁਲਕ ਆਪਣੇ ਬਚਾ ਲਈ ਵੱਡੇ ਮੁਲਕਾਂ ਦੇ ਹਥਿਆਰਾਂ ਲਈ ਮੰਡੀ ਬਣ ਰਹੇ ਹਨ। ਜਿਸ ਕਿਸਮ ਦੀਆਂ ਆਧੁਨਿਕ ਲੜਾਈਆਂ ਆਧੁਨਿਕ ਤਕਨਾਲੋਜੀ ਰਾਹੀਂ ਲੜੀਆਂ ਜਾ ਰਹੀਆਂ ਹਨ, ਉਸ ਕਰ ਕੇ ਅਮਰੀਕਾ ਦਾ ਮਿਲਟਰੀ ਇੰਡਸਟਰੀਅਲ ਕੰਪਲੈਕਸ ਤਾਕਤਵਰ ਹੋ ਰਿਹਾ ਹੈ। ਇਹ ਇਕ ਕਿਸਮ ਨਾਲ ਮਨੁੱਖਤਾ ਦੀ ਆਤਮ-ਹੱਤਿਆ ਦੇ ਬਰਾਬਰ ਹੈ। ਦੁਨੀਆ ਦੀ ਜੰਗ ਭਾਵੇਂ ਛੋਟੇ ਮੁਲਕ ਵਿੱਚ ਲੜੀ ਜਾ ਰਹੀ ਹੋਵੇ ਜਾਂ ਕਿਸੇ ਨਾ ਕਿਸੇ ਰੂਪ ਵਿੱਚ ਆਪਣੀਆਂ ਹੱਦਾਂ ਤੇ ਸਰਹੱਦਾਂ ਦੇ ਝਗੜੇ ਹੋਣ, ਉਸ ਵਿੱਚ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਵੱਡੀਆਂ ਤਾਕਤਾਂ ਦਾ ਹੱਥ ਲਾਜ਼ਮੀ ਹੁੰਦਾ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਨ ਪਹਿਲਾਂ ਅਫ਼ਗਾਨਿਸਤਾਨ ਸੀ ਤੇ ਹੁਣ ਯੂਕਰੇਨ ਹੈ।

ਇਸ ਦਿਲ ਕੰਬਾਊ ਰਿਪੋਰਟ ਦੇ ਅੰਕੜਿਆਂ ਨੇ ਦਰਸਾ ਦਿੱਤਾ ਹੈ ਕਿ ਦੁਨੀਆਂ ਵੱਡੀ ਜੰਗ ਦੇ ਕਿਨਾਰੇ 'ਤੇ ਹੀ ਨਹੀਂ ਖੜ੍ਹੀ ਬਲਕਿ ਜੰਗਾਂ ਤਾਂ ਚੱਲ ਰਹੀਆਂ ਹਨ ਅਤੇ ਇਨ੍ਹਾਂ ਦੀਆਂ ਤਿਆਰੀਆਂ ਵੱਡੇ ਪੈਮਾਨੇ 'ਤੇ ਹਨ। ਵੱਖ ਵੱਖ ਮੁਲਕਾਂ ਦੇ ਅੰਦਰ ਅਤੇ ਬਾਹਰ ਲਗਾਤਾਰ ਆਰਥਿਕ ਨਾ-ਬਰਾਬਰੀਆਂ ਤੋਂ ਲੈ ਕੇ ਬੇਚੈਨੀਆਂ ਹਕੂਮਤਾਂ ਨੂੰ ਕੰਬਣੀਆਂ ਛੇੜ ਰਹੀਆਂ ਹਨ। ਉਂਝ, ਜਿਸ ਕਿਸਮ ਦਾ ਸਿਆਸੀ ਬਦਲ ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿੱਚ ਚਾਹੀਦਾ ਹੈ, ਲੋਕ-ਲੜਾਈਆਂ ਉਸ ਤੋਂ ਅਜੇ ਵੀ ਕੋਹਾਂ ਦੂਰ ਹਨ। ਜੰਗਾਂ 'ਤੇ ਖਰਚੇ ਵੱਖ ਵੱਖ ਮੁਲਕਾਂ ਦੀਆਂ ਆਰਥਿਕਤਾਵਾਂ ਨੂੰ ਕੰਗਾਲ ਕਰ ਰਹੇ ਹਨ ਅਤੇ ਹਥਿਆਰਾਂ 'ਤੇ ਖਰਚੇ ਮੁਲਕਾਂ ਦੇ ਸਰਮਾਏ ਨੂੰ ਖਾ ਹੀ ਨਹੀਂ ਰਹੇ ਬਲਕਿ ਨਵੇਂ ਭਿਆਨਕ ਹਾਲਾਤ ਨੂੰ ਵੀ ਜਨਮ ਦੇ ਰਹੇ ਹਨ। ਹੁਣ ਹਕੀਕਤ ਇਹ ਹੈ ਕਿ ਮਨੁੱਖਤਾ ਕਈ ਪੱਖਾਂ ਤੋਂ ਬਰਬਾਦੀ ਦੇ ਕਗਾਰ 'ਤੇ ਹੈ। ਵਾਤਾਵਰਨ ਤਬਦੀਲੀਆਂ, ਆਰਥਿਕ ਮੰਦਵਾੜਾ, ਮੁਲਕਾਂ ਵਿਚ ਆਪਸੀ ਤਣਾਅ, ਸਿਆਸੀ ਫਾਸ਼ੀਵਾਦ ਵਰਗੇ ਮੁੱਦੇ ਸਿਰ 'ਤੇ ਚੜ੍ਹੇ ਆ ਰਹੇ ਹਨ। ਫਾਸ਼ੀਵਾਦੀ ਤਾਕਤਾਂ ਮੁੜ ਸੱਤਾ 'ਤੇ ਕਾਬਜ਼ ਹੋ ਕੇ ਦੁਨੀਆਂ ਨੂੰ ਤਰਾਸ਼ਦੀਆਂ ਵੱਲ ਧੱਕ ਚੁੱਕੀਆਂ ਹਨ। ਇਸ ਗੁੰਝਲਦਾਰ ਸਵਾਲ ਦਾ ਜਵਾਬ ਲੱਭਣਾ ਹਰ ਚੇਤਨ ਅਤੇ ਚਿੰਤਤ ਸ਼ਖ਼ਸ ਅਤੇ ਸੰਸਥਾਵਾਂ ਲਈ ਜ਼ਰੂਰੀ ਹੈ।

# ਕਿਸਾਨ ਆਮਦਨ ਦੁੱਗਣੀ- ਦਿੱਲੀ ਹਾਲੇ ਦੂਰ ਹੈ



ਗੁਰਮੀਤ ਸਿੰਘ ਪਲਾਹੀ
9815802070

ਭਾਰਤੀ ਸੰਸਦ ਵੱਲੋਂ ਸਥਾਪਿਤ ਖੇਤੀਬਾੜੀ ਬਾਰੇ ਸੰਸਦੀ ਕਮੇਟੀ ਨੇ ਇਸ ਸਾਲ 23 ਮਾਰਚ ਨੂੰ ਸੰਸਦ 'ਚ ਰਿਪੋਰਟ ਪੇਸ਼ ਕਰਦਿਆਂ ਕਿਹਾ ਕਿ ਸਰਕਾਰ 2022 ਵਿੱਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਟੀਚੇ ਤੋਂ ਦੂਰ ਹੈ। ਕਮੇਟੀ ਨੇ ਕਿਹਾ ਸੀ ਕਿ ਖੇਤੀਬਾੜੀ ਕਰਨ ਵਾਲੇ ਪਰਿਵਾਰਾਂ ਦੀ ਮਹੀਨਾਵਾਰ ਆਮਦਨੀ ਜੋ 2015-16 ਵਿੱਚ 8,050 ਰੁਪਏ ਸੀ, ਉਹ 2018-19 ਵਿੱਚ ਵਧਕੇ 10,218 ਰੁਪਏ ਹੋ ਜਾਵੇਗੀ।

ਕਿਸਾਨਾਂ ਦੀ ਆਮਦਨ ਦੇ ਨਾ ਵਧਣ ਦਾ ਕਾਰਨ ਸਰਕਾਰ ਵੱਲੋਂ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਜੋ ਉਸ ਵਲੋਂ 2016-17 ਵਿੱਚ ਜਾਰੀ ਕੀਤੀ ਗਈ। ਇਸ ਰਿਪੋਰਟ ਵਿੱਚ ਮੌਨਸੂਨ ਦੇ ਅੱਗੇ-ਪਿੱਛੇ ਹੋਣਾ, ਵਾਰ-ਵਾਰ ਫ਼ਸਲ ਖਰਾਬ ਹੋਣਾ, ਜਲ ਸਰੋਤਾਂ ਦੀ ਘਾਟ ਤੇ ਨਦੀਨਾਂ ਦੇ ਹਮਲੇ, ਬੀਮਾਰੀਆਂ ਆਦਿ ਕਾਰਨ ਦੱਸੇ ਗਏ ਹਨ।

ਪਰ ਕਿਸਾਨਾਂ ਦੀ ਆਮਦਨ ਨਾ ਵਧਣ ਦਾ ਸਿੱਟਾ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਖੁਦਕੁਸ਼ੀਆਂ 'ਚ ਗਿਣਤੀ ਦਾ ਵਾਧਾ ਹੈ। ਵਿਗਿਆਨ ਤੇ ਵਾਤਾਵਰਨ ਕੇਂਦਰ (ਸੀ.ਐਸ.ਈ) ਵਲੋਂ ਜਾਰੀ ਤਾਜ਼ਾ ਰਿਪੋਰਟ ਖ਼ੁਲਾਸਾ ਕਰਦੀ ਹੈ ਕਿ 2021 ਵਿੱਚ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਪਿਛਲੇ ਪੰਜ ਸਾਲਾਂ ਵਿੱਚ ਸਭ ਤੋਂ ਵੱਧ ਸੀ। 2019 ਵਿੱਚ 10,281, 2020 ਵਿੱਚ 10,677 ਅਤੇ 2021 'ਚ 10,881 ਕਿਸਾਨਾਂ/ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ।



ਕੇਂਦਰ ਸਰਕਾਰ ਦਾ ਦਾਅਵਾ ਹੈ ਅਤੇ ਵਾਰ-ਵਾਰ ਦਾਅਵਾ ਹੈ ਕਿ ਦੇਸ਼ 'ਚ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨਾ ਉਸ ਦੀ ਪਹਿਲ ਹੈ ਪਰ ਕਿਸਾਨ ਖੇਤੀ ਨਾਲ ਆਪਣਾ ਗੁਜ਼ਾਰਾ ਤੋਰਨ ਵਿੱਚ ਸਫ਼ਲ ਨਹੀਂ ਹੋ ਰਹੇ ਅਤੇ ਖ਼ੁਦਕੁਸ਼ੀਆਂ ਕਰ ਰਹੇ ਹਨ। ਅਸਾਮ ਵਿੱਚ ਇਹਨਾਂ ਪੰਜ ਸਾਲਾਂ ਵਿੱਚ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ 'ਚ ਤੇਰਾਂ ਗੁਣਾ ਵਾਧਾ ਦਰਜ ਕੀਤਾ ਗਿਆ ਹੈ ਹਾਲਾਂ ਕਿ ਕੌਮੀ ਅਪਰਾਧ ਰਿਕਾਰਡ ਬਿਓਰੋ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਪਿਛਲੇ ਕਾਰਨਾਂ ਬਾਰੇ ਚੁੱਪੀ ਸਾਧੀ ਬੈਠਾ ਹੈ।

ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਫ਼ਸਲਾਂ 'ਤੇ ਬੀਮਾ ਯੋਜਨਾ ਲਾਗੂ ਹੈ। ਖਾਦਾਂ, ਕੀਟਨਾਸ਼ਕਾਂ ਆਦਿ ਉੱਤੇ ਸਬਸਿਡੀ ਦਿੱਤੀ ਜਾ ਰਹੀ ਹੈ। ਕੁਝ ਸੂਬਾ ਸਰਕਾਰਾਂ ਵੱਲੋਂ ਮੁਫ਼ਤ ਬਿਜਲੀ ਅਤੇ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਮੌਸਮ ਦੀ ਮਾਰ ਸਮੇਂ ਫ਼ਸਲਾਂ ਦੀ ਤਬਾਹੀ ਹੋਣ 'ਤੇ ਕੁਝ ਰਾਹਤ ਵੀ ਵੰਡੀ ਜਾਂਦੀ ਹੈ। ਫ਼ਸਲੀ ਬੀਮਾ ਯੋਜਨਾ ਨੂੰ ਬਹੁਤੀਆਂ ਸਰਕਾਰਾਂ ਅਤੇ ਕਿਸਾਨਾਂ ਨੇ ਪ੍ਰਵਾਨ ਨਹੀਂ ਕੀਤਾ ਹੋਇਆ , ਕਿਉਂਕਿ ਇਹ ਯੋਜਨਾਵਾਂ ਮੁੱਖ ਤੌਰ 'ਤੇ ਬੀਮਾ ਕੰਪਨੀਆਂ ਦੇ ਢਿੱਡ ਭਰਦੀ ਹੈ, ਕਿਸਾਨਾਂ ਦੇ ਹਿੱਤ ਨਹੀਂ ਪੂਰਦੀ।

ਉਂਜ ਵੀ ਜਿੰਨੀਆਂ ਕੁ ਵੀ ਯੋਜਨਾਵਾਂ ਕਿਸਾਨਾਂ ਦੀ ਭਲਾਈ ਲਈ ਕੇਂਦਰ ਜਾਂ ਸੂਬਾ ਸਰਕਾਰਾਂ ਵੱਲੋਂ ਚਲਾਈਆਂ ਜਾਂਦੀਆਂ ਹਨ, ਉਹਨਾਂ ਦਾ ਲਾਭ ਸਧਾਰਨ ਕਿਸਾਨਾਂ ਤੱਕ ਨਹੀਂ ਪੁੱਜਦਾ, ਖ਼ਾਸ ਤੌਰ 'ਤੇ ਉਹਨਾਂ ਕਿਸਾਨਾਂ ਤੱਕ ਜਿਹਨਾਂ ਕੋਲ ਮਸਾਂ ਡੇਢ ਦੋ ਏਕੜ ਜ਼ਮੀਨ ਹੈ। ਇਹਨਾਂ ਲੋਕਾਂ ਕੋਲ ਤਾਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਦਾ ਲਾਭ ਵੀ ਨਹੀਂ ਪੁੱਜਦਾ, ਕਿਉਂਕਿ ਇਹਨਾਂ ਦੀ ਫ਼ਸਲ ਤਾਂ ਮਸਾਂ ਘਰ ਦੇ ਜੀਆਂ ਦਾ ਗੁਜ਼ਾਰਾ ਕਰਨ ਜੋਗੀ ਉਪਜਦੀ ਹੈ, ਵੇਚਣ ਜੋਗੀ ਨਹੀਂ।

ਦੇਸ਼ ਦੀਆਂ 2019 ਦੀਆਂ ਚੋਣਾਂ ਤੋਂ ਪਹਿਲਾਂ ਤਾਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਨਾਹਰਾ ਅੰਬਰ ਛੂੰਹਦਾ ਰਿਹਾ ਹੈ, ਕਿਉਂਕਿ ਵੋਟਾਂ ਪ੍ਰਾਪਤ ਕਰਨੀਆਂ ਸਨ ਪਰ ਕਿਸਾਨ ਅੰਦੋਲਨ ਤੋਂ ਬਾਅਦ ਤਾਂ ਇਸ ਨਾਹਰੇ 'ਤੇ ਲਗਭਗ ਚੁੱਪੀ ਵੱਟੀ ਗਈ ਹੈ।

ਖੇਤੀ ਨੀਤੀ ਮਾਹਿਰ, ਅਰਥ ਸ਼ਾਸਤਰੀ ਅਤੇ ਵਿਗਿਆਨੀ ਦੇਸ਼ ਵਿੱਚ ਨਵੀਂ ਖੇਤੀ ਨੀਤੀ ਲਾਗੂ ਕਰਨ ਲਈ ਵਿਚਾਰ ਪੇਸ਼ ਕਰ ਰਹੇ ਹਨ। ਕੁਝ ਸੂਬਾ ਸਰਕਾਰਾਂ ਵੀ ਇਸ ਮਾਮਲੇ 'ਚ ਪਹਿਲ ਕਦਮੀਂ ਕਰ ਰਹੀਆਂ ਹਨ ਜਾਂ ਕਰ ਸਕਦੀਆਂ ਹਨ। ਕਈ ਖੇਤੀ ਵਿਕਾਸ ਮਾਡਲ ਦੇਸ਼ ਵਿੱਚ ਸਾਹਮਣੇ ਆ ਰਹੇ ਹਨ। ਸਹਿਕਾਰੀ ਖੇਤੀ ਦਾ ਮਾਡਲ ਕੁਝ ਲੋਕਾਂ ਦਾ ਵਿਚਾਰ ਹੈ ਕਿ ਖੇਤੀ ਦੀ ਤਕਦੀਰ ਬਦਲ ਸਕਦਾ ਹੈ। ਕੁਝ ਮੁਲਕਾਂ 'ਚ ਇਸ ਮਾਡਲ ਨੂੰ ਲਾਗੂ ਕਰਕੇ ਚੰਗੇ ਸਿੱਟੇ ਵੀ ਕੱਢੇ ਜਾ ਚੁੱਕੇ ਹਨ।

ਸਭ ਤੋਂ ਜ਼ਰੂਰੀ ਅਤੇ ਅਹਿਮ ਹੈ ਕਿ ਕਿਸਾਨਾਂ ਲਈ ਖੇਤੀ ਆਧਾਰਿਤ ਤਕਨੀਕੀ ਸੰਸਥਾ ਦਾ ਪ੍ਰਬੰਧ ਹੋਵੇ। ਜਿਸ ਵਿੱਚ ਮੰਡੀ ਕਰਨ, ਮੈਨੇਜਮੈਂਟ ਅਤੇ ਹੋਰ ਸਬੰਧਿਤ ਕੋਰਸ ਹੋਣ। ਇਹ ਕੋਰਸ ਕਿਸਾਨਾਂ ਨੂੰ ਸਰਕਾਰਾਂ ਤੱਕ ਪਹੁੰਚ, ਵਿਸ਼ਵ ਮੰਡੀ ਕਰਨ ਆਦਿ 'ਚ ਸਹਾਈ ਹੋ ਸਕਦੇ ਹਨ।

ਸਿਰਫ਼ ਸਰਕਾਰਾਂ ਗਾਹੇ ਵਗਾਹੇ ਸਬਸਿਡੀਆਂ, ਰਾਹਤਾਂ ਨਾਲ ਵੋਟ ਬੈਂਕ ਬਟੋਰਨ ਦੇ ਯਤਨ ਕਰਦੀਆਂ ਹਨ। ਖੇਤਾਂ, ਖੇਤੀ, ਕਿਸਾਨਾਂ ਦਾ ਕੁਝ ਨਹੀਂ ਸੁਆਰ ਸਕਦੀਆਂ।

ਪਿਛਲੇ ਕੁਝ ਸਾਲਾਂ 'ਚ ਸਰਵਿਸ ਸੈਕਟਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਖੇਤੀ ਖੇਤਰ ਨੂੰ ਖੂੰਜੇ ਲਾ ਕੇ ਰਖਿਆ ਜਾ ਰਿਹਾ ਹੈ ਇਸ ਨਾਲ ਖੇਤੀ ਖੇਤਰ 'ਚ ਨਿਘਾਰ ਆਇਆ ਹੈ। ਇਹ ਕਦਾਚਿਤ ਵੀ ਦੇਸ਼ ਹਿੱਤ 'ਚ ਨਹੀਂ ਹੈ। ਕੀ ਖੇਤੀ ਤੋਂ ਪਾਸਾ ਵੱਟਕੇ ਦੇਸ਼ ਦੁਨੀਆ ਦੀ ਸਭ ਤੋਂ ਵੱਡੀ ਆਬਾਦੀ ਭਾਰਤ ਦਾ ਢਿੱਡ ਭਰ ਸਕੇਗਾ ? ਕੀ ਕਾਰਪੋਰੇਟ ਸੈਕਟਰ ਹੱਥ ਖੇਤੀ ਦੀ ਲਗਾਮ ਫੜਾਕੇ ਮਹਿੰਗੇ ਭਾਅ ਦੀਆਂ ਚੀਜ਼ਾਂ ਲੋਕ ਖਰੀਦ ਸਕਣਗੇ ?

ਅਸਲ ਵਿੱਚ ਤਾਂ ਜੇਕਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨੀ ਹੈ, ਕਿਸਾਨ ਖ਼ੁਦਕੁਸ਼ੀਆਂ ਰੋਕਣੀਆਂ ਹਨ। ਤਾਂ ਲੋਕ-ਹਿਤੈਸ਼ੀ ਖੇਤੀ ਨੀਤੀ ਲਾਗੂ ਕਰਨੀ ਪਵੇਗੀ, ਜਿਸ ਦਾ ਧੁਰਾ ਸਹਿਕਾਰਤਾ ਹੋਵੇ। ਕਿਸਾਨਾਂ ਦੀ ਜਿਸ 'ਚ

(ਬਾਕੀ ਸਫ਼ਾ 30 'ਤੇ)

# ਧਰਮ ਅਤੇ ਰਾਸ਼ਟਰਵਾਦ ਦਾ ਗੁੰਝਲਦਾਰ ਸਬੰਧ



ਰਣਜੀਤ ਸਿੰਘ ਕੁੱਕੀ ਗਿੱਲ

ਧਰਮ ਕੁਝ ਖਾਸ ਪ੍ਰਬੰਧਾਂ ਨੂੰ ਸੁਰੱਖਿਅਤ ਰੱਖਣ ਲਈ ਤਿਆਰ ਕੀਤੇ ਗਏ ਸਾਜ਼-ਸਮਾਨ ਮਿਥਿਹਾਸ ਤੋਂ ਇਲਾਵਾ ਕੁਝ ਨਹੀਂ ਹਨ ਜੋ 'ਰੱਬ' ਕਹੇ ਜਾਣ ਵਾਲੇ ਅਨੁਭਵੀ ਤੌਰ 'ਤੇ ਅਪ੍ਰਮਾਣਿਤ ਹਸਤੀ ਦੇ ਨਾਮ 'ਤੇ ਕੁਝ ਸਮੂਹਾਂ ਦਾ ਸਮਰਥਨ ਕਰਦੇ ਹਨ । ਕਾਰਲ ਸਾਗਨ ਦਾ ਧਾਰਨੀ ਦ੍ਰਿਸ਼ਟੀਕੋਣ ਇਹ ਹੈ ਕਿ ਭਰਮ ਵਿੱਚ ਬਣੇ ਰਹਿਣ ਨਾਲੋਂ ਬ੍ਰਹਿਮੰਡ ਨੂੰ ਉਸੇ ਤਰਾਂ ਸਮਝਣਾ ਚਾਹੀਦਾ ਹੈ ਜਿਸ ਤਰਾਂ ਦਾ ਇਹ ਅਸਲ ਵਿਚ ਹੈ ਹਾਲਾਂ ਕਿ, ਇਹ ਭਰਮ ਸੰਤੁਸ਼ਟੀ ਜਨਕ ਅਤੇ ਭਰੋਸਾ ਦੇਣ ਵਾਲਾ ਹੋ ਸਕਦਾ ਹੈ ਅਤੇ ਡਾਕਿੰਸ ਦਾ ਦਾਅਵਾ ਹੈ ਕਿ ਧਰਮ ਸੰਸਥਾਵਾਂ ਦੀ ਸ਼ਕਤੀ ਸਮੇਂ ਦੇ ਬੀਤਣ ਨਾਲ ਅਟੁੱਟ ਵਿਸ਼ਵਾਸ ਨੂੰ ਅਟੁੱਟ ਸੱਚ ਵਿੱਚ ਬਦਲਣ ਬਾਰੇ ਹੈ। ਧਰਮ ਬਾਰੇ ਪ੍ਰਚਲਿਤ ਮਿੱਥਾਂ ਵਿੱਚੋਂ ਇੱਕ ਇਹ ਹੈ ਕਿ ਧਰਮ ਪੁਰਾਤਨ ਮਿੱਥ ਹਨ ਜੋ ਸੰਸਾਰ ਨੂੰ ਚੰਗੇ ਨਾਲੋਂ ਜ਼ਿਆਦਾ ਨੁਕਸਾਨ ਪਹੁੰਚਾਉਂਦੇ ਹਨ। ਕਈ ਤਰੀਕਿਆਂ ਨਾਲ ਰਾਸ਼ਟਰਵਾਦ ਵੀ ਧਰਮ ਵਾਂਗ ਕੰਮ ਕਰਦਾ ਹੈ। ਖਾਸ ਤੌਰ 'ਤੇ,

ਰਾਸ਼ਟਰਵਾਦ ਇੱਕ ਸੰਕੀਰਨ ਧਰਮ ਵਾਂਗ ਕੰਮ ਕਰਦਾ ਹੈ। ਇਹ ਸੰਕੀਰਣ ਹੈ ਕਿਉਂਕਿ ਇਹ ਇੱਕੋ ਸਮੇਂ ਵਿਸ਼ੇਸ਼ ਪਛਾਣਾਂ ਅਤੇ ਰੁਚੀਆਂ ਨੂੰ ਪੈਦਾ ਕਰਦਾ ਹੈ ਅਤੇ ਮਜ਼ਬੂਤ ਕਰਦਾ ਹੈ। ਹਾਲਾਂ ਕਿ, ਵਿਸ਼ਵ-ਵਿਆਪੀ ਪ੍ਰਵਿਰਤੀਆਂ ਅਤੇ ਅਕਾਂਖਿਆਵਾਂ ਵਾਲੇ ਉਨ੍ਹਾਂ ਪ੍ਰਮੁੱਖ ਧਰਮਾਂ ਦੇ ਉਲਟ, ਰਾਸ਼ਟਰਵਾਦ ਅਤੇ ਇਸ ਦੇ ਸਮਰਥਕ ਸਮੁੱਚੀ ਮਾਨਵ ਜਾਤੀ ਨੂੰ ਆਪਣੀਆਂ ਕਾਲਪਨਿਕ ਕੌਮਾਂ ਵਿੱਚ ਸ਼ਾਮਲ ਕਰਨ ਦੀ ਇੱਛਾ ਨਹੀਂ ਰੱਖਦੇ। ਜਦੋਂ ਕਿ ਕੁਝ ਧਾਰਮਿਕ ਕੱਟੜਪੰਥੀ ਆਪਣਾ ਮਨ ਚਾਹਿਆ ਸੰਸਾਰ ਸਿਰਜਣ ਲਈ ਲੋਕਾਂ ਨੂੰ ਮਾਰਨਾ ਵੀ ਠੀਕ ਸਮਝਦੇ ਹਨ; ਇੱਥੋਂ ਤੱਕ ਕਿ ਅੱਜ ਦੇ ਸਭ ਤੋਂ ਵੱਧ ਦੇਸ਼ ਭਗਤ ਰਾਸ਼ਟਰਵਾਦੀ ਨੇਤਾ ਵੀ ਇੱਕ ਅਮਰੀਕਨ ਧਰਤੀ ਕਹਿਣ ਦਾ ਸੁਪਨਾ ਨਹੀਂ ਕਰਨਗੇ, ਜਿੱਥੇ ਹਰ ਕੋਈ ਇੱਕ ਅਮਰੀਕੀ ਨਾਗਰਿਕ ਹੋਵੇ ਜਾਂ ਇੱਕ ਬ੍ਰਿਟਿਸ਼ ਗ੍ਰਹਿ ਜਿੱਥੇ ਸਮੁੱਚੀ ਮਨੁੱਖ ਜਾਤੀ ਬ੍ਰਿਟਿਸ਼ ਪਾਸਪੋਰਟ ਰੱਖਦੀ ਹੈ। ਕੌਮਾਂ ਕਾਲਪਨਿਕ ਸੀਮਾਵਾਂ ਦੇ ਕਾਰਨ ਹੋਂਦ ਵਿੱਚ ਹਨ ਜੋ ਲੋਕ ਸਮਾਜਿਕ ਤੌਰ 'ਤੇ ਆਪਸ ਵਿੱਚ ਬਣਾਉਂਦੇ ਹਨ ਅਤੇ ਕਿਉਂਕਿ ਰਾਸ਼ਟਰਵਾਦ ਅਜਿਹੀ ਵਿਸ਼ੇਸ਼ਤਾ 'ਤੇ ਅਧਾਰਤ ਹੈ ਜੋ ਅੰਦਰ-ਸਮੂਹ ਨੂੰ ਬਾਹਰਲੇ

ਸਮੂਹ ਤੋਂ ਵੱਖ ਕਰਦਾ ਹੈ, ਲੋਕ ਦਲੀਲ ਦਿੰਦੇ ਹਨ ਕਿ ਨਸਲਵਾਦ ਰਾਸ਼ਟਰਵਾਦ ਵਿੱਚ ਸ਼ਾਮਲ ਹੈ। ਰਾਸ਼ਟਰਵਾਦੀ ਸੋਚ ਨੂੰ ਅਕਸਰ ਇੱਕ ਅੰਦਰੂਨੀ ਸਕਾਰਾਤਮਕ ਗੁਣ ਵਜੋਂ ਦੇਖਿਆ ਜਾਂਦਾ ਹੈ ਜੋ ਬਹੁਤ ਸਾਰੇ ਲੋਕ ਛੋਟੀ ਉਮਰ ਵਿੱਚ ਪ੍ਰਾਪਤ ਕਰਦੇ ਹਨ। ਕਿਸੇ ਵੀ ਧਰਮ ਦੀ ਤਰ੍ਹਾਂ, ਰਾਸ਼ਟਰਵਾਦ ਲੋਕਾਂ ਤੋਂ ਤਿੰਨ ਮੁੱਖ ਚੀਜ਼ਾਂ ਦੀ ਮੰਗ ਕਰਦਾ ਹੈ - ਪੂਰਨ ਵਿਸ਼ਵਾਸ, ਅਯੋਗ ਵਫ਼ਾਦਾਰੀ ਅਤੇ ਸ਼ਾਂਤ ਆਗਿਆਕਾਰੀ। ਰਾਸ਼ਟਰਵਾਦ, ਧਰਮ ਵਾਂਗ, ਸਿਰਫ਼ ਹਾਲਾਤਾਂ ਕਰਕੇ ਹੀ ਪੈਦਾ ਹੋਇਆ। ਜਿਵੇਂ ਕਿਸੇ ਰੱਬ ਵਿੱਚ ਲੋਕਾਂ ਦਾ ਵਿਸ਼ਵਾਸ ਅਤੇ ਇੱਕ ਕਲਪਿਤ ਸਮਾਜ ਵਿੱਚ ਵਿਸ਼ਵਾਸ ਨਾ ਤਾਂ ਕੁਦਰਤੀ ਹੈ ਅਤੇ ਨਾ ਹੀ ਸਥਿਰ ਹੈ। ਧਾਰਮਿਕ ਪਛਾਣ ਵਾਂਗ ਰਾਸ਼ਟਰਵਾਦ ਨਾ ਤਾਂ ਲੋਕਾਂ ਦੇ ਖ਼ੂਨ ਵਿੱਚ ਹੈ ਅਤੇ ਨਾ ਹੀ ਉਨ੍ਹਾਂ ਦੇ ਜੀਨਾਂ ਵਿੱਚ। ਇਹ ਸਭ ਮਨ ਵਿਚ ਹੈ। ਧਰਮ ਦੀ ਪੂਰੀ ਵਫ਼ਾਦਾਰੀ ਆਪਣੇ ਦੇਵਤੇ ਦੀਆਂ ਸਿੱਖਿਆਵਾਂ ਲਈ ਜੀਣ ਅਤੇ ਮਰਨ ਲਈ ਵਫ਼ਾਦਾਰਾਂ ਦੀ ਇੱਛਾ ਦੁਆਰਾ ਪ੍ਰਦਰਸ਼ਿਤ ਕੀਤੀ ਜਾਂਦੀ ਹੈ; ਰਾਸ਼ਟਰਵਾਦ ਦੇ ਨਾਲ, ਨਾਗਰਿਕਾਂ ਦੀ ਉਨ੍ਹਾਂ ਦੇ ਕਲਪਿਤ ਭਾਈਚਾਰਿਆਂ ਨੂੰ ਪਰਿਭਾਸ਼ਿਤ ਕਰਨ ਵਾਲੇ ਨਕਲੀ ਚਿੱਤਰਾਂ ਅਤੇ ਪ੍ਰਤੀਕਾਂ ਲਈ ਜੀਣ ਅਤੇ ਮਰਨ ਦੀ ਇੱਛਾ ਦੁਆਰਾ ਵਫ਼ਾਦਾਰੀ ਦਿਖਾਈ ਜਾਂਦੀ ਹੈ। ਜਦੋਂ ਕਿ ਧਰਮ ਦੇ ਨਾਲ, ਬਿਨਾਂ ਸਵਾਲਾਂ ਦੇ ਤੁਹਾਡੇ ਪੂਰਵ-ਨਿਰਧਾਰਤ ਜੀਵਨ ਨੂੰ ਗਲੇ ਲਗਾ ਕੇ ਰੱਬ ਪ੍ਰਤੀ ਆਗਿਆਕਾਰਤਾ ਦਿਖਾਈ ਜਾਂਦੀ ਹੈ, ਰਾਸ਼ਟਰਵਾਦ ਦੇ ਨਾਲ, ਲੋਕਾਂ ਦੀ ਨਸਲ ਅਤੇ ਰਾਸ਼ਟਰ ਦੀ ਨਿਰੰਤਰ ਹੋਂਦ ਲਈ ਆਪਣੇ ਪੂਰਵ ਮੌਜੂਦਾ ਸੱਭਿਆਚਾਰ ਨੂੰ ਬਿਨਾਂ ਸਵਾਲਾਂ ਦੇ ਸਵੀਕਾਰ ਅਤੇ ਅੱਗੇ ਵਧਾਉਣ ਦੁਆਰਾ ਕੌਮ ਪ੍ਰਤੀ ਆਗਿਆਕਾਰਤਾ ਦਿਖਾਈ ਜਾਂਦੀ ਹੈ। ਜਦੋਂ ਸੰਕੀਰਨ ਨਫ਼ਰਤ, ਨਾਰਾਜ਼ਗੀ ਅਤੇ ਡਰ ਦਾ ਸਾਹਮਣਾ ਕਰਦੇ ਹੋਏ, ਜੋ ਕਿ ਅਕਸਰ ਬੰਬਾਂ ਦੀ ਭਾਸ਼ਾ ਵਿੱਚ ਪ੍ਰਗਟ ਕੀਤੇ ਜਾਂਦੇ ਹਨ, ਜ਼ਿਆਦਾਤਰ ਲੋਕ ਉਹਨਾਂ ਸਮਰੂਪਤਾਵਾਦੀ ਝੰਡਿਆਂ ਦੀ ਸ਼ਰਨ ਲੈਂਦੇ ਹਨ; ਉਹ ਸਮਾਰਕ ਜੋ ਲੋਕਾਂ ਨੇ ਆਪਣੇ ਯੁੱਧ ਨਾਇਕਾਂ ਲਈ ਬਣਾਏ ਸਨ; ਉਹ ਭੂ-ਵਿਗਿਆਨਕ ਨਕਸ਼ੇ ਜੋ ਖੇਤਰੀ ਜ਼ਮੀਨਾਂ ਅਤੇ ਸਮੁੰਦਰਾਂ ਨੂੰ ਦਰਸਾਉਂਦੇ ਹਨ; ਅਤੇ ਸ਼ਾਇਦ ਪਿਛਲੇ ਰਾਸ਼ਟਰਪਤੀਆਂ ਜਾਂ ਪ੍ਰਧਾਨ ਮੰਤਰੀਆਂ ਦੀਆਂ ਤਸਵੀਰਾਂ ਵੀ। ਕੋਈ ਵੀ ਚੀਜ਼ ਜੋ ਲੋਕਾਂ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਲੋਕ ਸਾਰੇ ਇੱਕ, ਇਕਸੁਰ ਭਾਈਚਾਰੇ ਦਾ ਹਿੱਸਾ ਹਨ ਅਤੇ ਉਸੇ ਲਈ ਲੜਨਾ, ਜੀਣਾ ਅਤੇ ਮਰਨਾ ਹੈ। ਧਾਰਮਿਕ ਵਿਸ਼ਵਾਸਾਂ ਵਾਂਗ, ਇਹ ਰਾਸ਼ਟਰਵਾਦੀ ਉਤਸ਼ਾਹ ਬਹੁਤ ਖਪਤਕਾਰੀ ਹੋ ਸਕਦਾ ਹੈ ਪਰ ਫਿਰ ਵੀ ਭਰੋਸਾ ਦਿਵਾਉਂਦਾ ਹੈ।

ਧਰਮ ਅਤੇ ਰਾਸ਼ਟਰ-ਰਾਜ ਵਿਚਕਾਰ ਆਪਸੀ ਸੰਬੰਧ ਗੁੰਝਲਦਾਰ ਹੈ ਅਤੇ ਰਾਸ਼ਟਰੀ ਸ਼ਾਸਨ ਤੋਂ ਲੈ ਕੇ ਅੰਤਰਰਾਸ਼ਟਰੀ ਸਬੰਧਾਂ ਤੱਕ, ਬਹੁਤ ਸਾਰੇ ਗੰਭੀਰ ਮੁੱਦਿਆਂ ਨੂੰ ਪ੍ਰਭਾਵਿਤ ਕਰਦਾ ਹੈ। ਧਰਮ ਅਤੇ ਰਾਸ਼ਟਰਵਾਦ ਵਿਚਕਾਰ ਸਬੰਧ ਬਾਰੇ ਬਹੁਤ ਘੱਟ ਖੋਜ ਹੋਈ ਹੈ। ਹਾਲੀਆ ਘਟਨਾਵਾਂ ਉਹਨਾਂ ਤਰੀਕਿਆਂ ਨੂੰ ਉਜਾਗਰ ਕਰਦੀਆਂ ਹਨ ਜਿਨ੍ਹਾਂ ਵਿੱਚ ਧਰਮ ਅਤੇ ਰਾਸ਼ਟਰਵਾਦ ਆਪਸ ਵਿੱਚ ਮਿਲ ਸਕਦੇ ਹਨ—ਭਾਰਤ ਵਿੱਚ ਨਾਗਰਿਕਤਾ ਨੀਤੀ, ਰੂਸ ਵਿੱਚ ਕੋਵਿਡ-19 ਪ੍ਰਤੀਕ੍ਰਿਆ, ਅਤੇ ਸੀਰੀਆ ਵਿੱਚ ਚੱਲ ਰਹੇ ਸੰਘਰਸ਼ ਵੱਖ-ਵੱਖ ਧਰਮ ਪਰੰਪਰਾਵਾਂ ਅਤੇ ਦੇਸ਼ ਦੇ ਸੰਦਰਭਾਂ ਵਿੱਚ ਕੁਝ ਉਦਾਹਰਣਾਂ ਪੇਸ਼ ਕਰਦੇ ਹਨ। ਸੰਯੁਕਤ ਰਾਜ ਨੇ ਧਰਮ ਅਤੇ ਰਾਸ਼ਟਰਵਾਦ ਵਿਚਕਾਰ ਸਬੰਧਾਂ ਨੂੰ ਜਨਤਕ ਸਟੇਜ 'ਤੇ ਪੇਸ਼ ਹੁੰਦੇ ਹੋਏ ਵੀ ਦੇਖਿਆ ਹੈ, ਜਿਸ ਵਿੱਚ 2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਗੋਰੇ ਈਸਾਈ ਰਾਸ਼ਟਰਵਾਦ ਅਤੇ ਨਾਗਰਿਕ ਧਰਮ ਦੋਵਾਂ ਦੇ ਪ੍ਰਦਰਸ਼ਨ ਸ਼ਾਮਲ ਹਨ।

ਕੈਥੋਲਿਕ ਚਰਚ ਦੀ ਸੰਸਥਾਗਤ ਖ਼ੁਦਮੁਖ਼ਤਿਆਰੀ ਅਤੇ ਸੁਪਰਨੈਸ਼ਨਲ ਸੰਗਠਨ ਦੇ ਕਾਰਨ ਇਸ ਦਾ ਰਾਸ਼ਟਰਵਾਦ ਦੇ ਨਾਲ ਪੱਛਮੀ ਈਸਾਈ ਅਨੁਭਵ ਆਮ ਨਹੀਂ ਹੈ। ਪੱਛਮੀ ਯੂਰਪੀ ਰਾਸ਼ਟਰਵਾਦ ਧਾਰਮਿਕ ਸੰਪਰਦਾਇਕ ਸਮਰੂਪਤਾ 'ਤੇ ਅਧਾਰਤ ਸਨ, ਅਤੇ ਸਮਰੂਪ 'ਇਕਬਾਲੀਆ ਰਾਜ' ਯੂਰਪੀਅਨ ਰਾਸ਼ਟਰ-ਰਾਜਾਂ ਦੇ ਨਮੂਨੇ ਵਜੋਂ ਕੰਮ ਕਰਦਾ ਸੀ। ਪੱਛਮੀ ਯੂਰਪ ਵਿੱਚ ਮੁਸਲਮਾਨਾਂ ਅਤੇ ਯਹੂਦੀਆਂ ਦੇ ਮੱਧਯੁਗੀ ਖ਼ਾਤਮੇ ਨੇ ਅਗਲੀਆਂ ਸਦੀਆਂ ਦੇ ਸੰਪਰਦਾਇਕ ਅਤੇ ਨਸਲੀ ਸ਼ੁਧੀਕਰਨ ਦੀ ਸ਼ੁਰੂਆਤ ਕੀਤੀ। ਧਰਮ ਅਤੇ ਰਾਸ਼ਟਰਵਾਦ ਦੀਆਂ ਵੱਖੋ ਵੱਖਰੀਆਂ ਸੰਰਚਨਾਵਾਂ ਦੋ ਨਾਜ਼ੁਕ ਸਥਿਤੀਆਂ 'ਤੇ ਨਿਰਭਰ ਕਰਦੀਆਂ ਹਨ: ਉਹ ਹੱਦ ਜਿਸ ਤੱਕ ਪ੍ਰਮੁੱਖ ਧਾਰਮਿਕ ਪਰੰਪਰਾ ਸਿਧਾਂਤਕ ਤੌਰ 'ਤੇ ਉੱਚ-ਜਾਤੀ ਅਤੇ ਸੰਸਥਾਗਤ ਤੌਰ 'ਤੇ ਅੰਤਰ-ਰਾਸ਼ਟਰੀ ਹੈ ਅਤੇ ਸੰਵਿਧਾਨਕ ਟਕਰਾਅ ਵਿੱਚ ਮੁੱਖ ਵਿਰੋਧੀ ਦੀ ਧਾਰਮਿਕ ਪਛਾਣ ਜੋ ਰਾਸ਼ਟਰੀ ਰਾਜ ਦੇ ਰੂਪ ਵਿੱਚ ਸਮਾਪਤ ਹੋਈ।

ਮਾਰਕਸਵਾਦ ਅਤੇ ਉਦਾਰਵਾਦ ਦੇ ਸੰਕਟ ਵਰਤਮਾਨ ਸਮੇਂ ਵਿੱਚ ਧਰਮ ਅਤੇ ਰਾਸ਼ਟਰਵਾਦ ਦੇ ਪੁਨਰ-ਉਭਾਰ ਲਈ ਸੰਦਰਭ ਪ੍ਰਦਾਨ ਕਰਦੇ ਹਨ।

2022 ਬੀਜਿੰਗ ਉਲੰਪਿਕ ਦੀ ਦੌੜ ਵਿੱਚ, ਸੰਯੁਕਤ ਰਾਜ ਅਮਰੀਕਾ ਅਤੇ ਇਸ ਦੇ ਬਹੁਤ ਸਾਰੇ ਸਹਿਯੋਗੀ ਦੇਸ਼ਾਂ ਨੇ ਉਈਗਰਾਂ ਅਤੇ ਹੋਰ ਮੁਸਲਿਮ ਘੱਟ ਗਿਣਤੀਆਂ ਨਾਲ ਚੀਨੀ ਵਿਵਹਾਰ ਦੇ ਜਵਾਬ ਵਿੱਚ ਖੇਡਾਂ ਦੇ ਕੂਟਨੀਤਕ ਬਾਈਕਾਟ ਦਾ ਐਲਾਨ ਕੀਤਾ, ਜਿਸ ਨੂੰ ਸੰਯੁਕਤ ਰਾਜ ਨੇ ਨਸਲਕੁਸ਼ੀ ਅਤੇ ਮਨੁੱਖਤਾ ਵਿਰੁੱਧ ਅਪਰਾਧ ਵਜੋਂ ਦਰਸਾਇਆ। ਅੱਜ ਰਾਸ਼ਟਰੀ ਪਛਾਣ ਅਤੇ ਰਾਜਨੀਤੀ ਵਿੱਚ

ਪ੍ਰਮੁੱਖ ਭੂਮਿਕਾ ਨਿਭਾ ਰਹੇ ਧਰਮ ਦੀਆਂ ਹੋਰ ਉਦਾਹਰਣਾਂ ਲੱਭਣ ਲਈ ਕਿਸੇ ਨੂੰ ਦੂਰ ਤੱਕਣ ਦੀ ਲੋੜ ਨਹੀਂ ਹੈ। ਪਿਛਲੇ ਪੰਜ ਸਾਲਾਂ ਵਿੱਚ, ਨਰਿੰਦਰ ਮੋਦੀ ਦੀ ਹਿੰਦੂ ਰਾਸ਼ਟਰਵਾਦੀ ਸਰਕਾਰ ਨੇ ਪਰਵਾਸੀਆਂ ਨੂੰ ਨਾਗਰਿਕਤਾ ਦੇਣ ਲਈ ਭਾਰਤੀ ਕਾਨੂੰਨ ਨੂੰ ਬਦਲ ਦਿੱਤਾ, ਜਦੋਂ ਤੱਕ ਉਹ ਮੁਸਲਮਾਨ ਨਹੀਂ ਸਨ; ਮਿਆਂਮਾਰ ਦੀ ਬੋਧੀ ਰਾਸ਼ਟਰਵਾਦੀ ਸਰਕਾਰ ਨੇ ਹਿੰਸਾ ਦੀਆਂ ਕਾਰਵਾਈਆਂ ਨਾਲ ਮੁੱਖ ਤੌਰ 'ਤੇ ਮੁਸਲਮਾਨ ਰੋਹਿੰਗਿਆ ਨੂੰ ਨਿਸ਼ਾਨਾ ਬਣਾਇਆ ਹੈ; ਅਤੇ ਹੰਗਰੀ, ਫਰਾਂਸ ਅਤੇ ਜਰਮਨੀ ਵਿੱਚ ਬਹੁਤ ਸੱਜੇ-ਪੱਖੀ ਲੋਕਪ੍ਰਿਅ ਪਾਰਟੀਆਂ ਪ੍ਰਮੁੱਖ ਤੌਰ 'ਤੇ ਸ਼ਰਨਾਰਥੀਆਂ ਦੀ ਵੱਧਦੀ ਗਿਣਤੀ ਦੇ ਵਿਰੋਧ ਵਿੱਚ ਵਧੀਆਂ ਹਨ ਅਤੇ ਡੋਨਾਲਡ ਟਰੰਪ ਦੀ ਪ੍ਰਧਾਨਗੀ ਨੇ ਸਾਨੂੰ ਅਮਰੀਕੀ ਰਾਜਨੀਤੀ ਵਿੱਚ ਈਸਾਈ ਰਾਸ਼ਟਰਵਾਦ ਦੀ ਨਿਰੰਤਰ ਭੂਮਿਕਾ ਦੀ ਯਾਦ ਦਿਵਾਈ ਹੈ। ਜਿਵੇਂ ਕਿ ਮਾਰਕ ਜੁਰਗੇਨਸਮੇਇਰ (ਮਾਰਕ ਇੱਕ ਮਸ਼ਹੂਰ ਅਮਰੀਕੀ ਸਮਾਜ-ਵਿਗਿਆਨੀ ਅਤੇ

ਗਲੋਬਲ ਅਧਿਐਨ ਅਤੇ ਧਾਰਮਿਕ ਅਧਿਐਨਾਂ ਵਿੱਚ ਮਾਹਰ ਵਿਦਵਾਨ ਅਤੇ ਇੱਕ ਲੇਖਕ ਹੈ) ਨੇ ਦੱਸਿਆ ਹੈ, ਰਾਸ਼ਟਰਵਾਦ ਅਤੇ ਧਰਮ ਕ੍ਰਮ ਦੀਆਂ ਵਿਚਾਰਧਾਰਾਵਾਂ ਦਾ ਮੁਕਾਬਲਾ ਕਰ ਰਹੇ ਹਨ। ਉਹ ਦੋਵੇਂ ਸਾਡੀਆਂ ਜ਼ਿੰਦਗੀਆਂ ਵਿੱਚ ਇੱਕੋ ਜਿਹੀ ਭੂਮਿਕਾ ਨਿਭਾਉਂਦੇ ਹਨ ਜੋ ਸਾਨੂੰ ਸੰਸਾਰ ਨੂੰ ਸਮਝਣ ਵਿੱਚ ਮਦਦ ਕਰਦੇ ਹਨ, ਸਾਡੀਆਂ ਜ਼ਿੰਦਗੀਆਂ ਨੂੰ ਇੱਕ ਵੱਡਾ ਅਰਥ ਦਿੰਦੇ ਹਨ, ਸਾਨੂੰ ਦੱਸਦੇ ਹਨ ਕਿ ਅਸੀਂ ਕੌਣ ਹਾਂ ਅਤੇ ਨੇਤਾਵਾਂ ਨੂੰ ਅਵੈਧਤਾ ਪ੍ਰਦਾਨ ਕਰਦੇ ਹਾਂ। ਆਧੁਨਿਕ ਰਾਜਨੀਤੀ 'ਤੇ ਧਰਮ ਦਾ ਸ਼ਕਤੀਸ਼ਾਲੀ ਪ੍ਰਭਾਵ ਸਪੱਸ਼ਟ ਜਾਪਦਾ ਹੈ, ਪਰ ਉਨ੍ਹੀਵੀਂ ਅਤੇ ਵੀਹਵੀਂ ਸਦੀ ਦੇ ਬਹੁਤਾ ਸਮਾਂ, ਸਮਾਜ ਵਿਗਿਆਨੀਆਂ ਵਿੱਚ ਇੱਕ ਧਾਰਨਾ ਸੀ ਕਿ ਧਰਮ ਦਾ ਖਤਮ ਹੋ ਜਾਣਾ ਤੈ ਸੀ। ਉਨ੍ਹੀਵੀਂ ਸਦੀ ਵਿੱਚ ਰਾਸ਼ਟਰਵਾਦ ਦਾ ਵਿਸਫੋਟ ਹੋਇਆ, ਧਰਮ ਨੇ ਸਮਾਜ ਵਿੱਚ ਇੱਕ ਛੋਟੀ ਭੂਮਿਕਾ ਨਿਭਾਈ ਕਿਉਂਕਿ ਇਸ ਨੇ ਸਮਾਜ ਦੀਆਂ ਨਵੀਆਂ ਅਤੇ ਵਧੇਰੇ ਧਰਮ ਨਿਰਪੱਖ ਧਾਰਨਾਵਾਂ

ਲਈ ਰਾਹ ਬਣਾਇਆ। ਉਦਾਹਰਨ ਲਈ, ਰਾਜ ਸ਼ਾਹੀ ਨੂੰ ਇੱਕ ਗਣਰਾਜ ਨਾਲ ਬਦਲਣ ਦੇ ਨਾਲ-ਨਾਲ, ਫਰਾਂਸੀਸੀ ਕ੍ਰਾਂਤੀ ਦੇ ਮਾਨਵਵਾਦੀ ਇਨਕਲਾਬੀਆਂ ਨੇ ਕੈਥੋਲਿਕ ਚਰਚਾਂ ਨੂੰ ਤਰਕ ਦੇ ਮੰਦਰਾਂ ਵਿੱਚ ਵੀ ਬਦਲ ਦਿੱਤਾ।

ਰਾਜ ਸ਼ਾਹੀ ਅਤੇ ਚਰਚ ਦੋਵੇਂ ਹੀ ਪੁਰਾਤਨ ਹੋ ਗਏ ਪਰ, ਧਰਮ ਨੇ ਜਾਣ ਤੋਂ ਇਨਕਾਰ ਕਰ ਦਿੱਤਾ। ਵੀਹਵੀਂ ਸਦੀ ਦੇ ਅੰਤ ਤੱਕ, ਆਧੁਨਿਕ ਸੰਸਾਰ ਵਿੱਚ

ਧਰਮ ਦੀ ਮਹੱਤਤਾ ਬਾਰੇ ਸਪੱਸ਼ਟ ਯਾਦਾਂ ਮੌਜੂਦ ਹਨ। ਇਕੱਲੇ ਯੂਰਪ ਵਿੱਚ, ਉੱਤਰੀ ਆਇਰਲੈਂਡ ਵਿੱਚ ਪ੍ਰੋਟੈਸਟੈਂਟਾਂ ਅਤੇ ਕੈਥੋਲਿਕਾਂ ਵਿਚਕਾਰ ਮੁਸੀਬਤਾਂ, ਆਰਥੋਡਾਕਸ ਸਰਬੀਆਂ ਦੁਆਰਾ ਮੁਸਲਿਮ ਬੋਸਨੀਆ ਦੇ ਵਿਰੁੱਧ ਸਰੇਬ੍ਰੇਨਿਕਾ ਵਿੱਚ ਨਸਲਕੁਸ਼ੀ, ਅਤੇ ਪੋਲੈਂਡ ਵਿੱਚ ਕੈਥੋਲਿਕਾਂ ਦੇ ਸਮਰਥਨ ਵਾਲੀ ਏਕਤਾ ਦੀ ਲਹਿਰ ਨੇ ਆਧੁਨਿਕ ਰਾਜਨੀਤੀ ਅਤੇ ਆਧੁਨਿਕ ਰਾਸ਼ਟਰਾਂ ਵਿੱਚ ਧਰਮ ਦੀ ਮਹੱਤਤਾ ਨੂੰ ਦਰਸਾਇਆ। ਵਿਦਵਾਨ ਹੁਣ ਮੰਨਦੇ ਹਨ ਕਿ ਆਧੁਨਿਕਤਾ ਅਸਲ ਵਿੱਚ ਧਰਮ ਨੂੰ ਕਮਜ਼ੋਰ ਕਰ ਸਕਦੀ ਹੈ, ਜਿਵੇਂ ਕਿ ਕਈ ਸਾਲਾਂ ਤੋਂ ਭਵਿੱਖਬਾਣੀ ਕੀਤੀ ਗਈ ਸੀ, ਪਰ ਇਹੀ ਆਧੁਨਿਕੀਕਰਣ ਵੀ ਅਸਥਿਰ ਹੋ ਰਿਹਾ ਹੈ। ਅਤੇ ਜਿਵੇਂ ਕਿ ਸਾਡੇ ਆਲ਼ੇ ਦੁਆਲ਼ੇ ਦੇ ਸੰਸਾਰ ਵਿੱਚ ਤਬਦੀਲੀ ਦੀ ਗਤੀ ਤੇਜ਼ ਹੁੰਦੀ ਹੈ, ਉਹ ਅਸਥਿਰਤਾ ਨਿਰਾਸ਼ਾਜਨਕ ਹੈ, ਅਤੇ ਇਹ ਸਾਨੂੰ ਉਹਨਾਂ ਸ਼ਕਤੀਆਂ ਦੀ ਖੋਜ ਕਰਨ ਲਈ ਅਗਵਾਈ ਕਰ ਸਕਦੀ ਹੈ ਜੋ ਸਾਨੂੰ ਇੱਕ ਵੱਡਾ ਸੰਦਰਭ ਪ੍ਰਦਾਨ ਕਰਦੀਆਂ ਹਨ ਅਤੇ ਸਾਨੂੰ ਵਧੇਰੇ ਵਿਵਹਾਰਿਕ ਮਹਿਸੂਸ ਕਰਨ ਵਿੱਚ ਮਦਦ ਕਰਦੀਆਂ ਹਨ। ਇਸ ਤਰ੍ਹਾਂ, ਆਧੁਨਿਕ ਸੰਸਾਰ ਦੀ ਹਫੜਾ-ਦਫੜੀ ਅਸਲ ਵਿੱਚ ਧਰਮ ਨੂੰ ਮਜ਼ਬੂਤ ਕਰ ਸਕਦੀ ਹੈ। ਆਧੁਨਿਕ ਰਾਸ਼ਟਰਵਾਦ ਵਿੱਚ ਧਰਮ ਦੀ ਭੂਮਿਕਾ ਨੂੰ ਸਮਝਣ ਲਈ, ਪਹਿਲਾਂ ਇਹ ਪਛਾਣਨਾ ਜ਼ਰੂਰੀ ਹੈ ਕਿ ਰਾਸ਼ਟਰਵਾਦ, ਇਸ ਦੇ ਸਭ ਤੋਂ ਬੁਨਿਆਦੀ ਪੱਧਰ 'ਤੇ, ਪਛਾਣ ਦਾ ਇੱਕ ਰੂਪ ਹੈ। ਇਹ ਸਾਨੂੰ ਦੱਸਦਾ ਹੈ ਕਿ ਅਸੀਂ ਕੌਣ ਹਾਂ, ਅਤੇ ਇਹ ਬਦਲੇ ਵਿੱਚ ਸਾਡੀਆਂ ਕਦਰਾਂ-ਕੀਮਤਾਂ, ਸਾਡੇ ਉਦੇਸ਼ ਅਤੇ ਸਾਡੀ ਭਾਵਨਾ ਨੂੰ ਪ੍ਰਭਾਵਿਤ ਕਰ ਸਕਦਾ ਹੈ ਕਿ ਅਸੀਂ ਕਿੱਥੇ ਹਾਂ। ਅਤੇ ਪਛਾਣ ਦੇ ਸਾਰੇ ਰੂਪਾਂ ਵਾਂਗ, ਰਾਸ਼ਟਰਵਾਦ ਮੂਲ ਰੂਪ ਵਿੱਚ 'ਦੂਜੇ' ਦੀ ਧਾਰਨਾ ਨਾਲ ਜੁੜਿਆ ਹੋਇਆ ਹੈ। ਜੇਕਰ ਤੁਸੀਂ ਆਪਣੀਆਂ ਮੂਲ ਪਛਾਣਾਂ ਨੂੰ ਰੋਕਦੇ ਹੋ ਅਤੇ ਸੋਚਦੇ ਹੋ—ਭਾਵੇਂ ਉਹ ਤੁਹਾਡੀ ਰਾਸ਼ਟਰੀ ਪਛਾਣ, ਨਸਲ, ਲਿੰਗ, ਕਿੱਤਾ, ਧਰਮ, ਜਾਂ ਤੁਹਾਡੇ ਪਰਿਵਾਰ ਵਿੱਚ ਭੂਮਿਕਾ ਹੋਵੇ — ਹਰ ਇੱਕ ਪਛਾਣ ਉਸ ਦੇ ਜਵਾਬ ਵਿੱਚ ਬਣਦੀ ਹੈ ਜੋ ਤੁਸੀਂ ਨਹੀਂ ਹੋ। ਪਿਤਾਵਾਂ ਦੀ ਪਛਾਣ ਉਹਨਾਂ ਦੇ ਜਵਾਬ ਵਿੱਚ ਬਣਦੀ ਹੈ ਜੋ ਉਹਨਾਂ ਨੂੰ ਮਾਵਾਂ ਅਤੇ ਬੱਚਿਆਂ ਦੋਵਾਂ ਤੋਂ ਵੱਖ ਕਰਦੀ ਹੈ। ਪ੍ਰੋਟੈਸਟੈਂਟਾਂ ਦੀ ਪਛਾਣ ਉਨ੍ਹਾਂ ਨੂੰ ਕੈਥੋਲਿਕਾਂ ਤੋਂ ਵੱਖ ਕਰਨ ਦੇ ਜਵਾਬ ਵਿੱਚ ਬਣਾਈ ਗਈ ਹੈ। ਇਸੇ ਤਰ੍ਹਾਂ, ਅਮਰੀਕੀ ਰਾਸ਼ਟਰੀ ਪਛਾਣ ਉਨ੍ਹਾਂ ਕਦਰਾਂ-ਕੀਮਤਾਂ ਅਤੇ ਵਿਸ਼ੇਸ਼ਤਾਵਾਂ ਨਾਲ ਜੁੜੀ ਹੋਈ ਹੈ ਜੋ ਇਸ ਨੂੰ ਦੂਜੀਆਂ ਕੌਮਾਂ ਤੋਂ ਵੱਖਰਾ ਕਰਦੇ ਹਨ। ਯੂਨੀਵਰਸਲ ਵਿਸ਼ੇਸ਼ਤਾਵਾਂ ਸਮੂਹ ਪਛਾਣ ਵਿੱਚ ਉਪਯੋਗੀ ਨਹੀਂ ਹਨ। ਨਤੀਜੇ ਵਜੋਂ, ਰਾਸ਼ਟਰੀ ਸਮੂਹਾਂ ਨੂੰ ਉਹਨਾਂ ਗੁਣਾਂ ਦੁਆਰਾ ਆਕਾਰ ਦਿੱਤਾ ਜਾਂਦਾ ਹੈ ਜੋ ਉਹਨਾਂ ਨੂੰ ਦੂਜੇ ਸਮੂਹਾਂ ਤੋਂ ਵੱਖਰਾ ਕਰਦੇ ਹਨ। ਉਹ ਤਾਕਤਾਂ ਜੋ ਰਾਸ਼ਟਰੀ ਪਛਾਣ ਨੂੰ ਰੂਪ ਦਿੰਦੀਆਂ ਹਨ, ਸਭ ਤੋਂ ਸ਼ਕਤੀਸ਼ਾਲੀ ਦੂਜੇ ਅਕਸਰ ਉਹ ਹੁੰਦੀਆਂ ਹਨ ਜੋ ਰਾਸ਼ਟਰ ਲਈ ਸਭ ਤੋਂ ਵੱਧ ਖ਼ਤਰਾ ਹੁੰਦੀਆਂ ਹਨ। ਸਾਡੇ ਜੀਵਨ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦੁਆਰਾ ਸ਼ਕਤੀਸ਼ਾਲੀ ਰੂਪ ਵਿੱਚ ਬਣਨਾ ਮਨੁੱਖ ਹੈ ਜੋ ਸਾਨੂੰ ਸਾਡੀ ਆਪਣੀ ਮੌਤ ਨਾਲ ਆਹਮੋ-ਸਾਹਮਣੇ ਲਿਆਉਂਦਾ ਹੈ। ਕੌਮਾਂ ਇੱਕੋ ਜਿਹੀਆਂ ਹੁੰਦੀਆਂ ਹਨ।

ਆਇਰਿਸ਼ ਪਛਾਣ ਨੂੰ ਹਮੇਸ਼ਾ ਲਈ ਉਹਨਾਂ ਕਾਰਕਾਂ ਦੁਆਰਾ ਆਕਾਰ ਦਿੱਤਾ ਜਾਂਦਾ ਹੈ ਜੋ ਇਸ ਨੂੰ ਇੰਗਲੈਂਡ ਤੋਂ ਵੱਖ ਕਰਦੇ ਹਨ, ਅਤੇ ਇਸ ਲਈ ਗੇਲਿਕ ਭਾਸ਼ਾ ਅਤੇ ਕੈਥੋਲਿਕ ਧਰਮ ਆਇਰਿਸ਼ ਰਾਸ਼ਟਰ ਲਈ ਕੇਂਦਰੀ ਬਣ ਜਾਂਦੇ ਹਨ। ਸ਼ੀਤ ਯੁੱਧ ਦੌਰਾਨ ਅਮਰੀਕੀ ਅਤੇ ਸੋਵੀਅਤ ਪਛਾਣਾਂ ਨੇ ਇੱਕ ਦੂਜੇ ਨੂੰ ਡੂੰਘਾ ਪ੍ਰਭਾਵਤ ਕੀਤਾ, ਅਤੇ ਇਸ ਲਈ ਉਹਨਾਂ ਦੀਆਂ ਪਛਾਣਾਂ ਉਹਨਾਂ ਨੂੰ ਵੱਖ ਕਰਨ ਵਾਲੀਆਂ ਚੀਜ਼ਾਂ ਵਿੱਚ ਲਪੇਟੀਆਂ ਗਈਆਂ।

ਇੱਕ ਵਾਰ ਜਦੋਂ ਇਹ ਪਛਾਣਾਂ ਬਣ ਜਾਂਦੀਆਂ ਹਨ, ਤਾਂ ਇਹਨਾਂ ਦਾ ਸਥਾਈ ਪ੍ਰਭਾਵ ਹੁੰਦਾ ਹੈ। ਸ਼ੀਤ ਯੁੱਧ ਦੇ ਅੰਤ ਦੇ ਲੰਬੇ ਸਮੇਂ ਬਾਅਦ, ਉਹ ਅਮਰੀਕੀ ਅਤੇ ਰੂਸੀ ਸਭਿਆਚਾਰ ਅਤੇ ਰਾਜਨੀਤੀ ਦੋਵਾਂ ਵਿੱਚ ਭੂਮਿਕਾ ਨਿਭਾਉਂਦੇ ਰਹੇ ਹਨ। ਸੰਸਾਰ ਵਿੱਚ ਉਹ ਸਥਾਨ ਜਿੱਥੇ ਧਰਮ ਨੇ ਆਪਣੇ ਆਪ ਨੂੰ ਰਾਸ਼ਟਰਵਾਦ

ਨਾਲ ਸਭ ਤੋਂ ਵੱਧ ਜੋੜਿਆ ਹੋਇਆ ਹੈ, ਉਹ ਸਥਾਨ ਹਨ ਜਿੱਥੇ ਇੱਕ 'ਧਾਰਮਿਕ ਦੂਜੇ' ਦੁਆਰਾ ਰਾਸ਼ਟਰੀ ਹੋਂਦ ਨੂੰ

ਖ਼ਤਰਾ ਸਮਝਿਆ ਜਾਂਦਾ ਹੈ। ਜਿਵੇਂ-ਜਿਵੇਂ ਸਮਾਜ ਵਧੇਰੇ ਵਿਭਿੰਨ ਹੁੰਦੇ ਜਾਂਦੇ ਹਨ, ਰਾਸ਼ਟਰੀ ਲਾਮਬੰਦੀ ਦੇ ਸਾਧਨ

ਵਜੋਂ ਧਰਮ ਦੀ ਉਪਯੋਗਤਾ ਘੱਟ ਜਾਂਦੀ ਹੈ। ਇੱਕ ਪੈਟਰਨ ਉਭਰਦਾ ਹੈ ਜਿਸ ਵਿੱਚ ਇਮੀਗ੍ਰੇਸ਼ਨ ਦੇ ਸ਼ੁਰੂਆਤੀ

ਪੜਾਅ ਅਕਸਰ ਇੱਕ ਰਾਸ਼ਟਰਵਾਦੀ ਪ੍ਰਤੀਕ੍ਰਿਆ ਵੱਲ ਲੈ ਜਾਂਦੇ ਹਨ, ਪਰ ਸਮੇਂ ਦੇ ਨਾਲ, ਵਿਭਿੰਨਤਾ - ਧਾਰਮਿਕ ਵਿਭਿੰਨਤਾ ਸਮੇਤ - ਆਪਣੇ ਆਪ ਵਿੱਚ ਇੱਕ ਰਾਸ਼ਟਰ ਦੀ ਪਰਿਭਾਸ਼ਾ ਦਾ ਹਿੱਸਾ ਬਣ ਸਕਦੀ ਹੈ।

ਇਸ ਦੌਰਾਨ ਕੰਮ ਘੱਟ-ਗਿਣਤੀਆਂ ਦੀ ਰੱਖਿਆ ਕਰਨਾ ਹੈ ਜਦੋਂ ਤੱਕ ਰਾਸ਼ਟਰੀ ਸਵੈ-ਸੰਕਲਪ ਇੱਕ ਹੋਰ ਸੰਮਿਲਿਤ ਰੂਪ ਵਿੱਚ ਵਿਕਸਤ ਨਹੀਂ ਹੋ ਜਾਂਦਾ ਜੋ ਧਾਰਮਿਕ ਵਿਭਿੰਨਤਾ ਨੂੰ ਇੱਕ ਸੰਪਦਾ ਵਜੋਂ ਵੇਖਦਾ ਹੈ ਨਾ ਕਿ ਇੱਕ ਜ਼ਿੰਮੇਵਾਰੀ। ਮਾਰਕ ਜੁਰਗੇਨਸਮੇਇਰ ਦੇ ਅਨੁਸਾਰ , ਰਾਸ਼ਟਰਵਾਦ ਅਤੇ ਧਰਮ ਦੋਵੇਂ ਕ੍ਰਮ ਦੀ ਵਿਚਾਰਧਾਰਾ ਹਨ। ਦੋਵਾਂ ਵਿੱਚ ਇੱਕ ਬਾਹਰੀ ਸ਼ਕਤੀ ਵਿੱਚ ਵਿਸ਼ਵਾਸ, ਸ਼ਰਧਾ ਅਤੇ ਸਤਿਕਾਰ ਦੀਆਂ ਭਾਵਨਾਵਾਂ, ਅਤੇ ਇੱਕ ਪਵਿੱਤਰ ਵਸਤੂ, ਜਿਵੇਂ ਕਿ ਰਾਸ਼ਟਰੀ ਝੰਡਾ (ਜੋ ਕਿ ਬਹੁਤ ਸਾਰੇ ਯੂਰਪੀਅਨ (ਬਾਕੀ ਸਫ਼ਾ 31 'ਤੇ)



ਅਜਬ-ਗਜ਼ਬ ਦੁਨੀਆਂ

# 5 ਵਾਰ ਮਰਨ ਤੋਂ ਬਾਅਦ ਜ਼ਿੰਦਾ ਹੋ ਗਈ ਔਰਤ !



ਜੀਵਨ ਅਤੇ ਮੌਤ ਸੰਸਾਰ ਦੀ ਅਜਿਹੀ ਹਕੀਕਤ ਹੈ ਜਿਸ ਤੋਂ ਹਰ ਕੋਈ ਜਾਣੂ ਹੈ। ਹਰ ਮਨੁੱਖ ਜਾਣਦਾ ਹੈ ਕਿ ਜੋ ਵੀ ਧਰਤੀ 'ਤੇ ਆਇਆ ਹੈ, ਉਸ ਨੇ ਇਕ ਨਾ ਇਕ ਦਿਨ ਜਾਣਾ ਹੀ ਹੈ। ਜੀਵਨ ਦੇ ਇਸ ਸੱਚ ਨੂੰ ਕੋਈ ਨਹੀਂ ਬਦਲ ਸਕਦਾ। ਇਸ ਦੇ ਬਾਵਜੂਦ ਵੀ ਕਈ ਅਜਿਹੇ ਸਵਾਲ ਹਨ, ਜਿਨ੍ਹਾਂ ਦਾ ਜਵਾਬ ਅੱਜ ਤੱਕ ਵਿਗਿਆਨ ਵੀ ਨਹੀਂ ਦੇ ਸਕਿਆ ਹੈ। ਅਜਿਹੇ 'ਚ ਜੇਕਰ ਕੋਈ ਮਰਨ ਤੋਂ ਬਾਅਦ ਦੀ ਦੁਨੀਆਂ ਦੀ ਗੱਲ ਕਰਦਾ ਹੈ ਤਾਂ ਇਹ ਸਭ ਨੂੰ ਬਹੁਤ ਉਤਸੁਕ ਕਰਦਾ ਹੈ। ਅਜਿਹਾ ਹੀ ਇਕ ਹੈਰਾਨ ਕਰਨ ਵਾਲਾ ਦਾਅਵਾ ਇਕ ਔਰਤ ਨੇ ਕੀਤਾ ਹੈ, ਜਿਸ ਦਾ ਕਹਿਣਾ ਹੈ ਕਿ ਉਹ ਇਕ ਵਾਰ ਨਹੀਂ ਸਗੋਂ ਵਾਰ-ਵਾਰ ਮਰਨ ਤੋਂ ਬਾਅਦ ਜ਼ਿੰਦਾ ਹੋਈ ਹੈ।

ਇਸ ਔਰਤ ਦਾ ਨਾਂ ਕਾਬਲਗੁਨੀ ਗੀਨਾ ਹੈ ਅਤੇ ਉਸ ਨੇ ਆਪਣੀ ਕਹਾਣੀ ਯੂਟਿਊਬ 'ਤੇ ਬਿਆਨ ਕੀਤੀ ਹੈ। ਔਰਤ ਦਾ ਦਾਅਵਾ ਹੈ ਕਿ ਉਹ ਕੁੱਲ 5 ਵਾਰ ਮਰ ਚੁੱਕੀ ਹੈ ਅਤੇ ਹਰ ਵਾਰ ਸਵਰਗ ਪਹੁੰਚ ਕੇ ਵਾਪਸ ਆਈ ਹੈ। ਉਹ ਦਾਅਵਾ ਕਰਦੀ ਹੈ ਕਿ ਉਹ ਪਰਮੇਸ਼ਰ ਦੀ ਚੰਗਿਆਈ ਦੀ ਗਵਾਹੀ ਦੇਣ ਲਈ ਅਜੇ ਵੀ ਧਰਤੀ 'ਤੇ ਹੈ। ਉਸ ਨੂੰ ਹਰ ਵਾਰ ਯਾਦ ਆਉਂਦਾ ਹੈ ਕਿ ਉਸ ਦੀ ਮੌਤ ਕਿਵੇਂ ਹੋਈ ਅਤੇ ਉਹ ਵਾਪਸ ਕਿਵੇਂ ਆਈ।

ਗੀਨਾ ਦਾ ਦਾਅਵਾ ਹੈ ਕਿ ਪਹਿਲਾਂ ਗੁੱਸੇ ਵਿੱਚ ਆਈ ਗਊ ਦੇ ਹਮਲੇ ਵਿੱਚ ਉਸ ਦੀ ਮੌਤ ਹੋ ਗਈ ਸੀ। ਗਾਂ ਉਸ ਦੇ ਢਿੱਡ 'ਤੇ ਚੜ੍ਹ ਗਈ ਸੀ ਅਤੇ ਸਿੰਗ ਮਾਰਨ ਕਾਰਨ ਉਸ ਨੂੰ ਇੰਨੀ ਸੱਟ ਲੱਗ ਗਈ ਸੀ ਕਿ ਸਾਹ ਲੈਣਾ ਬੰਦ ਹੋ ਗਿਆ ਸੀ। ਉਸ ਨੇ ਆਪਣੇ ਸਾਹ ਮੁੜ ਆਉਣ ਤੱਕ ਇੱਕ ਅਨੋਖਾ ਨਜ਼ਾਰਾ ਦੇਖਿਆ। ਇੰਨਾ ਹੀ ਨਹੀਂ, ਉਹ ਦਫ਼ਨਾਉਣ ਸਮੇਂ ਇੱਕ ਵਾਰ ਵਾਪਸ ਪਰਤ ਆਈ ਸੀ। ਇੱਕ ਵਾਰ ਬਾਥਰੂਮ ਵਿੱਚ ਫਿਸਲਣ ਕਾਰਨ ਉਸ ਦੀ ਮੌਤ ਹੋ ਗਈ ਜਦੋਂ ਕਿ ਤੀਜੀ ਵਾਰ ਉਹ ਕਾਰ ਹਾਦਸੇ ਵਿੱਚ ਮਰਨ ਤੋਂ ਬਾਅਦ ਵਾਪਸ ਆਈ। ਉਸ ਨੂੰ ਛੱਡ ਕੇ ਬਾਕੀ ਸਾਰੇ ਉਸ ਹਾਦਸੇ ਵਿੱਚ ਮਾਰੇ ਗਏ ਸਨ।

30 ਸਾਲਾ ਗੀਨਾ ਦਾ ਕਹਿਣਾ ਹੈ ਕਿ ਉਸ ਨੇ ਅਜਿਹੀ ਜਗ੍ਹਾ ਦੇਖੀ ਜੋ ਉਸ ਨੇ ਪਹਿਲਾਂ ਕਦੇ ਨਹੀਂ ਦੇਖੀ ਸੀ। ਇੱਥੇ ਦੂਰੋਂ-ਦੂਰੋਂ ਲੋਕਾਂ ਦੇ ਰੋਣ ਦੀ ਆਵਾਜ਼ ਸੁਣੀ ਜਾ ਸਕਦੀ ਸੀ। ਮਹਿਲਾ ਮੁਤਾਬਕ ਉਸ ਨੂੰ ਫੇਫੜਿਆਂ ਦੀ ਗੰਭੀਰ ਬਿਮਾਰੀ ਸੀ, ਜਿਸ ਨੂੰ ਡਾਕਟਰਾਂ ਨੇ ਕਿਹਾ ਕਿ ਬਿਨਾਂ ਅਪਰੇਸ਼ਨ ਤੋਂ ਠੀਕ ਨਹੀਂ ਹੋ ਸਕਦਾ। ਹਾਲਾਂ ਕਿ ਅੱਜ ਉਹ ਪੂਰੀ ਤਰ੍ਹਾਂ ਤੰਦਰੁਸਤ ਹਨ, ਜਦਕਿ ਉਨ੍ਹਾਂ ਦਾ ਕੋਈ ਅਪਰੇਸ਼ਨ ਨਹੀਂ ਹੋਇਆ। ਗੀਨਾ ਦਾ ਦਾਅਵਾ ਹੈ ਕਿ ਜਦੋਂ ਤੱਕ ਰੱਬ ਕੋਲ ਜਾਣ ਦਾ ਸਮਾਂ ਨਹੀਂ ਆਉਂਦਾ,ਤੁਸੀਂ ਉੱਥੇ ਨਹੀਂ ਜਾ ਸਕਦੇ। ਉਹ ਆਪਣੇ ਅਜੀਬੋ-ਗਰੀਬ ਦਾਅਵਿਆਂ ਨੂੰ ਲੈ ਕੇ ਸੁਰਖ਼ੀਆਂ 'ਚ ਹੈ ਪਰ ਕਈ ਵਿਅਕਤੀ ਇਸ ਤੋਂ ਪਹਿਲਾਂ ਵੀ ਅਜਿਹੇ ਦਾਅਵੇ ਕਰ ਚੁੱਕੇ ਹਨ।

# ਬ੍ਰਿਟੇਨ 'ਚ ਘਰ ਚੋਰੀ ਹੋਣ ਦਾ ਅਜੀਬ ਮਾਮਲਾ



ਬ੍ਰਿਟੇਨ ਵਿੱਚ ਇਕ ਵਿਅਕਤੀ ਹੈਰਾਨ ਰਹਿ ਗਿਆ ਜਦੋਂ ਉਸ ਨੇ ਵਾਪਸ ਆ ਕੇ ਦੇਖਿਆ ਕਿ ਉਸ ਦਾ ਘਰ ਬਿਲਕੁਲ ਖਾਲੀ ਸੀ ਅਤੇ ਉਸ ਦੀ ਜਾਣਕਾਰੀ ਤੋਂ ਬਿਨਾਂ ਵੇਚ ਦਿੱਤਾ ਗਿਆ ਸੀ।

ਜਦੋਂ ਮਾਲਕ ਰੇਵਰੈਂਡ ਮਾਈਕ ਹਾਲ ਨੂੰ ਉਸ ਦੇ ਗੁਆਂਢੀਆਂ ਨੇ ਇਸ ਬਾਰੇ ਦੱਸਿਆ ਤਾਂ ਉਹ ਭੱਜ ਕੇ ਲੂਟਨ ਸ਼ਹਿਰ ਵਿੱਚ ਆਪਣੇ ਘਰ ਵਾਪਸ ਆ ਗਿਆ। ਇੱਥੇ ਉਸਨੇ ਦੇਖਿਆ ਕਿ ਘਰ ਵਿੱਚ ਕੰਮ ਚੱਲ ਰਿਹਾ ਹੈ ਅਤੇ ਉੱਥੇ ਮੌਜੂਦ ਇੱਕ ਵਿਅਕਤੀ ਦਾਅਵਾ ਕਰ ਰਿਹਾ ਹੈ ਕਿ ਇਹ ਘਰ ਹੁਣ ਉਸ ਦਾ ਹੈ, ਉਹ ਇਸ ਘਰ ਦਾ ਮਾਲਕ ਹੈ।

ਏਜੰਸੀ ਨੇ ਇਸ ਮਾਮਲੇ ਦੀ ਜਾਂਚ ਕੀਤੀ ਅਤੇ ਇਹ ਚੋਰੀ ਦਾ ਮਾਮਲਾ ਪਾਇਆ। ਮਾਈਕ ਹਾਲ ਦੀ 'ਪਹਿਚਾਣ' ਚੋਰੀ ਕਰਕੇ ਉਸ ਦਾ ਘਰ ਵੇਚ ਦਿੱਤਾ ਗਿਆ ਅਤੇ ਬੈਂਕ ਵਿੱਚੋਂ ਪੈਸੇ ਵੀ ਚੋਰੀ ਕਰ ਲਏ ਗਏ।

ਪੁਲਿਸ ਨੇ ਪਹਿਲਾਂ ਉਨ੍ਹਾਂ ਨੂੰ ਕਿਹਾ ਸੀ ਕਿ ਇਹ ਧੋਖਾਧੜੀ ਦਾ ਮਾਮਲਾ ਨਹੀਂ ਹੈ, ਪਰ ਬਾਅਦ ਵਿੱਚ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ।

# ਪਤਨੀ ਨੇ ਪਤੀ ਦਾ ਉਸ ਦੀ ਪੁਰਾਣੀ ਪ੍ਰੇਮਿਕਾ ਨਾਲ ਕਰਵਾਇਆ ਵਿਆਹ

ਆਂਧਰਾ ਪ੍ਰਦੇਸ਼ ਦੇ ਤਿਰੂਪਤੀ ਤੋਂ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਔਰਤ ਨੇ ਆਪਣੇ ਪਤੀ ਦਾ ਉਸ ਦੀ ਸਾਬਕਾ ਪ੍ਰੇਮਿਕਾ ਨਾਲ ਵਿਆਹ ਕਰਵਾ ਦਿੱਤਾ ਹੈ। ਇੰਨਾ ਹੀ ਨਹੀਂ ਉਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਹੁਣ ਤਿੰਨੋਂ ਇੱਕ ਹੀ ਘਰ ਵਿੱਚ ਇਕੱਠੇ ਰਹਿਣਗੇ। ਆਪਣੇ ਪਤੀ ਦਾ ਉਸ ਦੀ ਸਾਬਕਾ ਪ੍ਰੇਮਿਕਾ ਨਾਲ ਵਿਆਹ ਕਰਵਾਉਣ ਲਈ ਔਰਤ ਨੇ ਖੁਦ ਹੀ ਸਾਰੇ ਪ੍ਰਬੰਧ ਕੀਤੇ ਸਨ। ਇਹ ਖ਼ਬਰ ਸੋਸ਼ਲ ਮੀਡੀਆ 'ਤੇ ਲੋਕਾਂ 'ਚ ਚਰਚਾ ਦਾ ਵਿਸ਼ਾ ਬਣ ਰਹੀ ਹੈ। ਇਸ ਅਨੋਖੀ ਪ੍ਰੇਮ ਕਹਾਣੀ ਬਾਰੇ ਜਾਣ ਕੇ ਲੋਕ ਹੈਰਾਨ ਹਨ।ਇਕ ਰਿਪੋਰਟ ਮੁਤਾਬਕ ਪਤੀ ਵੱਲੋਂ ਆਪਣੀ ਸਾਬਕਾ ਪ੍ਰੇਮਿਕਾ ਨਾਲ ਵਿਆਹ ਕਰਵਾਉਣ ਦਾ ਮਾਮਲਾ ਤਿਰੂਪਤੀ ਦੇ ਅੰਬੇਡਕਰ ਨਗਰ ਦਾ ਹੈ। ਇੱਥੇ ਵਿਮਲਾ ਨਾਂ ਦੀ ਔਰਤ ਨੇ ਆਪਣੇ ਪਤੀ ਕਲਿਆਣ ਦਾ ਵਿਆਹ ਉਸ ਦੀ ਸਾਬਕਾ ਪ੍ਰੇਮਿਕਾ ਨਿਤਿਆਸ਼੍ਰੀ ਨਾਲ ਕਰਵਾਇਆ ਹੈ। ਤੁਹਾਨੂੰ ਦੱਸ ਦੇਈਏ ਕਿ ਕਲਿਆਣ ਇੱਕ ਮਸ਼ਹੂਰ ਯੂਟਿਊਬਰ ਹੈ। ਵਿਮਲਾ ਅਤੇ ਕਲਿਆਣ ਦੀ ਮੁਲਾਕਾਤ ਕੁਝ ਸਾਲ ਪਹਿਲਾਂ ਹੋਈ ਸੀ। ਇਸ ਮੁਲਾਕਾਤ ਤੋਂ ਬਾਅਦ ਦੋਸਤੀ ਅਤੇ ਫਿਰ ਦੋਸਤੀ ਪਿਆਰ ਵਿੱਚ ਬਦਲ ਗਈ, ਫਿਰ ਕਲਿਆਣ ਅਤੇ ਵਿਮਲਾ ਨੇ ਇੱਕ ਦੂਜੇ ਨਾਲ ਵਿਆਹ ਕਰ ਲਿਆ। ਮਾਮਲੇ 'ਚ ਮਿਲੀ ਜਾਣਕਾਰੀ ਮੁਤਾਬਕ ਵਿਆਹ ਦੇ ਕੁਝ ਸਾਲਾਂ ਬਾਅਦ ਵਿਮਲਾ ਨੂੰ ਆਪਣੇ ਪਤੀ ਕਲਿਆਣ ਦੇ ਵਿਵਹਾਰ 'ਚ ਕੁਝ ਬਦਲਾਅ ਆਉਣ ਲੱਗਾ। ਅਸਲ 'ਚ ਵਿਸ਼ਾਖਾਪਟਨਮ ਦੀ ਰਹਿਣ ਵਾਲੀ ਨਿਤਿਆਸ਼੍ਰੀ ਨਾਂਅ ਦੀ ਔਰਤ



ਕਲਿਆਣ ਦੀ ਜ਼ਿੰਦਗੀ 'ਚ ਮੁੜ ਆਈ, ਜੋ ਕਿਸੇ ਸਮੇਂ ਕਲਿਆਣ ਦੀ ਪ੍ਰੇਮਿਕਾ ਹੁੰਦੀ ਸੀ। ਪਰ ਵਿਆਹ ਤੋਂ ਕੁਝ ਸਮਾਂ ਪਹਿਲਾਂ ਕਲਿਆਣ ਅਤੇ ਨਿਤਿਆ ਸ਼੍ਰੀ ਦਾ ਬ੍ਰੇਕਅੱਪ ਹੋ ਗਿਆ ਸੀ। ਇਸ ਤੋਂ ਬਾਅਦ ਕਲਿਆਣ ਵਿਮਲਾ ਨਾਲ ਵਿਆਹ ਕਰ ਲੈਂਦਾ ਹੈ ਪਰ ਜਦੋਂ ਨਿਤਯਸ਼੍ਰੀ ਨੂੰ ਕਲਿਆਣ ਦੇ ਵਿਆਹ ਬਾਰੇ ਪਤਾ ਲੱਗਾ ਤਾਂ ਉਹ ਉਸ ਦੇ ਘਰ ਪਹੁੰਚ ਗਈ। ਕਥਿਤ ਤੌਰ 'ਤੇ, ਨਿਤਯਸ਼੍ਰੀ ਨੇ ਵਿਮਲਾ ਤੋਂ ਹੱਥ ਜੋੜ ਕੇ ਉਸ ਦੇ ਪਤੀ ਕਲਿਆਣ ਨਾਲ ਵਿਆਹ ਕਰਨ ਦੀ ਇਜਾਜ਼ਤ ਮੰਗੀ ਕਿਉਂਕਿ ਉਹ ਆਪਣਾ ਪਿਆਰ ਕਲਿਆਣ ਨੂੰ ਗੁਆਉਣਾ ਨਹੀਂ ਚਾਹੁੰਦੀ ਸੀ। ਨਿਤਯਸ਼੍ਰੀ ਨੇ ਵਿਮਲਾ ਨੂੰ ਪ੍ਰਸਤਾਵ ਵੀ ਦਿੱਤਾ ਕਿ ਵਿਆਹ ਤੋਂ ਬਾਅਦ ਤਿੰਨੋਂ ਇੱਕ ਛੱਤ ਹੇਠਾਂ ਇਕੱਠੇ ਰਹਿਣਗੇ। ਕੁਝ ਸਮੇਂ ਬਾਅਦ ਵਿਮਲਾ ਨੇ ਨਿਤਯਸ਼੍ਰੀ ਦੇ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਅਤੇ ਆਪਣੇ ਪਤੀ ਦਾ ਉਸ ਦੀ ਸਾਬਕਾ ਪ੍ਰੇਮਿਕਾ ਨਾਲ ਵਿਆਹ ਕਰਵਾ ਲਿਆ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਪ੍ਰਵਾਸ ਰੋਕਣ ਲਈ ਵਿਦਿਅਕ ਪਾਲਿਸੀ ਠੀਕ ਕਰੇ ਪੰਜਾਬ ਸਰਕਾਰ

**ਡਾ. ਹਰਜਿੰਦਰ ਸਿੰਘ**



ਭਾਰਤ ਕਿਸੇ ਵੇਲੇ ਭੁੱਖਮਰੀ ਦਾ ਸ਼ਿਕਾਰ ਹੋਣ ਦੇ ਕੰਡੇ ’ਤੇ ਸੀ। 1966-67 ਵਿੱਚ ਹਰੇ ਇਨਕਲਾਬ ਨੇ ਬਚਾਓ ਕੀਤਾ, ਜਿਸ ਵਿੱਚ ਸਭ ਤੋਂ ਵੱਡਾ ਯੋਗਦਾਨ ਪੰਜਾਬ ਦੀ ਧਰਤੀ ਅਤੇ ਪੰਜਾਬੀਆਂ ਦਾ ਸੀ। ਜਦੋਂ ਪਿੰਡਾਂ ਵਿੱਚ ਆਮਦਨ ਵਧੀ ਤਾਂ ਲੋਕ ਕੁਝ ਸੌਖੇ ਹੋ ਗਏ। ਜਿਹੜੀ ਕਣਕ 10-15 ਮਣ ਏਕੜ ਵਿੱਚੋਂ ਨਿਕਲਦੀ ਸੀ, ਉਹ 40 ਮਣ ਤਕ ਪਹੁੰਚ ਗਈ। ਇਸ ਸਮੇਂ ਕਈ ਜਿਮੀਂਦਾਰ ਪਰਿਵਾਰਾਂ ਨੇ ਛੋਟੀਆਂ ਸਰਕਾਰੀ ਨੌਕਰੀਆਂ ਛੱਡੀਆਂ ਵੀ, ਜਿਨ੍ਹਾਂ ਨੂੰ ਅਸੀਂ ਅੱਜ ਤਰਸਦੇ ਫਿਰਦੇ ਹਾਂ। ਨੌਜਵਾਨਾਂ ਨੂੰ ਫੌਜ, ਪੁਲਿਸ, ਅਧਿਆਪਕ ਅਤੇ ਹੋਰ ਨੌਕਰੀਆਂ ਆਸਾਨੀ ਨਾਲ ਮਿਲ ਜਾਂਦੀਆਂ ਸਨ। ਪੰਜਾਬ ਵਿੱਚ ਬੇਰੁਜ਼ਗਾਰੀ ਜ਼ਿਆਦਾ ਨਹੀਂ ਸੀ। ਖੇਤੀ ਕਰੋ ਜਾਂ ਕੋਈ ਯੋਗਤਾ ਹੈ ਤਾਂ ਕੋਈ ਸਰਕਾਰੀ ਨੌਕਰੀ ਕਰ ਲਵੋ। ਰਿਸ਼ਵਤ ਦਾ ਬੋਲਬਾਲਾ ਇੰਨਾ ਜ਼ਿਆਦਾ ਨਹੀਂ ਸੀ। ਦਸਵੀਂ ਪਾਸ ਨੌਜਵਾਨਾਂ ਨੂੰ ਕੋਈ ਨਾ ਕੋਈ ਨੌਕਰੀ ਮਿਲ ਹੀ ਜਾਂਦੀ ਸੀ।

ਉਸ ਵੇਲੇ ਇਹ ਕਹਾਵਤ ਮਸ਼ਹੂਰ ਸੀ, ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ ਭੀਖ ... । ਜਿਹੜੀ ਨੌਕਰੀ ਨੂੰ ਅਸੀਂ ਨਖਿੱਧ ਆਖਦੇ ਸੀ, ਅੱਜ ਅਸੀਂ ਉਸ ਲਈ ਲੱਖਾਂ ਰੁਪਏ ਦੀ ਰਿਸ਼ਵਤ ਚੁੱਕੀ ਫਿਰਦੇ ਹਾਂ। ਅੱਜ ਖੇਤੀ ਘਾਟੇ ਵਾਲਾ ਸੌਦਾ ਬਣ ਗਈ ਹੈ। ਨੌਕਰੀ ਮਿਲਦੀ ਨਹੀਂ, ਇਸ ਕਰਕੇ ਤੀਸਰਾ ਰਸਤਾ ਬਾਹਰ ਵਾਲਾ ਹੋਂਦ ਵਿੱਚ ਆ ਗਿਆ। ਸੋਚਣ ਵਾਲੀ ਗੱਲ ਇਹ ਹੈ ਕਿ ਇਹ ਨੌਬਤ ਕਿਉਂ ਆਈ। 1970 ਤੋਂ 1980 ਦੇ ਦਹਾਕੇ ਵਿੱਚ ਆਮ ਘਰਾਂ ਦਾ ਮੁੰਡਾ ਕੁੜੀ ਪੜ੍ਹ ਜਾਂਦੇ, ਬੀਏ, ਐਮਏ, ਬੀਈ, ਐਮਬੀਬੀਐਸ, ਬੀਡੀਐਸ, ਬੀਐਸਸੀ, ਐਮਐਸਸੀ ਡਿਗਰੀਆਂ ਪ੍ਰਾਪਤ ਕਰ ਲੈਂਦੇ। ਸਿੱਖਿਆ ਲਗਭਗ ਸਰਕਾਰੀ ਸੀ। ਪ੍ਰਾਈਵੇਟ ਸਕੂਲ, ਕਾਲਜ ਜਾਂ ਪ੍ਰੋਫ਼ੈਸ਼ਨਲ ਕਾਲਜ ਬਹੁਤ ਘੱਟ ਸਨ। ਜੇ ਕਿਤੇ ਸਨ ਵੀ ਤਾਂ ਉਹ ਉੱਚ ਮਿਆਰ ਦੇ ਸਨ। ਸਰਕਾਰੀ ਸਕੂਲਾਂ, ਕਾਲਜਾਂ ਵਿੱਚ ਫੀਸਾਂ ਬਹੁਤ ਘੱਟ ਹੋਣ ਕਰਕੇ ਕੁਝ ਨੌਜਵਾਨਾਂ ਨੇ ਇਹ ਡਿਗਰੀਆਂ ਪ੍ਰਾਪਤ ਕੀਤੀਆਂ।

ਉਹ ਵੇਲਾ ਸੀ ਜਦੋਂ ਕੋਈ ਲੜਕਾ, ਲੜਕੀ ਕੋਈ ਕੋਰਸ ਕਰਦਾ ਤਾਂ ਘਰ ਵਾਲੇ ਕਹਿੰਦੇ ਹੁੰਦੇ ਸਨ ਕਿ ਸਾਡਾ ਮੁੰਡਾ ਐਸਡੀਓ ਜਾਂ ਓਵਰਸੀਰ ਜਾਂ ਮਾਸਟਰੀ ਦਾ ਕੋਰਸ ਕਰਦਾ ਹੈ, ਕਿਉਂਕਿ ਕੋਰਸ ਅਨੁਸਾਰ ਨੌਕਰੀ ਮਿਲਣੀ ਯਕੀਨੀ ਸੀ। ਜਦੋਂ ਉਹਨਾਂ ਬੱਚਿਆਂ ਨੇ ਤਰੱਕੀ ਕੀਤੀ ਤਾਂ ਦੇਖੋ-ਦੇਖੀ ਦੂਸਰੇ ਘਰਾਂ ਦੇ ਮਾਪਿਆਂ ਨੇ ਵੀ ਆਪਣੇ ਬੱਚਿਆਂ ਨੂੰ ਉੱਚ ਡਿਗਰੀਆਂ ਦੇ ਰਾਹ ਪਾਇਆ। ਬਹੁਤੇ ਲੋਕਾਂ ਨੇ ਸ਼ਹਿਰਾਂ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ਤਾਂ ਕਿ ਉਹਨਾਂ ਦੇ ਬੱਚੇ ਵੀ ਪੜ੍ਹ ਜਾਣ ਅਤੇ ਗਵਾਂਢੀਆਂ ਵਾਂਗ ਸਰਕਾਰੀ ਨੌਕਰੀਆਂ ਕਰਨ ਅਤੇ ਉਹਨਾਂ ਦੀ ਵੀ ਆਰਥਿਕ ਹਾਲਤ ਸੁਧਰ ਸਕੇ। ਇਹ ਸਮਾਂ ਤਕਰੀਬਨ 1980 ਤੋਂ 1990 ਤਕ ਦਾ ਸੀ।

ਲੋਕਾਂ ਦਾ ਉਪਰੋਕਤ ਰੁਝਾਨ ਵੇਖ ਕੇ ਸਿੱਖਿਆ ਮਾਫ਼ੀਆ ਪੈਦਾ ਹੋ ਗਿਆ। ਪ੍ਰਾਈਵੇਟ ਨਰਸਰੀ ਸਕੂਲਾਂ ਤੋਂ ਲੈ ਕੇ ਪ੍ਰਾਈਵੇਟ ਕਾਲਜ, ਪ੍ਰਾਈਵੇਟ ਪ੍ਰੋਫੈਸ਼ਨਲ ਕਾਲਜ ਧੜਾ-ਧੜ ਖੁੱਲ੍ਹ ਗਏ। ਬੇਸ਼ਕ ਉਹਨਾਂ ਵਿੱਚੋਂ ਕੁਝ ਚੰਗੇ ਵੀ ਸਨ, ਪਰ ਬਹੁਤਿਆਂ ਨੇ ਸਿੱਖਿਆ ਦਾ ਵਪਾਰੀਕਰਨ ਕਰਨਾ ਸ਼ੁਰੂ ਕਰ ਦਿੱਤਾ। ਸਰਕਾਰੀ ਅਦਾਰਿਆਂ ਦੇ ਮੁਕਾਬਲੇ ਪ੍ਰਾਈਵੇਟ ਸਕੂਲਾਂ, ਕਾਲਜਾਂ ਦੀਆਂ ਸੋਹਣੀਆਂ ਵਰਦੀਆਂ ਅਤੇ ਆਲੀਸ਼ਾਨ ਬਿਲਡਿੰਗਾਂ ਦੀ ਦਿੱਖ ਨੇ ਲੋਕਾਂ ਨੂੰ ਉਹਨਾਂ ਵੱਲ ਖਿੱਚਿਆ। ਇਹਨਾਂ ਪ੍ਰਾਈਵੇਟ ਅਦਾਰਿਆਂ ਨੇ ਲੋਕਾਂ ਤੋਂ ਰੱਜ ਕੇ ਫੀਸਾਂ ਲਈਆਂ ਪਰ ਮਿਆਰੀ ਸਿੱਖਿਆ ਪ੍ਰਦਾਨ ਨਾ ਕਰ ਸਕੇ। ਸੜਕਾਂ ਉੱਤੇ ਕਾਲਜ ਨਹੀਂ, ਗਰੁੱਪ ਆਫ਼ ਕਾਲਜ ਖੁੱਲ੍ਹ ਗਏ। ਭੋਲੇ ਭਾਲੇ ਵਿਦਿਆਰਥੀਆਂ ਨੂੰ ਪਤਾ ਨਹੀਂ ਸੀ ਕਿ ਸਾਡਾ ਬਣਨਾ ਕੀ ਹੈ? ਜਿੱਥੇ ਪੰਜਾਬ ਵਿੱਚ ਤਿੰਨ ਜਾਂ ਚਾਰ ਇੰਜੀਨੀਅਰਿੰਗ ਕਾਲਜ ਸਨ, ਉੱਥੇ ਹਰੇਕ ਜ਼ਿਲ੍ਹੇ ਵਿੱਚ ਦਰਜਨਾਂ ਦੀ ਗਿਣਤੀ ਵਿੱਚ ਡਿਗਰੀ ਅਤੇ ਡਿਪਲੋਮਾ ਕਾਲਜ ਖੁੱਲ੍ਹਣ ਲੱਗੇ। 10-15 ਸਾਲਾਂ ਵਿੱਚ ਪੰਜਾਬ ਇਹਨਾਂ ਕਾਲਜਾਂ ਤੋਂ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨਾਲ ਭਰ ਗਿਆ। ਬੈਚ ’ਤੇ ਬੈਚ ਨਿਕਲੀ ਗਏ, ਪਰ ਸਰਕਾਰ ਦੀ ਕੋਈ ਵੀ ਵਿਦਿਅਕ ਪਾਲਿਸੀ ਨਾ ਹੋਣ ਕਾਰਣ ਇਹ ਵਿਦਿਆਰਥੀ ਧੋਖਾਧੜੀ ਦਾ ਸ਼ਿਕਾਰ ਹੀ ਹੋਏ। ਕੋਈ 5 ਤੋਂ 7% ਕਾਮਯਾਬ ਹੋ ਗਏ ਹੋਣਗੇ ਪਰ ਬਾਕੀ ਬੇਰੁਜ਼ਗਾਰ ਹੋ ਗਏ।

ਸਰਕਾਰੀ ਨੌਕਰੀਆਂ ਤਾਂ ਇੰਨੀਆਂ ਹੈ ਹੀ ਨਹੀਂ ਸਨ, ਸਰਕਾਰ ਨੇ ਪਹਿਲੀਆਂ ਅਸਾਮੀਆਂ ਵੀ ਖਤਮ ਕਰ ਦਿੱਤੀਆਂ ਅਤੇ ਪ੍ਰਾਈਵੇਟ ਅਦਾਰੇ ਜਿਸ ਤਰ੍ਹਾਂ ਦੇ ਟਰੇਂਡ ਵਿਦਿਆਰਥੀ ਭਾਲਦੇ ਸਨ, ਉਹ ਵਿਦਿਆਰਥੀ ਪਾਸ ਨਹੀਂ ਸਨ। ਸਰਕਾਰਾਂ ਦੀਆਂ ਗਲਤੀਆਂ, ਜਿਨ੍ਹਾਂ ਨੇ ਬਿਨਾਂ ਸੋਚੇ ਸਮਝੇ ਇਹ ਕੁਝ ਹੋਣ ਦਿੱਤਾ ਅਤੇ ਸਰਮਾਏਦਾਰਾਂ ਨੇ ਮੰਗ ਅਤੇ ਸਪਲਾਈ ਦੀ ਪ੍ਰਵਾਹ ਕੀਤੇ ਬਿਨਾਂ ਇੰਨੇ ਗਰੈਜੂਏਟ ਪੈਦਾ ਕਰ ਦਿੱਤੇ ਹਨ ਕਿ ਨਾ ਉਹ ਘਰ ਦੇ ਰਹੇ, ਨਾ ਉਹ ਘਾਟ ਦੇ। ਘਰ ਦੇ ਗੁੱਸੇ ਹੋਣ ਲੱਗੇ ਕਿ ਅਸੀਂ ਤੁਹਾਡੇ ’ਤੇ ਪੈਸੇ ਲਾਏ ਹਨ, ਨੌਕਰੀ ਕਰੋ। ਲੋਕ ਵੀ ਮਖੌਲ ਕਰਨ ਲੱਗ ਪਏ। ਜਿਨ੍ਹਾਂ ਵਿਦਿਆਰਥੀਆਂ ਨਾਲ ਇਹ ਬੀਤੀ ਹੈ, ਉਹ ਮੇਰੀ ਗੱਲ ਹੋਰ ਵੀ ਚੰਗੀ ਤਰ੍ਹਾਂ ਮਹਿਸੂਸ ਕਰ ਸਕਦੇ ਹਨ।

ਮੈਂ ਇੱਥੇ ਇੱਕ ਉਦਾਹਰਣ ਦਿੰਦਾ ਹਾਂ ਕਿ ਭਲੇ ਵੇਲੇ ਪੰਜਾਬ ਵਿੱਚ ਦੋ ਡੈਂਟਲ ਕਾਲਜ ਸਨ, ਸਰਕਾਰੀ ਕਾਲਜ ਪਟਿਆਲਾ ਅਤੇ ਦੂਸਰਾ ਅੰਮ੍ਰਿਤਸਰ। ਕੁੱਲ ਮਿਲਾ ਕੇ 40 ਸੀਟਾਂ ਸਨ, ਉਹਨਾਂ ਨੂੰ ਵੀ ਉਸ ਵੇਲੇ ਸਰਕਾਰੀ ਨੌਕਰੀ ਨਹੀਂ ਸੀ ਮਿਲਦੀ। ਪਰ ਹੁਣ ਤਕਰੀਬਨ 2 ਜਾਂ 3 ਹਜ਼ਾਰ ਸੀਟਾਂ ਹਨ। ਦੱਸੋ, ਜੋ ਤਿੰਨ ਹਜ਼ਾਰ ਡਾਕਟਰ ਹਰ ਸਾਲ ਨਿਕਲਦੇ ਹਨ, ਉਹ ਕਿਹੜੇ ਪਾਸੇ ਜਾਣ? ਜਦੋਂ ਲੋਕਾਂ ਨੂੰ ਇਸ ਮਾਫੀਏ ਦੀ ਸਮਝ ਆਈ ਤਾਂ ਬਹੁਤ ਦੇਰ ਹੋ ਚੁੱਕੀ ਸੀ। ਉਹਨਾਂ ਦਾ ਕੀਮਤੀ ਵਕਤ ਨਿਕਲ ਚੁੱਕਾ ਸੀ। ਸਮਾਂ ਕਦੇ ਵਾਪਸ ਨਹੀਂ ਆਉਂਦਾ। ਨੌਜਵਾਨ ਵਰਗ ਉਲਝਣ ਵਿੱਚ ਪੈ ਗਿਆ ਕਿ ਅਸੀਂ ਕੀ ਕਰ ਬੈਠੇ।

ਅੱਜ ਉਪਰੋਕਤ ਵੱਖ-ਵੱਖ ਤਰ੍ਹਾਂ ਦੇ ਕਾਲਜਾਂ ਵਿੱਚ ਕਬੂਤਰ ਬੋਲਦੇ ਹਨ। ਸੀਟਾਂ ਖਾਲੀ ਪਈਆਂ ਹਨ, ਦਾਖਲਾ ਲੈਣ ਵਾਲਾ ਕੋਈ ਨਹੀਂ ਹੈ ਕਿਉਂਕਿ ਮੁੰਡਿਆਂ ਨੇ ਉਡੀਕ ਨਹੀਂ ਕੀਤੀ। ਜਲਦੀ ਵਿੱਚ ਮੁਨਾਫ਼ਾ ਕਮਾਉਣ ਵਾਲੀ ਮੁਰਗੀ ਹੀ ਮਾਰ ਦਿੱਤੀ। ਕੁਝ ਵੀ ਕਹੀਏ, ਇਹ ਸਾਰਾ ਕੁਝ ਸਰਕਾਰੀ ਅਤੇ ਸਿੱਖਿਆ ਮਾਫੀਏ ਦੀ ਮਿਲੀ ਭੁਗਤ ਕਰਕੇ ਹੀ ਹੋਇਆ। ਨੌਜਵਾਨਾਂ ਦੀ ਬਰਬਾਦੀ ਹੋਈ ਪਰ ਇਹਨਾਂ ਪ੍ਰਾਈਵੇਟ ਅਦਾਰਿਆਂ ਦੀਆਂ ਜਾਇਦਾਦਾਂ ਦੀ ਕੀਮਤ ਕਈ ਗੁਣਾ ਵਧ ਗਈ।

ਸਾਫ਼ ਜਿਹੀ ਗੱਲ ਹੈ ਕਿ ਸਾਡਾ ਸਿੱਖਿਆ ਸਿਸਟਮ ਅਧਰੰਗ ਦਾ ਸ਼ਿਕਾਰ ਹੋ ਗਿਆ, ਨੌਜਵਾਨਾਂ ਦੀ ਤਾਂ ਨੀਂਹ ਹੀ ਸਿੱਖਿਆ ਸੀ। ਸਾਰੇ ਪਾਸਿਆਂ ਤੋਂ ਨਿਰਾਸ਼ ਨੌਜਵਾਨਾਂ ਨੇ ਹੁਣ ਆਈਲੈਟਸ ਸੈਂਟਰਾਂ ਵਿੱਚ ਜਾ ਕੇ ਬਾਹਰ ਜਾਣ ਦਾ ਰੁਖ ਅਖਤਿਆਰ ਕਰ ਲਿਆ ਹੈ। ਇਹ ਉਹਨਾਂ ਦੀ ਮਜਬੂਰੀ ਹੈ। ਹੁਣ ਸਾਡੇ ਨੌਜਵਾਨ ਬੱਚੇ ਬਾਹਰ ਜਾ ਰਹੇ ਹਨ, ਉਹ ਕਰੋੜਾਂ ਰੁਪਏ ਵੀ ਨਾਲ ਲੈ ਕੇ ਜਾ ਰਹੇ ਹਨ। ਜਿਮੀਂਦਾਰਾਂ ਨੇ ਆਪਣੀਆਂ ਜ਼ਮੀਨਾਂ ਵੇਚ-ਵੇਚ ਕੇ ਕਨੇਡਾ, ਅਮਰੀਕਾ ਵੱਲ ਮੂੰਹ ਘੁਮਾ ਲਿਆ ਹੈ। ਇਸ ਸਾਰੇ ਦੀ ਜ਼ਿੰਮੇਵਾਰ ਸਰਕਾਰ ਅਤੇ ਸਿੱਖਿਆ ਮਾਫ਼ੀਆ ਹੈ। ਲੋੜ ਹੈ, ਚੰਗੀ ਸਿੱਖਿਆ ਪਾਲਸੀ ਮੰਗ ਅਤੇ ਸਪਲਾਈ ਨੂੰ ਮੱਦੇ ਨਜ਼ਰ ਰੱਖ ਕੇ ਬਣਾਈ ਜਾਵੇ। ਰੁਜ਼ਗਾਰ ਵਾਲੀ ਸਿੱਖਿਆ ਦਿੱਤੀ ਜਾਵੇ ਨਾ ਕਿ ਡਿਗਰੀਆਂ, ਜਿਨ੍ਹਾਂ ਦੀ ਬਾਅਦ ਵਿੱਚ ਕੀਮਤ ਜ਼ੀਰੋ ਹੋ ਜਾਂਦੀ ਹੈ। ਜਿਹੜਾ ਸਿੱਖਿਆ ਸਿਸਟਮ ਵਿਦਿਆਰਥੀਆਂ ਨੂੰ ਰੋਜ਼ੀ-ਰੋਟੀ ਨਹੀਂ ਦੇ ਸਕਦਾ, ਉਸ ਦਾ ਕੋਈ ਫਾਇਦਾ ਨਹੀਂ। ਸਰਕਾਰ ਪੰਜਾਬ ਦੇ ਸਿਆਣੇ ਬੁੱਧੀਜੀਵੀਆਂ ਦੀ ਸਲਾਹ ਨਾਲ ‘ਸਿੱਖਿਆ ਨੀਤੀ’ ਬਣਾਵੇ ਤਾਂ ਕਿ ਸਾਡੇ ਨੌਜਵਾਨ ਪੰਜਾਬ ਵਿੱਚ ਰਹਿ ਕੇ ਖੁਸ਼ਹਾਲ ਜੀਵਨ ਜੀਅ ਸਕਣ ਅਤੇ ਆਪਣੇ ਸੱਭਿਆਚਾਰ ਮੁਤਾਬਕ ਆਪਣੇ ਮਾਪਿਆਂ ਦੇ ਕੰਮ ਆ ਸਕਣ।

# ਪਰਮਾਣੂ ਹਥਿਆਰਾਂ ਦੇ ਖ਼ਤਰੇ ’ਚ ਕੀ ਹੋਵੇਗਾ ਨਵੀਂ ਪੀੜ੍ਹੀ ਦਾ ਭਵਿੱਖ?

**ਭਾਰਤ ਡੋਗਰਾ**

## ਯੂਕਰੇਨ ਯੁੱਧ ਅਤੇ ਜਲਵਾਯੂ ਤਬਦੀਲੀ ਬਣੇ ਵੱਡੀਆਂ ਸਮੱਸਿਆਵਾਂ
## ਵਿਸ਼ਵ ਸੁਰੱਖਿਆ ਨੂੰ ਪ੍ਰਭਾਵਿਤ ਕਰ ਰਿਹਾ ਹੈ ਪੁਲਾੜ ਦੇ ਫ਼ੌਜੀਕਰਨ ਦਾ ਖ਼ਤਰਾ



ਭਾਵੇਂ ਯੂਕਰੇਨ ਯੁੱਧ ਜਾਂ ਜਲਵਾਯੂ ਤਬਦੀਲੀ ਦੇ ਸੰਕਟ ਦੇ ਸਬੰਧ ਵਿੱਚ, ਵੱਖ-ਵੱਖ ਖੇਤਰਾਂ ਦੇ ਮਾਹਰ ਹਾਲ ਹੀ ਦੇ ਸਮੇਂ ਵਿੱਚ ਚਿਤਾਵਨੀ ਦਿੰਦੇ ਰਹੇ ਹਨ ਕਿ ਵਿਸ਼ਵ ਲੀਡਰਸ਼ਿਪ ਨੂੰ ਇਨ੍ਹਾਂ ਵੱਡੇ ਮੁੱਦਿਆਂ ’ਤੇ ਵਧੇਰੇ ਜ਼ਿੰਮੇਵਾਰੀ ਦਿਖਾਉਣੀ ਚਾਹੀਦੀ ਹੈ। ਵੱਖ-ਵੱਖ ਵੱਡੇ ਸੰਕਟਾਂ ਨੂੰ ਵਧਣ ਨਹੀਂ ਦਿੱਤਾ ਜਾਣਾ ਚਾਹੀਦਾ ਅਤੇ ਆਪਸੀ ਸਹਿਯੋਗ ਨਾਲ ਢੁਕਵੇਂ ਸਮੇਂ ’ਤੇ ਹੱਲ ਲੱਭਣਾ ਚਾਹੀਦਾ ਹੈ। ਖੁਦ ਯੂਕਰੇਨ ਯੁੱਧ ਦੀ ਗੱਲ ਕਰਦੇ ਹੋਏ ਕਈ ਜਾਣੇ-ਪਛਾਣੇ ਮਾਹਿਰਾਂ ਨੇ ਕਿਹਾ ਹੈ ਕਿ ਇਸ ਨੂੰ ਅਜਿਹੀ ਦਿਸ਼ਾ ’ਚ ਨਹੀਂ ਜਾਣ ਦਿੱਤਾ ਜਾਣਾ ਚਾਹੀਦਾ ਕਿ ਅਮਰੀਕਾ ਅਤੇ ਰੂਸ ਵਿਚਾਲੇ ਸਿੱਧੀ ਜੰਗ ਦੀ ਸਥਿਤੀ ਆ ਸਕਦੀ ਹੈ। ਆਖਰਕਾਰ, ਅਸੀਂ ਇਹ ਨਹੀਂ ਭੁੱਲ ਸਕਦੇ ਕਿ ਇਨ੍ਹਾਂ ਦੋਵਾਂ ਦੇਸ਼ਾਂ ਕੋਲ ਦੁਨੀਆ ਦੇ ਲਗਭਗ 13,000 ਪਰਮਾਣੂ ਹਥਿਆਰਾਂ ਦਾ ਲਗਭਗ 90 ਪ੍ਰਤੀਸ਼ਤ ਹੈ। ਇਸੇ ਤਰ੍ਹਾਂ ਜਲਵਾਯੂ ਪਰਿਵਰਤਨ ਦੇ ਸੰਕਟ ਬਾਰੇ ਵੀ ਕਈ ਮਾਹਿਰ ਕਹਿੰਦੇ ਰਹੇ ਹਨ ਕਿ ਇਸ ਦੇ ਆਪਣੇ ‘ਟਿਪਿੰਗ ਪੁਆਇੰਟਸ’ ਵੀ ਹਨ, ਜਿਨ੍ਹਾਂ ’ਤੇ ਕਬਜ਼ਾ ਕਰ ਲਿਆ ਜਾਵੇ ਤਾਂ ਸੰਕਟ ਤੇਜ਼ੀ ਨਾਲ ਵਧ ਸਕਦਾ ਹੈ ਅਤੇ ਮਨੁੱਖੀ ਕੰਟਰੋਲ ਤੋਂ ਬਾਹਰ ਜਾ ਸਕਦਾ ਹੈ। ਵਿਸ਼ਵ ਲੀਡਰਸ਼ਿਪ ਦੀ ਨੌਜਵਾਨ ਪੀੜ੍ਹੀ, ਅੱਜ ਦੇ ਮਾਸੂਮ ਬੱਚਿਆਂ ਪ੍ਰਤੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਇਹ ਬਹੁਤ ਵੱਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਲਈ ਇੱਕ ਸੁਰੱਖਿਅਤ ਸੰਸਾਰ ਛੱਡ ਦੇਈਏ। ਇਸ ਦੇ ਲਈ ਵਿਸ਼ਵ ਪੱਧਰ ਦੇ ਸਾਰੇ ਵੱਡੇ ਖ਼ਤਰਿਆਂ ਦੇ ਹੱਲ ਨੂੰ ਸਭ ਤੋਂ ਵੱਧ ਪਹਿਲ ਦੇ ਕੇ ਅੰਤਰਰਾਸ਼ਟਰੀ ਸਹਿਯੋਗ ਨਾਲ ਕੰਮ ਕਰਨਾ ਹੋਵੇਗਾ ਅਤੇ ਨਿਰਧਾਰਤ ਸਮੇਂ ਦੇ ਵਿਚਕਾਰ ਕੁਝ ਵੱਡੇ ਅੰਤਰਰਾਸ਼ਟਰੀ ਸਮਝੌਤੇ ਕਰਨੇ ਪੈਣਗੇ, ਵਿਸ਼ਵ ਦੇ ਮੁੱਦਿਆਂ ’ਤੇ ਸਹਿਮਤੀ ਬਣਾਉਣੀ ਪਵੇਗੀ। ਪਰ ਇਹ ਡੂੰਘੀ ਚਿੰਤਾ ਦੀ ਗੱਲ ਹੈ ਕਿ ਵੱਖ-ਵੱਖ ਵਿਵਾਦਾਂ ਅਤੇ ਟਕਰਾਵਾਂ ਵਿੱਚ ਘਿਰੀ ਦੁਨੀਆਂ ਇਸ ਦਿਸ਼ਾ ਵਿੱਚ ਕੋਈ ਖਾਸ ਤਰੱਕੀ ਨਹੀਂ ਕਰ ਪਾ ਰਹੀ ਹੈ। ਸਮੂਹਿਕ ਵਿਨਾਸ਼ਕਾਰੀ ਹਥਿਆਰਾਂ ਦੀ ਗੱਲ ਕਰੀਏ ਤਾਂ ਅੱਜ ਦੁਨੀਆਂ ਵਿੱਚ ਲਗਭਗ 13,000 ਪਰਮਾਣੂ ਹਥਿਆਰ ਹਨ। ਇਹਨਾਂ ਵਿੱਚੋਂ ਜ਼ਿਆਦਾਤਰ ਦੀ ਵਿਨਾਸ਼ਕਾਰੀ ਸ਼ਕਤੀ 1945 ਵਿੱਚ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਸੁੱਟੇ ਗਏ ਪਰਮਾਣੂ ਬੰਬਾਂ ਤੋਂ ਕਿਤੇ ਵੱਧ ਹੈ। ਅੱਜ ਨੌਂ ਦੇਸ਼ਾਂ ਕੋਲ ਪਰਮਾਣੂ ਹਥਿਆਰ ਹਨ, ਜੋ ਕਿ 14 ਦੇਸ਼ਾਂ ਵਿੱਚ ਤਾਇਨਾਤ ਹਨ। ਇਸ ਤੋਂ ਇਲਾਵਾ ਹਜ਼ਾਰਾਂ ਪਰਮਾਣੂ ਹਥਿਆਰਾਂ ਨਾਲ ਲੈਸ ਕਈ ਜਹਾਜ਼ ਅਤੇ ਵਾਹਨ ਸਮੁੰਦਰਾਂ ਵਿੱਚ ਲਗਾਤਾਰ ਘੁੰਮ ਰਹੇ ਹਨ। ਇਸ ਸਥਿਤੀ ਵਿੱਚ ਦੁਨੀਆ ਦਾ ਕੋਈ ਵੀ ਜ਼ਮੀਨ ਜਾਂ ਸਮੁੰਦਰ ਇਨ੍ਹਾਂ ਹਥਿਆਰਾਂ ਦੀ ਤਬਾਹੀ ਤੋਂ ਸੁਰੱਖਿਅਤ ਨਹੀਂ ਹੈ। ਜੰਗ ਨਾ ਹੋਣ ’ਤੇ ਵੀ ਹਾਦਸੇ ਵਾਪਰ ਸਕਦੇ ਹਨ ਅਤੇ ਇਨ੍ਹਾਂ ਪਰਮਾਣੂ ਹਥਿਆਰਾਂ ਕਾਰਨ ਬਹੁਤ ਨੁਕਸਾਨ ਹੋ ਸਕਦਾ ਹੈ। ਦੂਜੇ ਪਾਸੇ ਵੱਡੀਆਂ ਫੌਜੀ ਮਹਾ ਸ਼ਕਤੀਆਂ ਵਿਚਾਲੇ ਤਣਾਅ ਵਧਦਾ ਜਾ ਰਿਹਾ ਹੈ। ਬਹੁਤ ਸਾਰੇ ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਤਣਾਅ ਲੰਬੇ ਸਮੇਂ ਤੱਕ ਜਾਰੀ ਰਿਹਾ, ਤਾਂ ਸਿਰਫ਼ ਸ਼ੱਕ ਅਤੇ ਇੱਕ ਦੂਜੇ ਦੇ ਇਰਾਦਿਆਂ ਨੂੰ ਗਲਤ ਮਾਨਤਾ ਦੇਣ ਨਾਲ ਮਹਾਂ ਸ਼ਕਤੀਆਂ ਵਿਚਕਾਰ ਗੈਰ-ਜ਼ਰੂਰੀ ਤੌਰ ’ਤੇ ਪਰਮਾਣੂ ਯੁੱਧ ਹੋ ਸਕਦਾ ਹੈ। ਇਸ ਤੋਂ ਇਲਾਵਾ, ਰੋਬੋਟ ਅਤੇ ਏ ਆਈ ਹਥਿਆਰਾਂ ਦਾ ਖ਼ਤਰਾ ਵੱਧ ਰਿਹਾ ਹੈ, ਜਿਸ ਨਾਲ ਅਜਿਹੀਆਂ ਪੇਚੀਦਗੀਆਂ ਪੈਦਾ ਹੋ ਸਕਦੀਆਂ ਹਨ ਜਿਨ੍ਹਾਂ ਲਈ ਦੁਨੀਆਂ ਤਿਆਰ ਨਹੀਂ ਹੈ। ਪੁਲਾੜ ਦੇ ਫੌਜੀਕਰਨ ਦਾ ਖ਼ਤਰਾ ਵੀ ਹੈ, ਜੋ ਵਿਸ਼ਵ ਸੁਰੱਖਿਆ ਨੂੰ ਗੰਭੀਰਤਾ ਨਾਲ ਪ੍ਰਭਾਵਿਤ ਕਰ ਸਕਦਾ ਹੈ। ਜਲਵਾਯੂ ਪਰਿਵਰਤਨ ਨੂੰ ਵਿਸ਼ਵ ਦੀ ਸਭ ਤੋਂ ਵੱਡੀ ਵਾਤਾਵਰਣ ਸਮੱਸਿਆ ਵਜੋਂ ਮਾਨਤਾ ਦਿੱਤੀ ਗਈ ਹੈ, ਪਰ ਇਸ ਨਾਲ ਜੁੜੀਆਂ ਹੋਰ ਵੀ ਅਜਿਹੀਆਂ ਵਾਤਾਵਰਣਕ ਸਮੱਸਿਆਵਾਂ ਹਨ ਅਤੇ ਇਨ੍ਹਾਂ ਦਾ ਸੰਯੁਕਤ ਪ੍ਰਭਾਵ ਇਹ ਹੈ ਕਿ ਉਹ ਵਿਸ਼ਵ ਦੀ ਜੀਵਨ-ਸਹਾਇਕ ਸਮਰੱਥਾ ਨੂੰ ਗੰਭੀਰਤਾ ਨਾਲ ਖਤਰਾ ਪੈਦਾ ਕਰ ਸਕਦੇ ਹਨ। ਇਹ ਆਉਣ ਵਾਲੀਆਂ ਪੀੜ੍ਹੀਆਂ ਨਾਲ ਬਹੁਤ ਵੱਡੀ ਬੇਇਨਸਾਫ਼ੀ ਹੋਵੇਗੀ। ਜੇਕਰ ਬਹੁਤ ਦੂਰ ਦੀ ਗੱਲ ਨਾ ਕਰੀਏ ਤਾਂ ਅੱਜ ਦੇ ਮਾਸੂਮ ਬੱਚਿਆਂ ਦੇ ਜੀਵਨ ਕਾਲ ਵਿੱਚ ਧਰਤੀ ਦੀ ਜੀਵਨ ਦੇਣ ਦੀ ਸਮਰੱਥਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੀ ਹੈ। ਇਸ ਸਥਿਤੀ ਵਿੱਚ ਵਿਸ਼ਵ ਪੱਧਰ ’ਤੇ ਸਭ ਤੋਂ ਵੱਡੀ ਜ਼ਿੰਮੇਵਾਰੀ ਇਹ ਹੈ ਕਿ ਇਸ ਸਥਿਤੀ ਨੂੰ ਸਮੇਂ ਸਿਰ ਨਜਿੱਠਿਆ ਜਾਵੇ। ਇਸ ਦੇ ਨਾਲ ਇੱਕ ਹੋਰ ਸੰਕਟ ਵਧਦਾ ਜਾ ਰਿਹਾ ਹੈ ਕਿ ਵਿਸ਼ਵ ਪੱਧਰ ’ਤੇ ਕਈ ਤਰ੍ਹਾਂ ਦੀਆਂ ਖਤਰਨਾਕ ਤਕਨੀਕਾਂ ਆ ਰਹੀਆਂ ਹਨ ਅਤੇ ਉਹ ਵੀ ਭੋਜਨ ਅਤੇ ਖੇਤੀਬਾੜੀ, ਸਿਹਤ ਅਤੇ ਸੰਚਾਰ ਵਰਗੇ ਖੇਤਰਾਂ ਵਿੱਚ। ਬਹੁਤ ਸਾਰੇ ਜਾਣੇ-ਪਛਾਣੇ ਮਾਹਰ ਉਨ੍ਹਾਂ ਬਾਰੇ ਚੇਤਾਵਨੀ ਦਿੰਦੇ ਰਹੇ ਹਨ ਕਿ ਇਨ੍ਹਾਂ ਦੇ ਤੇਜ਼ੀ ਨਾਲ ਫੈਲਣ ਤੋਂ ਪਹਿਲਾਂ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ, ਪਰ ਜਿੱਥੇ ਬਹੁਤ ਵੱਡੀਆਂ ਵਿਸ਼ਵ ਪੱਧਰੀ ਬਹੁਕੌਮੀ ਕੰਪਨੀਆਂ ਦੇ ਹਿੱਤ ਸ਼ਾਮਲ ਹਨ, ਉੱਥੇ ਇਨ੍ਹਾਂ ਵੱਡੇ ਮਾਹਰਾਂ ਦੀਆਂ ਚਿਤਾਵਨੀਆਂ ਨੂੰ ਵੀ ਨਜ਼ਰ ਅੰਦਾਜ਼ ਕੀਤਾ ਜਾ ਸਕਦਾ ਹੈ, ਅਤੇ ਹੋ ਰਿਹਾ ਹੈ। ਇਹਨਾਂ ਵਿੱਚੋਂ ਕੁਝ ਤਕਨੀਕਾਂ ਦਾ ਉਦੇਸ਼ ਸਿਰਫ਼ ਮੁਨਾਫ਼ਾ ਵਧਾਉਣਾ ਹੀ ਨਹੀਂ ਹੈ, ਸਗੋਂ ਕੰਟਰੋਲ ਵਧਾਉਣਾ ਵੀ ਹੈ। ਇਸ ਸੰਦਰਭ ਵਿੱਚ, ਵਿਕਾਸਸ਼ੀਲ ਦੇਸ਼ਾਂ ਦੇ ਬਹੁਤ ਸਾਰੇ ਵਿਦਵਾਨ

(ਬਾਕੀ ਸਫ਼ਾ 31 ’ਤੇ)

# ਗੁਰਮਤਿ ਅਨੁਸਾਰ ਖ਼ਾਲਸਾ ਰਾਜ ਦੀ ਵਿਆਖਿਆ

ਗੁਰਤੇਜ ਸਿੰਘ
ਆਈ.ਏ.ਐਸ.

> *ਧਰਮ ਦੇ ਨਾਂਅ ਉੱਤੇ ਰਾਜ ਕਰਨ ਵਾਲਿਆਂ ਜੋ ਜੋ ਕਹਿਰ ਢਾਏ ਉਹਨਾਂ ਦਾ ਸੰਤਾਪ ਸੰਸਾਰ ਨੇ ਕਈ ਸਦੀਆਂ ਹੰਢਾਇਆ। ਪੀਰ, ਫ਼ਕੀਰ, ਗੁਰੂ, ਬਾਲ, ਮਾਸੂਮ ਔਰਤਾਂ ਅਤੇ ਲੱਖਾਂ ਦੀ ਗਿਣਤੀ ਵਿੱਚ ਆਮ ਸ਼ਹਿਰੀ ਤਹਿ-ਤੇਗ਼ ਕੀਤੇ ਗਏ। ਕਾਜ਼ੀਆਂ ਵੱਢੀਆਂ ਲੈ-ਲੈ ਕੇ ਫ਼ਤਵੇ ਦਿੱਤੇ। ਗਾਜ਼ੀਆਂ ਬੇਕਿਰਕ ਹੋ ਕੇ ਵੱਢੇ ਬੇਦੋਸ਼ੇ ਸਿਰਾਂ ਦੇ ਬੋਹਲ ਲਾਏ। ਧੁਰੋਂ ਉਜੱਡ ਯੂਰਪੀ ਲੋਕਾਂ ਨੇ 'ਸੱਭਿਅਤਾ ਪਸਾਰਨ' ਲਈ ਕਰੋੜਾਂ ਆਦਿਵਾਸੀਆਂ ਦਾ ਅਮਰੀਕਾ, ਕੈਨੇਡਾ, ਔਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਮਣਾਂ-ਮੂੰਹੀਂ ਖ਼ੂਨ ਵਗਾਇਆ। ਅਫ਼ਰੀਕਾ ਵਿੱਚ, ਕੇਵਲ ਪੈਸੇ ਵੱਟਣ ਲਈ ਲੋਕਾਂ ਨੂੰ ਗ਼ੁਲਾਮ ਬਣਾਇਆ; ਪੋਪ ਸਮੇਤ ਅਨੇਕਾਂ ਧਰਮ-ਗੁਰੂਆਂ ਨੇ ਖਿੜੇ ਮੱਥੇ, ਬੜੇ ਉਮਾਹ ਨਾਲ ਮਨੁੱਖਤਾ ਦੇ ਘਾਣ ਦੇ ਫ਼ਤਵੇ ਜਾਰੀ ਕੀਤੇ; ਲਾਟ ਪਾਦਰੀਆਂ ਨੇ ਖ਼ੁਦ ਗ਼ੁਲਾਮ ਰੱਖੇ ਅਤੇ ਗ਼ੁਲਾਮ-ਵਪਾਰ ਵਿੱਚੋਂ ਧਨ ਕਮਾਇਆ।*

ਗੁਰੂ ਨਾਨਕ ਦੇਵ ਜੀ (1469-1539) ਦੇ ਪ੍ਰਕਾਸ਼ ਸਮੇਂ ਸੰਸਾਰ ਦੀ ਹਾਲਤ ਦਾ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਵਰਣਨ ਕੀਤਾ ਹੈ। ਬਹੁਤਾ ਕੁਝ ਓਹੀ ਹੈ ਜਿਸ ਦਾ ਜ਼ਿਕਰ ਗੁਰਬਾਣੀ ਵਿੱਚ ਅਤੇ ਪਹਿਲੇ ਗੁਰੂ ਸਾਹਿਬਾਨ ਦੇ ਨਿਭਾਏ ਕਿਰਦਾਰ ਵਿੱਚੋਂ ਪਰਗਟ ਹੁੰਦਾ ਹੈ। ਗੁਰੂ ਜੀ ਨੇ ਮਨੁੱਖ ਦੇ ਦਰਦ ਦੇ ਕਾਰਨ ਅਤੇ ਸਮਾਧਾਨ, ਦੋਵੇਂ ਲੱਭੇ। ਉਹ ਧਾਰਮਿਕ, ਸਿਆਸੀ ਹੱਦਬੰਦੀਆਂ ਦੀਆਂ ਭੀੜੀਆਂ ਗਲ਼ੀਆਂ ਤਿਆਗ ਕੇ ਸਾਰੀ ਮਨੁੱਖਤਾ ਦੇ ਸਾਂਝੇ ਸਰੋਕਾਰਾਂ ਨਾਲ ਜੁੜੇ ਅਤੇ ਸਭ ਲਈ ਇੱਕ ਗਾਡੀ ਰਾਹ (ਜਰਨੈਲੀ ਸੜਕ) ਤਾਮੀਰ ਕੀਤਾ ਜਿਸ ਉੱਤੇ ਚੱਲ ਕੇ ਹਰ ਕੋਈ ਕਲਹ, ਕਲੇਸ਼, ਡਰ, ਭੈ, ਮਨੁੱਖ ਦੀ ਗ਼ੁਲਾਮੀ ਤੋਂ ਮੁਕਤ ਹੋ ਸਕਦਾ ਸੀ। ਇਹ ਹੈ ਅਕਾਲ ਤਖ਼ਤ ਦੀ ਸਿਆਸਤ ਦੀ ਬੁਨਿਆਦ।

ਗੁਰੂ ਜੀ ਦੇ ਦੱਸੇ ਸਿਆਸੀ ਅਤੇ ਸਮਾਜਿਕ ਪ੍ਰਬੰਧ ਦੇ 6 ਥੰਮ੍ਹ ਹਨ: (1) ਅਕਾਲ ਪੁਰਖ ਸ੍ਰਿਸ਼ਟੀ ਦਾ ਕਰਤਾ ਅਤੇ ਵਾਹਦ ਮਾਲਕ ਹੈ; (2) ਉਹ ਸ੍ਰਿਸ਼ਟੀ, ਕੁਦਰਤ ਵਿੱਚ ਸਮਾਇਆ ਹੋਇਆ ਹੈ; (3) ਉਸ ਨੂੰ ਭਾਉਂਦਾ ਹੈ ਕਿ ਹਰ ਮਨੁੱਖ ਉਸ ਦੀ ਨਕਲ ਕਰ ਕੇ, ਓਹੀ ਬਣ ਕੇ ਕਣ-ਕਣ ਵਿੱਚ ਵੱਸ ਰਹੇ ਉਸ ਦੀ ਸੇਵਾ ਕਰੇ; (4) ਸੇਵਾ ਦਾ ਮੂਲ ਉਸ ਨਾਲ ਪਿਆਰ ਹੈ ਜਿਸ ਨੂੰ ਪਾਉਣ ਦਾ ਵਸੀਲਾ ਉਸ ਦੀ ਰਚਨਾ ਦੀ ਸੇਵਾ ਹੈ ਕਿਉਂਕਿ ਉਹ ਆਪ ਆਪਣੀ ਰਚਨਾ ਨੂੰ ਪਿਆਰ ਕਰਦਾ ਹੈ ਅਤੇ ਉਸ ਨੂੰ ਸਦਾ ਚੜ੍ਹਦੀ ਕਲਾ ਵਿੱਚ ਵੇਖਣਾ ਚਾਹੁੰਦਾ ਹੈ; (5) ਮਨੁੱਖ ਦੀ ਅੰਤਮ ਅਧਿਆਤਮਕ ਅਤੇ ਰਾਜਸੀ ਸੰਪੂਰਣਤਾ ਹਰ ਪੱਖੋਂ ਅਕਾਲ ਵਾਂਗ ਪ੍ਰੇਮ ਰੂਪ ਹੋ ਕੇ, ਹਰ ਜੀਵ ਅਤੇ ਕੁਦਰਤ ਦੀ ਰੱਖਿਆ ਕਰਨ ਵਿੱਚ ਹੈ; (6) ਇਉਂ ਉਸ ਨੂੰ ਅਕਾਲ ਪੁਰਖ ਦੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ ਅਤੇ ਏਹੋ ਅੰਤਮ ਮੁਕਤੀ ਹੈ।

ਰਾਜਸ਼ਾਹੀ ਦਾ ਮੁੱਢਲਾ ਤਰਕ ਵੀ ਸੁਰੱਖਿਆ ਮੁਹੱਈਆ ਕਰਨਾ ਹੈ। ਪਰ ਖ਼ੁਦਗਰਜ਼ਾਂ, ਲੋਭੀਆਂ ਦੀ ਫ਼ੌਜ ਭਰਤੀ ਕਰ ਕੇ ਨਿੱਜੀ ਤਾਕਤ, ਧਨ-ਦੌਲਤ, ਜ਼ਮੀਨ ਦਾ ਅਥਾਹ ਵਾਧਾ ਕਰਨ ਦਾ ਟੀਚਾ ਰਾਜਸ਼ਾਹੀ ਮਿਥ ਲੈਂਦੀ ਹੈ ਜਿਸ ਵਿੱਚ ਹਰ ਧਿਰ ਦੀ ਖੁਆਰੀ ਅਤੇ ਦੁੱਖ ਵਿੱਚ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ। ਹਰ ਰਾਜਾ ਮਾਨਸ ਭੱਖੀ ਅਤੇ ਹਰ ਰਾਜਸ਼ਾਹੀ ਮਨੁੱਖ ਦੀ ਗ਼ੁਲਾਮੀ ਅਤੇ ਦੁੱਖ ਦਾ ਕਾਰਣ ਬਣਦੇ ਹਨ। ਯੂਰਪ ਦੇ ਸੱਭਿਅਕ ਦੇਸ਼ਾਂ ਨੇ ਦੋ ਸਦੀਆਂ ਦੇ ਕ੍ਰੂਸੇਡ ਵੇਖੇ; ਧਰਮ ਦੀ ਆਗਿਆ ਲੈ ਕੇ ਗ਼ੁਲਾਮ ਪ੍ਰੰਪਰਾ ਪਣਪਦੀ ਵੇਖੀ; 100 ਸਾਲਾ ਜੰਗ, 30 ਸਾਲਾ ਜੰਗ, ਨਪੋਲੀਅਨ ਜੰਗਾਂ ਅਤੇ ਹੋਰ ਬੜਾ ਕੁਝ ਝੇਲਿਆ। ਕ੍ਰੂਸੇਡ ਵਿੱਚ ਈਸਾਈਆਂ, ਮੁਸਲਮਾਨਾਂ ਨੇ ਇੱਕ-ਦੂਸਰੇ ਦੇ ਬੱਚੇ ਭੁੰਨ ਕੇ ਖਾਧੇ। (1984 ਦੌਰਾਨ ਹਿੰਦੂ ਹਜੂਮਾਂ ਨੇ ਵੀ ਦੁੱਧ-ਪੀਂਦੇ ਬੱਚੇ ਚੁੱਲ੍ਹਿਆਂ ਵਿੱਚ ਭੁੰਨੇ ਅਤੇ ਸਿੱਖ ਮਰਦਾਂ ਦੇ ਗਲ਼ੀਂ ਬਲ਼ਦੇ ਟਾਇਰ ਪਾ ਕੇ ਇੱਕ ਪੁਰਖੀ ਰਾਜ ਦੀ ਬਰਬਰਤਾ ਨੂੰ ਹੱਸ ਕੇ ਗਲ਼ ਲਾਇਆ ਸੀ।) ਗੁਰੂ ਜੀ ਨੇ ਹਰ ਕਿਸਮ ਦੇ ਇੱਕ ਪੁਰਖੀ ਰਾਜ ਨੂੰ ਨਕਾਰ ਦਿੱਤਾ: ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥੧॥ (ਬਿਲਾਵਲੁ ਕਬੀਰ, ਪੰਨਾ 856)

ਧਰਮ ਦੇ ਨਾਂਅ ਉੱਤੇ ਰਾਜ ਕਰਨ ਵਾਲਿਆਂ ਜੋ ਜੋ ਕਹਿਰ ਢਾਏ ਉਹਨਾਂ ਦਾ ਸੰਤਾਪ ਸੰਸਾਰ ਨੇ ਕਈ ਸਦੀਆਂ ਹੰਢਾਇਆ। ਪੀਰ, ਫਕੀਰ, ਗੁਰੂ, ਬਾਲ, ਮਾਸੂਮ ਔਰਤਾਂ ਅਤੇ ਲੱਖਾਂ ਦੀ ਗਿਣਤੀ ਵਿੱਚ ਆਮ ਸ਼ਹਿਰੀ ਤਹਿ-ਤੇਗ਼ ਕੀਤੇ ਗਏ। ਕਾਜ਼ੀਆਂ ਵੱਢੀਆਂ ਲੈ-ਲੈ ਕੇ ਫ਼ਤਵੇ ਦਿੱਤੇ। ਗਾਜ਼ੀਆਂ ਬੇਕਿਰਕ ਹੋ ਕੇ ਵੱਢੇ ਬੇਦੋਸ਼ੇ ਸਿਰਾਂ ਦੇ ਬੋਹਲ ਲਾਏ। ਧੁਰੋਂ ਉਜੱਡ ਯੂਰਪੀ ਲੋਕਾਂ ਨੇ 'ਸੱਭਿਅਤਾ ਪਸਾਰਨ' ਲਈ ਕਰੋੜਾਂ ਆਦਿਵਾਸੀਆਂ ਦਾ ਅਮਰੀਕਾ, ਕੈਨੇਡਾ, ਔਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਮਣਾਂ-ਮੂੰਹੀਂ ਖ਼ੂਨ ਵਗਾਇਆ। ਅਫ਼ਰੀਕਾ ਵਿੱਚ, ਕੇਵਲ ਪੈਸੇ ਵੱਟਣ ਲਈ



ਲੋਕਾਂ ਨੂੰ ਗ਼ੁਲਾਮ ਬਣਾਇਆ; ਪੋਪ ਸਮੇਤ ਅਨੇਕਾਂ ਧਰਮ-ਗੁਰੂਆਂ ਨੇ ਖਿੜੇ ਮੱਥੇ, ਬੜੇ ਉਮਾਹ ਨਾਲ ਮਨੁੱਖਤਾ ਦੇ ਘਾਣ ਦੇ ਫ਼ਤਵੇ ਜਾਰੀ ਕੀਤੇ; ਲਾਟ ਪਾਦਰੀਆਂ ਨੇ ਖ਼ੁਦ ਗ਼ੁਲਾਮ ਰੱਖੇ ਅਤੇ ਗ਼ੁਲਾਮ-ਵਪਾਰ ਵਿੱਚੋਂ ਧਨ ਕਮਾਇਆ। ਹਜ਼ਾਰਾਂ ਬੱਚਿਆਂ ਦਾ ਸ਼ੋਸ਼ਣ ਕੀਤਾ ਗਿਆ ਅਤੇ ਲੱਖਾਂ ਇੱਕ ਪਲ਼ ਦੁਨੀਆਂ ਦੇਖੇ ਬਿਨਾ ਹੀ 'ਅਤੋਲਵੀ ਮਿੱਟੀ' ਹੇਠ ਦਫ਼ਨਾਏ ਗਏ। ਕਰੋੜਾਂ ਪਰਵਾਰਾਂ ਦੇ ਪਿਆਰੇ ਗਲ਼ ਵਿੱਚ ਜ਼ੰਜੀਰਾਂ ਪਾ ਜਾਨਵਰਾਂ ਵਾਂਙ ਨੂੜ ਕੇ ਪਸ਼ੂਆਂ ਦੀ ਤਰ੍ਹਾਂ ਨਿਲਾਮ ਕੀਤੇ ਗਏ। ਮਨੁੱਖਾਂ ਨੇ ਮਨੁੱਖਾਂ ਦੇ ਦਾਗ਼ ਲਾ ਕੇ ਆਪਣੀ ਮਾਲਕੀ ਜ਼ਾਹਰ ਕੀਤੀ। ਜਦੋਂ ਅਮਰੀਕਾ ਦੀ ਵਿਧਾਨ ਘਾੜਨੀ ਸਭਾ ਦਾ ਪ੍ਰਧਾਨ ਜੌਰਜ ਵਾਸ਼ਿੰਗਟਨ ਵਿਧਾਨ ਵਿੱਚ ਲਿਖ ਰਿਹਾ ਸੀ ਕਿ 'ਸਾਡਾ ਏਸ ਸੱਚਾਈ ਵਿੱਚ ਸਵੈ-ਸਿੱਧ ਯਕੀਨ ਹੈ ਕਿ ਸਭ ਮਨੁੱਖ ਬਰਾਬਰ ਬਣਾਏ ਗਏ ਹਨ ਅਤੇ ਕਰਤਾ ਪੁਰਖ ਨੇ ਸਭ ਨੂੰ ਆਜ਼ਾਦੀ, ਬਰਾਬਰੀ, ਭਾਈਚਾਰੇ ਦੀ ਦਾਤ ਬਖ਼ਸ਼ੀ ਹੈ.....' । ਤਾਂ ਓਸੇ ਵਕਤ ਉਸ ਦੇ ਆਪਣੇ ਗੰਨੇ ਦੇ ਖੇਤਾਂ ਵਿੱਚ ਅਨੇਕਾਂ ਖਰੀਦੇ ਗ਼ੁਲਾਮ ਕੰਮ ਕਰ ਰਹੇ ਸਨ।

ਅਠਾਰ੍ਹਵੀਂ ਸਦੀ ਯੂਰਪ ਵਿੱਚ ਨਵੀਂ ਜਾਗ੍ਰਿਤੀ ਦੀ ਸਦੀ ਸੀ। ਅਨੇਕਾਂ ਨਵੀਆਂ ਰਾਜ-ਪ੍ਰਣਾਲੀਆਂ ਸਿਰਜੀਆਂ ਗਈਆਂ ਤਾਂਕਿ ਮਨੁੱਖਤਾ ਸੌਖਾ ਸਾਹ ਲੈ ਸਕੇ। ਉੱਨ੍ਹੀਵੀਂ ਸਦੀ ਵਿੱਚ ਕਾਰਲ ਮਾਰਕਸ ਅਤੇ ਏਂਜਲਸ ਦਾ ਕੌਮਿਊਨਿਜ਼ਮ ਦਾ ਫ਼ਲਸਫ਼ਾ ਆਇਆ। ਏਸ ਦਾ ਵਾਅਦਾ ਸੀ ਕਿ ਟੋਏ-ਟਿੱਬੇ ਇੱਕਸਾਰ ਕਰ ਕੇ, ਮਾਲਕ-ਨੌਕਰ ਦੇ ਭੇਦ ਮਿਟਾ ਕੇ, ਆਮ ਲੋਕਾਂ ਦੇ ਹੱਥ ਪੈਦਾਵਾਰ ਦੇ ਸਾਧਨ ਦੇ ਕੇ ਸਿਆਸਤ ਅਤੇ ਅਰਥਚਾਰੇ ਰਾਹੀਂ ਇਹ ਫ਼ਲਸਫ਼ਾ ਨਵਾਂ ਸਮਾਜ ਸਿਰਜੇਗਾ ਜਿਸ ਵਿੱਚ ਸਭ ਨਾਲ ਨਿਆਂ ਹੋਵੇਗਾ। ਨਾਅਰਾ ਸੀ: ਹਰ ਇੱਕ ਬੰਦਾ ਸ਼ਾਹ ਦੁਨੀਆ ਦਾ ਹਰ ਇੱਕ ਤੀਵੀਂ ਰਾਣੀ। ਤਖ਼ਤ ਪਲਟੇ ਗਏ, ਤਾਜ ਘੱਟੇ ਵਿੱਚ ਰੋਲੇ ਗਏ ਪਰ ਆਖ਼ਰਕਾਰ ਜਿਹੜੇ ਹਾਕਮ ਭੂਤਕਾਲ ਦੇ ਖੰਡਰਾਂ ਵਿੱਚੋਂ ਉੱਭਰੇ ਉਹ ਪਹਿਲਿਆਂ ਨਾਲੋਂ ਵੱਧ ਜ਼ਾਲਮ ਅਤੇ ਬੇਕਿਰਕ ਹਤਿਆਰੇ ਸਾਬਤ ਹੋਏ। ਖੁਸ਼ੀਆਂ-ਖੇੜਿਆਂ ਲਈ ਸਿਰਜੇ ਸੋਵੀਅਤ ਸਮਾਜ ਦੇ ਨੇਤਾ ਸਟੈਲਿਨ ਬਾਰੇ ਮਸ਼ਹੂਰ ਹੈ ਕਿ ਉਸ ਦੇ ਰਾਜ ਦੌਰਾਨ ਘੱਟੋ-ਘੱਟ 55,00,000 ਲੋਕਾਂ ਦਾ ਘਾਣ ਧਰਤੀ ਉੱਤੇ ਸਵਰਗ ਉਸਾਰਨ ਦੀ ਕੋਸ਼ਿਸ਼ ਵਿੱਚ ਹੋਇਆ। ਹੋਰ ਇਤਿਹਾਸਕਾਰਾਂ ਦੇ ਅੰਕੜੇ 2 ਕਰੋੜ ਤੋਂ 6 ਕਰੋੜ ਤੱਕ ਦੇ ਹਨ।

ਚੀਨ ਵਿੱਚ ਕੌਮਰੇਡ ਮਾਉ ਨੂੰ ਵਾਹਵਾ ਸਮਾਂ ਮਿਲਿਆ। ਉਸ ਨੇ ਕਈ ਤਰੀਕੇ ਵਰਤ ਕੇ 4 ਤੋਂ 8 ਕਰੋੜ ਲੋਕਾਂ ਦਾ ਘਾਣ ਕੀਤਾ। ਕੇਵਲ 1962 ਤੋਂ 1968 ਤੱਕ 'ਤਰੱਕੀ ਦੀ ਵੱਡੀ ਛਾਲ' ਵਿੱਚ ਹੀ, ਇੱਕ ਅੰਦਾਜ਼ੇ ਅਨੁਸਾਰ, ਸਾਢੇ ਚਾਰ ਕਰੋੜ ਲੋਕ ਮਾਰੇ ਗਏ ਸਨ। ਚਿੜੀਆਂ ਮਾਰਨ ਦੀ ਮੁਹਿੰਮ ਕਾਰਨ ਪਏ ਕਾਲ ਵਿੱਚ ਲੱਖਾਂ ਲੋਕ ਭੋਖੜਾ ਪੈਣ ਨਾਲ ਮਰ ਗਏ ਸਨ। ਇੱਕ ਜੋੜਾ ਇੱਕ ਬੱਚਾ ਮੁਹਿੰਮ ਤਹਿਤ ਲੱਖਾਂ :ਨਵੇਂ ਜੰਮੇ ਬੱਚਿਆਂ ਨੂੰ ਤਾਲੂਏ ਵਿੱਚ ਜ਼ਹਿਰ ਦੇ ਟੀਕੇ ਲਾ ਕੇ ਅੱਖਾਂ ਖੁੱਲ੍ਹਣ ਤੋਂ ਪਹਿਲਾਂ ਹੀ ਸਦਾ ਦੀ ਨੀਂਦ ਸੁਆ ਦਿੱਤਾ ਗਿਆ ਸੀ।

ਇਹ ਜ਼ਾਲਮਾਨਾ ਵਤੀਰਾ ਉਹਨਾਂ ਦਾ ਸੀ ਜਿਹੜੇ ਮਨੁੱਖਤਾ ਦੇ ਭਲ਼ੇ ਲਈ ਨਵਾਂ ਫ਼ਲਸਫ਼ਾ ਅਤੇ ਰਾਜ-ਪ੍ਰਬੰਧ ਲਿਆਉਣ ਦਾ ਦਾਅਵਾ ਕਰਦੇ ਸਨ। ਸ਼ਾਇਦ ਇਹਨਾਂ ਦੋਵਾਂ ਨਾਲੋਂ ਵੀ ਵੱਡਾ ਕੁਕਰਮ ਕੀਤਾ ਕੰਬੋਡੀਆ ਦੇ ਪੋਲ ਪੌਟ ਨੇ, ਜਿਸ ਨੇ ਕੇਵਲ 1975 ਤੋਂ 1979 ਤੱਕ ਦੇ ਥੋੜ੍ਹੇ ਸਮੇਂ ਵਿੱਚ ਆਪਣੇ ਮੁਲਕ ਦੀ 2 ਕਰੋੜ ਅਰਥਾਤ ਚੌਥਾ ਹਿੱਸਾ ਆਬਾਦੀ ਨੂੰ ਖ਼ਤਮ ਕਰ ਦਿੱਤਾ। ਹਿਟਲਰ, ਜਿਹੜਾ ਕਿ ਨੀਟਸ਼ੇ ਦੇ ਫ਼ਲਸਫ਼ੇ ਦਾ ਧਾਰਨੀ ਸੀ, ਨੇ ਘੱਟ ਨਾ ਗੁਜ਼ਾਰੀ। ਜਰਮਨ ਵਰਗੇ ਸੱਭਿਅਕ ਮਨੁੱਖ ਨੂੰ ਉਸ ਨੇ ਹੈਵਾਨੀਅਤ ਦਾ ਪੁਜਾਰੀ ਬਣਾ ਦਿੱਤਾ ਅਤੇ 60 ਲੱਖ ਯਹੂਦੀਆਂ, ਅਨੇਕਾਂ ਫ਼ੌਜੀ ਕੈਦੀਆਂ ਅਤੇ ਲਾਚਾਰ ਰੋਗੀਆਂ ਨੂੰ ਸ਼ਾਮਲ ਕਰ ਕੇ ਘੱਟੋ-ਘੱਟ ਸਵਾ ਕਰੋੜ ਲੋਕਾਂ ਦੀਆਂ ਜਾਨਾਂ ਲਈਆਂ।

ਲੋਕ-ਰਾਜੀ ਕਦਰਾਂ-ਕੀਮਤਾਂ ਵਾਲੀਆਂ ਕਈ ਰਾਜ-ਪ੍ਰਣਾਲੀਆਂ ਦੀ ਗੱਲ ਕੀਤੀ ਜਾ ਸਕਦੀ ਹੈ। ਇਹ ਦੂਜੀਆਂ ਨਾਲੋਂ ਬਹੁਤ ਬਿਹਤਰ ਅਤੇ ਆਮ ਲੋਕਾਂ ਲਈ ਕਿਸੇ ਹੱਦ ਤੱਕ ਸੁਖਦਾਈ ਹਨ ਪਰ ਇਹਨਾਂ ਨੂੰ ਵਿਗਾੜਨ ਦੇ ਬੀਅ ਵੀ ਲੋਕ-ਰਾਜੀ ਪ੍ਰਬੰਧ ਅਤੇ ਫ਼ਲਸਫ਼ੇ ਵਿੱਚ ਹੀ ਵਿਦਮਾਨ ਪਾਏ ਜਾਂਦੇ ਹਨ। ਏਸ਼ੀਆ ਦੇ ਆਪਸ ਵਿੱਚ ਭਿੜਦੇ ਧਾਰਮਕ ਸਰੋਕਾਰਾਂ ਅਤੇ ਇਹਨਾਂ ਅਨੁਸਾਰ ਢਲਿਆ ਮਨੁੱਖੀ ਸੁਭਾਅ ਲੋਕ-ਰਾਜ ਦੇ ਅਸੂਲਾਂ ਅਤੇ ਅਮਲ ਦੇ ਗਲ਼ ਡਹਿਆ ਸਾਬਤ ਹੋ ਰਹੇ ਹਨ। ਇਹੀ ਅਲਾਮਤਾਂ ਹੁਣ ਤਾਂ ਟਰੰਪ ਦੀ ਅਮਰੀਕਾ, ਫਰਾਂਸ, ਇਟਲੀ ਆਦਿ ਵਿੱਚ ਵੀ ਦਿੱਸ ਆਉਂਦੀਆਂ ਹਨ। ਇਹੋ ਮੁਸਲਮਾਨ ਬਹੁਗਿਣਤੀ ਵਾਲੇ ਮੁਲਕਾਂ ਵਿੱਚ ਹੋਰ ਵਿਆਪਕ ਹਨ। ਸ਼ਾਇਦ ਮਨੁੱਖੀ ਬਰਾਬਰੀ ਨੂੰ ਤਹਿਦਿਲ਼ੋਂ ਅਤੇ ਪੁਖਤਾ ਅਮਲ ਵਿੱਚ ਪ੍ਰਵਾਨ ਨਾ ਕਰਨ ਦਾ ਇਹ ਨਤੀਜਾ ਹੈ ਜੋ ਮਨੁੱਖਤਾ ਭੁਗਤ ਰਹੀ ਹੈ।

ਗੁਰੂ ਬਾਬੇ ਨੇ ਜਦੋਂ ਧਿਆਨ ਧਰ ਵੇਖਿਆ ਤਾਂ ਉਸ ਨੂੰ ਖ਼ੁਦੀ, ਬਕੀਲੀ, ਤਕੱਬਰੀ ਕਾਰਨ ਹੀ ਜਲਤੀ ਸਭਿ ਪ੍ਰਿਥਵੀ ਦਿਸਿ ਆਈ ਸੀ। ਗੁਰੂ ਜੀ ਨੇ ਸੁਜਾਣ ਵੈਦ ਵਾਂਗ ਰੋਗ ਅਤੇ ਏਸ ਦਾ ਦਾਰੂ ਦੋਨੋਂ ਬੁਝ ਲਏ। ਏਥੇ ਗੁਰੂ ਦੀ ਲਾਸਾਨੀ ਕਰਨੀ ਦੇ ਵਿਸਥਾਰ ਦੀ ਥਾਂ ਨਹੀਂ ਪਰ ਸਿੱਖੀ ਕਿਰਦਾਰ ਦੇ ਆਦਰਸ਼, ਜਿਨ੍ਹਾਂ ਤੋਂ ਸਿੱਖੀ ਦੇ ਰਾਜ-ਪ੍ਰਬੰਧ ਦਾ ਝਲਕਾਰਾ ਮਿਲਦਾ ਹੈ, ਦਾ ਜ਼ਿਕਰ ਹੀ ਏਥੇ ਤਰਕਸੰਗਤ ਹੈ। ਅੱਠ ਸਦੀਆਂ ਦੇ ਸਥਾਪਤ ਇਸਲਾਮੀ ਰਾਜ ਨੂੰ ਜ਼ਾਲਮਾਨਾ ਤਰਜ਼ੇ-ਹਕੂਮਤ ਲਈ ਜ਼ਿੰਮੇਵਾਰ ਸਮਝ ਕੇ ਜਦੋਂ ਬੰਦਾ ਬਹਾਦਰ ਚੜ੍ਹਦਾ ਹੈ ਤਾਂ ਪੰਜ ਹਜ਼ਾਰ ਜੰਗੀ ਮੁਸਲਮਾਨ ਉਸ ਦੇ ਹਮਰਕਾਬ ਸਨ। ਸਿੱਖੀ ਦੀ ਜੰਗ ਲੋਕਾਂ ਨੂੰ ਆਜ਼ਾਦੀ ਦਾ ਸੁਖ ਦੇਣ ਲਈ ਸੀ ਨਾ ਕਿ ਮੁਲਕਗੀਰੀ ਲਈ। ਮਿਸਲਾਂ ਦੇ ਸਮੇਂ ਜੱਸਾ ਸਿੰਘ ਆਹਲੂਵਾਲੀਆ ਅਤੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿੱਚ ਸਿੱਖ ਮਿਸਲਾਂ ਪਾਣੀਪਤ ਦੇ ਜੇਤੂ ਕੋਲੋਂ ਢੱਕਾਂ ਛੁਡਵਾਉਣ ਲਈ ਉਸ ਸਮੇਂ ਏਸ਼ੀਆ ਦੇ ਸਭ ਤੋਂ ਵੱਡੇ ਜੇਤੂ ਜਰਨੈਲ ਵਿਰੁੱਧ ਜੂਝਦੇ ਹਨ। 22000 ਬੇਸਹਾਰਾ ਮਾਸੂਮ ਔਰਤਾਂ ਨੂੰ ਅਬਦਾਲੀ ਦੀ ਕੈਦ ਵਿੱਚੋਂ ਆਜ਼ਾਦ ਕਰ ਕੇ ਉਹਨਾਂ ਨੂੰ ਘੋੜਿਆਂ ਉੱਤੇ ਬਿਠਾ ਕੇ ਦੂਰ-ਦੁਰਾਡੇ ਮਹਾਂਰਾਸ਼ਟਰ ਦੇ ਪਿੰਡਾਂ ਵਿੱਚ ਘਰੋ-ਘਰੀ ਪਹੁੰਚਾਉਂਦੇ ਹਨ। ਇਹ ਉੱਚੇ-ਸੁੱਚੇ ਮਨੁੱਖੀ ਕਿਰਦਾਰ, ਸਰਵੋਤਮ ਸੱਭਿਅਤਾ ਅਤੇ ਸਿਪਾਹੀ ਦੇ ਸਾਊਪੁਣੇ ਦੀ ਅਦੁੱਤੀ ਕਹਾਣੀ ਹੈ ਜੋ ਅਜੇ ਕਿਸੇ ਨੇ ਆਖਣੀ ਹੈ ਅਤੇ ਅਜੇ ਜ਼ਮਾਨੇ ਨੇ ਸੁਣਨੀ ਹੈ। ਇਹ ਨਿਰੂਪਣ ਕਰਦੀ ਹੈ ਕਿ ਹਕੂਮਤ ਦਾ ਫ਼ਰਜ਼ ਲੋਕਾਂ ਦੀ ਪੱਤ ਦਾ ਰਾਖਾ ਬਣ ਕੇ ਸਿਰ ਵਾਰਨ ਤੱਕ ਅੱਪੜਦਾ ਹੈ। ਜੌਰਜ ਫੌਰੱਸਟਰ ਦੀ ਗਵਾਹੀ ਹੈ ਕਿ ਸਿੱਖ ਸਿੱਧੇ ਤਸੀਹਾ ਘਰਾਂ ਵਿੱਚੋਂ ਨਿਕਲ ਕੇ ਹਾਕਮ ਬਣਦੇ ਹਨ ਪਰ ਕਿਸੇ ਇੱਕ ਤੋਂ ਵੀ ਆਪਣੇ 'ਤੇ ਕੀਤੇ ਗਏ ਜ਼ੁਲਮਾਂ ਦਾ ਬਦਲਾ ਨਹੀਂ ਲੈਂਦੇ। ਉਹ ਦਰਬਾਰ ਸਾਹਿਬ ਦੇ ਸਰੋਵਰ ਨੂੰ ਪੂਰਨ ਵਾਲੇ ਅਹਿਮਦ ਸ਼ਾਹ ਦੇ ਫ਼ੌਜੀਆਂ ਤੋਂ ਕਾਰ-ਸੇਵਾ ਕਰਵਾਉਂਦੇ ਹਨ, ਸਾਂਝੇ ਲੰਗਰ ਵਿੱਚ ਇਕੱਠੇ ਬਰਾਬਰ ਬੈਠ ਕੇ ਪ੍ਰਸ਼ਾਦਾ ਛਕਦੇ ਹਨ ਅਤੇ ਕਾਰਵਾਈ ਮੁਕੰਮਲ ਹੋਣ ਉੱਤੇ ਇਹ ਆਖ ਕੇ ਆਜ਼ਾਦ ਕਰ ਦਿੱਤੇ ਜਾਂਦੇ ਹਨ ਕਿ 'ਜਾਉ, ਤੁਹਾਡੇ ਪਰਵਾਰ ਤੁਹਾਨੂੰ ਉਡੀਕ ਰਹੇ ਹਨ। ਮੁੜ ਕੇ ਏਧਰ ਮੂੰਹ ਨਾ ਕਰਿਉ।' ਹਕੂਮਤ ਕਰਨ ਵਾਲੇ ਦਾ ਸਿੱਖੀ ਆਸ਼ੇ ਅਨੁਸਾਰ ਨਿਰਵੈਰ ਹੋਣਾ ਲਾਜ਼ਮੀ ਹੈ।



ਹਿਟਲਰ ਨੇ ਹਜ਼ਾਰਾਂ ਲਾਲ ਕੈਦੀ ਫ਼ੌਜੀਆਂ ਦਾ ਕਤਲ ਕੀਤਾ। ਲੌਰਡ ਐਕਟਨ ਆਖਦਾ ਹੈ ਕਿ ਰਣਜੀਤ ਸਿੰਘ ਨੇ ਪੰਜਾਹ ਸਾਲਾਂ ਦੇ ਖ਼ਾਲਸਾ ਰਾਜ ਦੌਰਾਨ ਕਿਸੇ ਇੱਕ ਨੂੰ ਵੀ ਮੌਤ ਦੀ ਸਜ਼ਾ ਨਾ ਸੀ ਦਿੱਤੀ। ਜਨਮ-ਮੌਤ ਮਾਲਕ ਦੇ ਹੱਥ ਹੈ; ਓਹੀ ਅਸਲ ਰਾਜਾ ਹੈ। ਮਹਿਜ਼ ਪ੍ਰਬੰਧਕ ਨੂੰ ਮੌਤ ਵਰਤਾਉਣ ਦਾ ਹੱਕ ਨਹੀਂ। ਧਰਤੀ ਸਾਧ ਅਥਵਾ ਅਕਾਲ ਪੁਰਖ ਦੀ ਹੈ। ਸਿੱਕਾ ਵੀ ਓਸੇ ਦਾ; ਤਖ਼ਤ ਤੇ ਤਾਜ ਦਾ ਵੀ ਓਹੀ ਹੱਕਦਾਰ ਹੈ। ਕੰਵਰ ਨੌਨਿਹਾਲ ਸਿੰਘ ਆਖਦਾ ਹੈ ਕਿ ਵਕਤੀ ਆਗੂ ਦਾ ਆਪਣੀ ਔਕਾਤ ਵਿੱਚ ਹੀ ਰਹਿਣਾ ਬਣਦਾ ਹੈ। ਸਟੈਲਿਨ ਨੇ ਯੂਕਰੇਨ ਵਿੱਚ, ਚਰਚਲ ਨੇ ਬੰਗਾਲ ਵਿੱਚ, ਮਾਉ ਨੇ ਚੀਨ ਵਿੱਚ ਕਾਲ ਪਾ ਕੇ ਲੱਖਾਂ ਕਰੋੜਾਂ ਲੋਕ ਮਾਰ ਦਿੱਤੇ। ਰਣਜੀਤ ਸਿੰਘ ਕਾਲ ਮੌਕੇ ਪਾਂਡੀ ਬਣ ਲਾਚਾਰ ਬਜ਼ੁਰਗ ਦਾ ਸਰਕਾਰੋਂ ਦਿੱਤਾ ਅਨਾਜ ਉਸ ਦੇ ਘਰ ਛੱਡ ਕੇ ਆਉਂਦਾ ਹੈ। ਖ਼ਾਲਸਾ ਰਾਜ, ਸਿੱਖੀ ਸਰੋਕਾਰਾਂ ਦਾ ਰਾਜ ਹਲੇਮੀ ਰਾਜ ਹੈ ਜਿੱਥੇ ਮਿਹਰਵਾਣੁ ਦਾ ਹੁਕਮ ਹੈ ਕਿ ਕੋਈ ਕਿਸੇ ਉੱਤੇ ਤੱਦੀ ਨਹੀਂ ਕਰੇਗਾ। ਅਸਲ ਰਾਜੇ ਅਕਾਲ ਪੁਰਖ ਦੀ ਉੱਮਤ ਆਮ ਲੋਕ ਹਨ। ਲੋਕ ਆਪਣੇ ਉੱਤੇ ਆਪਣੇ ਗੁਰਮਤੇ ਰਾਹੀਂ ਖ਼ੁਦ ਰਾਜ ਕਰਨਗੇ। ਇਉਂ ਹੰਨੇ ਹੰਨੇ ਮੀਰ ਹੋਣਗੇ। ਧਰਤੀ ਉੱਤੇ ਸਵਰਗ ਇਹੋ ਹੈ।

# ਭਗਤੀ ਲਹਿਰ, ਸਿੱਖ ਧਰਮ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਭਾਰਤ ਦੇ ਮੱਧਕਾਲੀਨ ਇਤਿਹਾਸ ਵਿੱਚ ਰਾਜਨੀਤਿਕ ਸਥਿਤੀ ਡਾਵਾਂਡੋਲ ਸੀ। ਦੇਸ਼ ਛੋਟੇ ਛੋਟੇ ਆਜ਼ਾਦ ਰਾਜਾਂ ਵਿੱਚ ਵੰਡਿਆ ਹੋਇਆ ਸੀ, ਜਿਵੇਂ ਗੁਜਰਾਤ , ਰਾਜਪੂਤਾਨਾ, ਜੋਨਪੁਰ ਅਤੇ ਬੰਗਾਲ ਆਦਿ। ਜਨ ਸਧਾਰਣ ਰਾਜਨੀਤਿਕ ਅਤੇ ਧਾਰਮਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਸੀ। ਸਮਾਜ ਸੁਧਾਰਕਾਂ ਨੇ ਮਨੁੱਖਤਾ ਦੇ ਦਿੱਲਾਂ ਵਿੱਚ ਆਤਮਿਕ ਅਤੇ ਅਧਿਆਤਮਕ ਜੋਤ ਜਗਾਈ। ਸਮਾਜ ਵਿੱਚ ਧਰਮ ਨਾਲ ਜੁੜੇ ਸੰਸਕਾਰਾਂ ਵਿੱਚ ਜਾਗ੍ਰਿਤੀ ਦੀ ਲਹਿਰ ਚਲੀ, ਜਿਸ ਨੂੰ ਭਗਤੀ ਲਹਿਰ ਕਿਹਾ ਜਾਂਦਾ ਹੈ। ਭਗਤੀ ਸਬਦ ਭਕਤਾ ਤੋਂ ਲਿਆ ਗਿਆ ਹੈ, ਅਰਥਾਤ ਸੇਵਾ, ਸਤਿਕਾਰ, ਪਿਆਰ ਅਤੇ ਆਤਮ ਸਮਰਪਣ। ਅਧਿਆਤਮਕ ਤੌਰ 'ਤੇ ਭਾਵ ਪਰਮਾਤਮਾ ਵਿੱਚ ਸ਼ਰਧਾ ਜੋ ਪਰਮਾਤਮਾ ਦੇ ਗੁਣਾਂ ਦੀ ਸੇਧ ਤੋਂ ਪ੍ਰਾਪਤ ਹੁੰਦੀ ਹੈ।

ਭਗਤੀ ਲਹਿਰ ਦਾ ਸਮਾਂ 800-1700 ਤਕ ਹੈ। ਭਾਰਤੀ ਉਪ ਮਹਾਂਦੀਪ ਵਿੱਚ ਸਾਰੇ ਧਰਮਾਂ ਦੇ ਲੋਕ ਆਪਣੇ ਆਪਣੇ ਅਕੀਦੇ ਅਨੁਸਾਰ ਪਰਮਾਤਮਾ ਨਾਲ ਸਾਂਝ ਪਾ ਕੇ ਮੁਕਤੀ ਪ੍ਰਾਪਤ ਕਰਨ ਦੀਆਂ ਰਸਮਾਂ ਬੜੀ ਸ਼ਿੱਦਤ ਨਾਲ ਨਿਭਾਅ ਰਹੇ ਸਨ। ਵਿਦੇਸ਼ੀ ਹਮਲਾਵਰਾਂ ਅਤੇ ਧਾੜਵੀਆਂ ਦੇ ਨਾਲ ਇਸਲਾਮ ਵਿੱਚ ਸੂਫੀਆਂ ਦੀ ਆਮਦ ਭਾਰਤ ਵਿੱਚ ਹੋਈ ਮੰਨੀ ਜਾਂਦੀ ਹੈ। ਸਾਰੇ ਧਰਮਾਂ ਦਾ ਮੁਲਾਅੰਕਣ ਅਤੇ ਸ਼ਾਂਤੀ ਦਾ ਵਿਚਕਾਰਲਾ ਰਸਤਾ ਲੱਭਣਾ ਹੀ ਭਗਤੀ ਲਹਿਰ ਹੈ। ਇਸ ਲਹਿਰ ਦਾ ਆਰੰਭ ਸਤਵੀਂ ਸਦੀ ਵਿੱਚ ਦੱਖਣੀ ਭਾਰਤ ਵਿੱਚ ਹੋਇਆ। ਅੱਗੇ ਉਤਰੀ ਭਾਰਤ ਅਤੇ ਮੱਧ ਏਸ਼ੀਆ ਤਕ ਫੈਲ ਗਈ। ਦੋ- ਸੱਤ ਸਦੀ ਵਿੱਚ ਕਵੀ ਅਲਵਰ ਅਤੇ ਕਵੀ ਨਯਨਾਰ ਦੇ ਇੱਕਠੇ ਕੀਤੇ ਉਪਦੇਸ਼ ਦਸਵੀਂ ਸਦੀ ਵਿੱਚ ਸੰਪਾਦਕ ਹੋਏ। ਦੱਖਣੀ ਭਾਰਤ ਵਿੱਚ ਮੁੱਢਲੇ ਆਗੂ ਸ਼ੰਕਰਾਚਾਰੀਆਂ ਹਨ। ਉਤਰੀ ਭਾਰਤ ਵਿੱਚ ਰਾਮਾਨੰਦ ਹਨ। ਇਹ ਲਹਿਰ ਸਮੇਂ ਦੇ ਪ੍ਰਚਲਿਤ ਝੂਠੇ ਕਰਮਕਾਂਡਾਂ , ਵਹਿਮਾਂ ਭਰਮਾ ਅਤੇ ਮੂਰਤੀ ਪੂਜਾ ਦੇ ਵਿਰੋਧ ਵਿੱਚ ਖੜੀ ਹੋਈ। ਇਸ ਲਹਿਰ ਦਾ ਪ੍ਰਚਾਰ ਅਤੇ ਪਸਾਰਾ ਕਰਨ ਵਿੱਚ ਸਮਾਜ ਸੁਧਾਰਕਾਂ ਦਾ ਵੱਡਾ ਯੋਗਦਾਨ ਸੀ ਜਿਵੇਂ ਚੈਤੰਨਯਾ ਮਹਾਪ੍ਰਭੂ, ਤੁੱਕਾ ਰਾਮ, ਜੈ ਦੇਵ ਆਦਿ ਪ੍ਰਮੁੱਖ ਹਨ ਬਾਰਵੀਂ ਅਤੇ ਤੇਰਵੀਂ ਸਦੀ ਵਿੱਚ ਭਗਤ ਕਬੀਰ , ਭਗਤ ਰਵਿਦਾਸ ਅਤੇ ਭਗਤ ਨਾਮਦੇਵ ਪ੍ਰਮੁੱਖ ਹਨ।

ਭਗਤਾਂ ਨੇ ਨਾਥ, ਜੋਗੀਆ ਅਤੇ ਸੂਫੀਆਂ ਦੀ ਤਰਜ਼ 'ਤੇ ਸਨਾਤਨੀ ਬੋਲੀ ਦੀ ਥਾਂ ਲੋਕ ਭਾਸ਼ਾ, ਸੰਤ ਭਾਸ਼ਾ ਵਿੱਚ ਰਾਗਾਂ ਵਿੱਚ ਗਾ ਕੇ ਪ੍ਰਚਾਰ ਕੀਤਾ, ਜਿਵੇਂ ਕਰਨਾਟਕ, ਤਾਮਿਲ, ਮਹਾਂਰਾਸ਼ਟਰ, ਗੁਜਰਾਤ, ਬੰਗਾਲ, ਉਤਰੀ ਭਾਰਤ ਮੱਧ ਏਸ਼ੀਆ ਤਕ। ਦੂਰ ਦੂਰ ਭਰਮਣ ਕਰਦੇ ਉਹਨਾਂ ਦੀ ਹਰਮਣਪਿਆਰਤਾ ਵੱਧਦੀ ਗਈ। ਮੱਧ ਕਾਲੀਨ ਯੁੱਗ ਵਿੱਚ ਧਾਰਮਿਕ ਵਿਕਾਸ ਦੀ ਵਿਸ਼ੇਸਤਾ ਰਹੀ ਹੈ। ਲੋਕਾਂ ਨੇ ਸਾਂਝਾ ਸਭਿਆਚਾਰ ਅਪਨਾਅ ਕੇ ਨੇੜਤਾ ਬਣਾਈ। ਨਿਰਗੁਣ ਧਾਰਾ ਵਿੱਚ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਸਿਰਮੌਰ ਹਨ। ਜੋ ਨਿਰੋਲ ਨਿਰੰਕਾਰ ਨੂੰ ਸਿਮਰਦੇ ਹਨ। ਸਰਗੁਣ ਪਰਮਾਤਮਾ ਦੀ ਪੂਜਾ ਕਈ ਪ੍ਰਕਾਰ ਦੀਆਂ ਮੂਰਤੀਆਂ ਅੱਗੇ ਹਨ। ਸਰਗੁਣ ਵਿੱਚ ਪ੍ਰਮੁੱਖ ਹਨ ਵਲਬਚਾਰੀਆ, ਸੂਰਦਾਸ, ਮੀਰਾਂਬਾਈ ਅਤੇ ਚੈਤਨਯਾ ਮਹਾਪ੍ਰਭੂ ਆਦਿ। ਸੂਫੀ ਘੱਟ ਗਿਣਤੀ ਵਿੱਚ ਸਨ ਪਰ ਖੁੱਲੇ ਵਿਚਾਰਾਂ ਦੇ ਸਨ। ਧਾਰਮਿਕ ਬੰਧਨਾ ਵਿੱਚ ਨਹੀਂ ਬੱਝੇ ਸਨ। ਉਹਨਾਂ ਨੇ ਪਿਆਰ ਦੀ ਗਲ ਤੋਰੀ , ਸਾਂਝੇ ਸੱਭਿਆਚਾਰ ਨੂੰ ਅਪਨਾਇਆ ਅਤੇ ਛੇਤੀ ਹੀ ਸਥਾਪਤ ਹੋ ਗਏ। ਹੇਠਲੇ ਵਰਗ ਨਾਲ ਨੇੜਤਾ ਬਣਨ ਲੱਗੀ। ਉਨ੍ਹਾਂ ਦੀ ਰੋਜਮਰਾ ਦੀ ਜਿੰਦਗੀ ਵਿੱਚ ਸੁਧਾਰ ਆਇਆ। ਉਨ੍ਹਾਂ ਨੂੰ ਰੁਜਗਾਰ ਮਿਲਣ ਲੱਗਿਆ। ਕੌਮਾਂਤਰੀ ਵਿਕਾਸ ਹੋਣ ਲੱਗਿਆ। ਲੋੜਵੰਦਾਂ ਦੀ ਮਦਦ ਕਰਨ ਦੀ ਭਾਵਨਾ ਜਾਗੀ। ਇਸ ਤਰਾਂ ਸਮਾਜਿਕ , ਰਾਜਨੀਤਿਕ, ਸਭਿਆਚਾਰਕ ਧਾਰਮਿਕ ਲਹਿਰਾਂ ਵੀ ਭਗਤੀ ਲਹਿਰ ਨਾਲ ਆਣ ਜੁੜੀਆਂ। ਸੰਗਤੀ ਸਭਿਆਚਾਰ,ਕਲਾ ਦੇ ਖੇਤਰ ਪ੍ਰਫੂਲਿਤ ਹੋਣ ਲੱਗੇ। ਲੋਕਾਂ ਵਿੱਚ ਬਰਾਬਰਤਾ ਆਈ। ਲੋਕ ਇਹ ਦੂਜੇ ਦੇ ਉਸਾਰੂ ਰੀਤ ਰਿਵਾਜਾਂ ਵਿੱਚ ਸ਼ਾਮਲ ਹੋਣ ਲੱਗੇ।

ਪੰਦਰਵੀਂ ਸਦੀ ਵਿੱਚ ਭਗਤੀ ਲਹਿਰ ਵਿੱਚ ਇਕ ਵੱਖਰਾ ਅਤੇ ਨਵਾਂ ਇਨਕਲਾਬ ਆਇਆ ਕਿ ਗੁਰੂ ਨਾਨਕ ਦੇਵ ਜੀ (1469) ਦਾ ਆਗਮਨ ਹੋਇਆ। ਉਹ ਸਿੱਖ ਲਹਿਰ ਦੇ ਮੋਢੀ ਵਿਚਾਰਧਾਰਕ ਆਗੂ ਹਨ। ਉਹਨਾਂ ਨੇ ਪਰਮਾਤਮਾ ਦੀ ਹੋਂਦ ਨੂੰ ਸਪਸ਼ਟ ਕੀਤਾ ਕਿ ਪਰਮਾਤਮਾ ਸਰਬਵਿਆਪਕ ਹੈ, ਉਹ ਹੀ ਸ੍ਰਿਸ਼ਟੀ ਨੂੰ ਚਲਾਉਂਦਾ ਹੈ। ਲੱਖਾਂ ਹੀ ਦੇਵੀ ਦੇਵਤੇ ਉਸਦੇ ਦਰ ਦੀ ਸ਼ੋਭਾ ਗਾਉਂਦੇ ਹਨ। ਹੇ ਅਕਾਲ ਪੁਰਖ! ਦੇਵੀਆ ਸ਼ਿਵ ਤੇ ਬ੍ਰਹਮਾ , ਜੋ ਤੇਰੇ ਸੰਵਾਰੇ ਹੋਏ ਹਨ, ਤੈਨੂੰ ਗਾ ਰਹੇ ਹਨ। ਕਈ ਇੰਦਰ ਆਪਣੇ ਤਖ਼ਤ 'ਤੇ ਬੈਠੇ ਹੋਏ ਦੇਵਤਿਆਂ ਸਮੇਤ ਤੇਰੇ ਦਰ 'ਤੇ ਤੈਨੂੰ ਸਲਾਹ ਰਹੇ ਹਨ।

ਭਗਤੀ ਦੇ ਰਾਹ 'ਤੇ ਤੁਰਨ ਦਾ ਉਪਦੇਸ਼ ਹੈ ਕਿ ਹੇ ਭਾਈ! ਜਿਵੇਂ ਕਿਸੇ ਮਨੁੱਖ ਦੇ ਘਰ ਵਿੱਚ ਉਸਦੀ ਪਤੀਬ੍ਰਤਾ ਇਸਤਰੀ ਹੈ, ਜੋ ਪਿਆਰ ਭਾਵਨਾ ਨਾਲ ਆਪਣੇ ਪਤੀ ਦੀ ਸੇਵਾ ਕਰਨ ਦੀ ਬਹੁਤ ਤਾਂਘ ਕਰਦੀ ਹੈ। ਖੱਟੇ ਤੇ ਮਿੱਠੇ ਰਸ ਪਾ ਕੇ ਕਈ ਸਵਾਦਲੀਆਂ ਭਾਜ਼ੀਆਂ ਪਤੀ ਵਾਸਤੇ ਬਣਾਉਂਦੀ ਰਹਿੰਦੀ ਹੈ। ਇਸੇ ਤਰਾਂ ਪਰਮਾਤਮਾ ਦੇ ਭਗਤ ਪਰਮਾਤਮਾ ਦੇ ਨਾਮ ਵਿੱਚ ਚਿੱਤ ਜੋੜ ਕੇ ਸਤਿਗੁਰੂ ਦੀ ਬਾਣੀ ਦੀ ਰਾਹੀਂ ਪਰਮਾਤਮਾ ਦੀ ਸਿਫਤ ਸਲਾਹ ਕਰਦੇ ਰਹਿੰਦੇ ਹਨ। ਉਨ੍ਹਾਂ ਭਗਤਾਂ ਨੇ ਆਪਣਾ ਮਨ ਆਪਣਾ ਤਨ, ਆਪਣਾ ਧਨ ਸਭ ਕੁਝ ਗੁਰੂ ਦੇ ਅੱਗੇ ਲਿਆ ਰਖਿਆ ਹੁੰਦਾ ਹੈ। ਉਹਨਾਂ ਨੇ ਆਪਣਾ ਸਿਰ ਗੁਰੂ ਅੱਗੇ ਵੇਚ ਦਿੱਤਾ ਹੁੰਦਾ ਹੈ। ਹੇ ਭਾਈ! ਪਰਮਾਤਮਾ ਨੂੰ ਤਾਂ ਕਿਸੇ ਚੀਜ਼ ਦੀ ਕੋਈ ਮਥਾਜੀ ਲੋੜ ਨਹੀਂ ਹੈ। ਫਿਰ ਉਹ ਕਿਹੜੀ ਚੀਜ਼ ਖਾ ਕੇ ਖੁਸ਼ ਹੁੰਦਾ ਹੈ? ਜਿਹੜਾ ਮਨੁੱਖ ਗੁਰੂ ਜੀ ਦੀ ਰਜ਼ਾ ਵਿੱਚ ਜੀਵਨ ਤੋਰ ਤੁਰਦਾ ਹੈ ਅਤੇ ਪਰਮਾਤਮਾ ਦੇ ਗੁਣ ਗਾਉਂਦਾ ਰਹਿੰਦਾ ਹੈ। ਉਸ ਉੱਤੇ ਪਰਮਾਤਮਾ ਪ੍ਰਸੰਨ ਹੁੰਦਾ ਹੈ। ਹੇ ਨਾਨਕ! ਇਸ ਵਿਕਾਰਾਂ ਭਰੇ ਸੰਸਾਰ ਵਿੱਚ ਉਹ ਮਨੁੱਖ ਸੋਭਾ ਖੱਟਦੇ ਹਨ, ਜਿਹੜੇ ਗੁਰੂ ਦੀ ਮਰਜ਼ੀ ਅਨੁਸਾਰ ਜੀਵਨ ਰਾਹ ਤੇ ਤੁਰਦੇ ਹਨ।

ਮਨੁੱਖ ਦੀ ਮਰਯਾਦਾ ਕਿਹੋ ਜਿਹੀ ਹੋਣੀ ਚਾਹੀਦੀ ਹੈ। ਜੋ ਮਨੁੱਖ ਸਤਿਗੁਰ ਦਾ ਸੱਚਾ ਸਿੱਖ ਅਖਵਾਉਂਦਾ ਹੈ। ਭਾਵ ਜਿਸ ਨੂੰ ਲੋਕ ਸੱਚਾ ਸਿੱਖ ਆਖਦੇ ਹਨ। ਉਹ ਰੋਜ਼ ਸਵੇਰੇ ਉੱਠ ਕੇ ਹਰਿ ਨਾਮ ਦਾ ਸਿਮਰਨ ਕਰਦਾ ਹੈ। ਹਰ ਰੋਜ਼ ਸਵੇਰੇ ਉੱਦਮ ਕਰਦਾ ਹੈ। ਇਸ਼ਨਾਨ ਕਰਦਾ ਹੈ ਤੇ ਫਿਰ ਨਾਮ ਰੂਪ ਅੰਮ੍ਰਿਤ ਦੇ ਸਰੋਵਰ ਵਿੱਚ ਟੁੱਭੀ ਲਾਉਂਦਾ ਹੈ। ਸਤਿਗੁਰੂ ਦੇ ਉਪਦੇਸ਼ ਦੁਆਰਾ ਪ੍ਰਭੂ ਦੇ ਨਾਮ ਦਾ ਜਾਪ ਜਪਦਾ ਹੈ ਤੇ ਇਸ ਤਰਾਂ ਉਸਦੇ ਸਾਰੇ ਪਾਪ ਵਿਕਾਰ ਲਹਿ ਜਾਂਦੇ ਹਨ। ਫਿਰ ਦਿਨ ਚੜੇ ਸਤਿਗੁਰੂ ਦੀ ਬਾਣੀ ਦਾ ਕੀਰਤਨ ਕਰਦਾ ਹੈ ਤੇ ਦਿਹਾੜੀ ਬਹਿੰਦਿਆਂ ਉਠਦਿਆਂ ਭਾਵ ਕਾਰ ਕਿਰਤ ਕਰਦਿਆਂ ਪ੍ਰਭੂ ਨੂੰ ਹਰਦਮ ਯਾਦ ਕਰਦਾ ਹੈ।

ਮਰਯਾਦਾ ਤੋਂ ਅੱਗੇ ਕਰਮ ਦੀ ਵਿਆਖਿਆ ਹੈ ਕਿ ਹੇ ਨਾਨਕ! ਪੁੰਨੀ ਜਾਂ ਪਾਪ ਨਿਰਾ ਨਾਮ ਹੀ ਨਹੀਂ ਹੈ। ਭਾਵ ਨਿਰਾ ਕਹਿਣ ਮਾਤਰ ਨਹੀਂ ਹੈ। ਸੱਚ ਮੁੱਖ ਹੀ ਤੂੰ ਜਿਹੋ ਜਿਹੇ ਕਰਮ ਕਰੇਂਗਾ ਤਿਹੋ ਜਿਹੇ ਸੰਸਕਾਰ ਆਪਣੇ ਅੰਦਰ ਉੱਕਰ ਕੇ ਲੈ ਕੇ ਜਾਵੇਗਾ। ਜੋ ਕੁਝ ਤੂੰ ਬੀਜੇਗਾ, ਉਸਦਾ ਫਲ ਆਪ ਹੀ ਖਾਵੇਗਾ। ਆਪਣੇ ਬੀਜੇ ਅਨੁਸਾਰ ਅਕਾਲ ਪੁਰਖ ਦੇ ਹੁਕਮ ਵਿੱਚ ਜਨਮ ਮਰਨ ਦੇ ਗੇੜ ਵਿੱਚ ਪਿਆ ਰਹੇਗਾ ਜਾਂ ਅਕਾਲ ਪੁਰਖ ਦੀ ਰਜਾ ਵਿੱਚ ਤੁਰ ਕੇ ਆਪਣਾ ਜਨਮ ਸਫਲ ਕਰ ਲੈਂਦਾ ਹੈ। ਹਰੇਕ ਕਰਮ ਸਦਾਥਿਰ ਪ੍ਰਭੂ ਦਾ ਨਾਮ ਸਿਮਰਨ ਦੇ ਹੇਠਾਂ ਹੈ। ਸਿਮਰਨ ਰੂਪ ਕਰਮ ਸਭ ਕਰਮਾਂ ਧਰਮਾਂ ਤੋਂ ਸ੍ਰੇਸ਼ਟ ਹੈ। ਸੱਚਾ ਆਚਰਣ ਸਮੂਹ ਤੋਂ ਉੱਚਾ ਹੈ। ਭੇਖੀ ਬਣਕੇ ਫਿਰਨ ਨਾਲੋਂ ਗ੍ਰਹਿਸਥ ਚੰਗਾ ਹੈ : ਗੁਰੂ ਨੂੰ ਮਿਲਿਆ ਹੀ ਮਨੁੱਖ ਦੇ ਮਨ ਦੀ ਭੁੱਖ ਦੂਰ ਹੋ ਸਕਦੀ ਹੈ। ਭੇਖਾਂ ਨਾਲ ਤ੍ਰਿਸ਼ਨਾ ਨਹੀਂ ਜਾਂਦੀ। ਭੇਖੀ ਸਾਧੂ ਤ੍ਰਿਸ਼ਨਾ ਦੇ ਦੁੱਖ ਵਿੱਚ ਕਲਪਤਾ ਹੈ। ਘਰ ਘਰ ਭਟਕਦਾ ਫਿਰਦਾ ਹੈ। ਤੇ ਪ੍ਰਲੋਚ ਵਿੱਚ ਇਸ ਨਾਲੋਂ ਵੀ ਵਧੀਕ ਸਜ਼ਾ ਭੁਗਤਦਾ ਹੈ। ਭੇਖੀ ਸਾਧੂ ਦੇ ਮਨ ਵਿੱਚ ਸ਼ਾਂਤੀ ਨਹੀਂ ਆਉਂਦੀ। ਜਿਸ ਸ਼ਾਂਤੀ ਦੀ ਬਰਕਤ ਨਾਲ ਉਹ ਜੋ ਕੁਝ ਉਸ ਨੂੰ ਕਿਸੇ ਪਾਸੋਂ ਮਿਲੇ, ਲੈ ਕੇ ਖਾ ਲਵੇ ਭਾਵ ਤ੍ਰਿਪਤ ਹੋ ਜਾਏ ਪਰ ਮਨ ਦੇ ਹਠ ਦੇ ਆਸਰੇ ਭਿੱਖਿਆ ਮੰਗਿਆ ਦੋਹੀਂ ਧਿਰੀ ਕਲੇਸ਼ ਪੈਦਾ ਕਰਕੇ ਹੀ ਭਿੱਖਿਆ ਲਈਦੀ ਹੈ। ਏਸ ਭੇਖ਼ ਨਾਲੋਂ ਗ੍ਰਹਿਸਥ ਚੰਗਾ ਹੈ ਕਿਉਂਕਿ ਇਥੋਂ ਮਨੁੱਖ ਆਪਣੀ ਆਸ ਪੂਰੀ ਕਰ ਸਕਦਾ ਹੈ। ਜੋ ਮਨੁੱਖ ਗੁਰੂ ਦੇ ਸ਼ਬਦ ਵਿੱਚ ਰੱਤੇ ਜਾਂਦੇ ਹਨ, ਉਹਨਾਂ ਨੂੰ ਉੱਚੀ ਸੂਝ ਪ੍ਰਾਪਤ ਹੁੰਦੀ ਹੈ ਪਰ ਜੋ ਮਨੁੱਖ ਮਾਇਆ ਵਿੱਚ ਫਸੇ ਰਹਿੰਦੇ ਹਨ, ਉਹ ਭਟਕਦੇ ਹਨ। ਇਸ ਬਾਰੇ ਕਿ ਕੋਈ ਚੰਗੇ ਰਾਹ ਪਿਆ ਹੈ ਤੇ ਕੋਈ ਮੰਦੇ ਪਾਸੇ। ਕੁਝ ਆਖਿਆ ਨਹੀਂ ਜਾ ਸਕਦਾ। ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਹੀ ਕਾਰ ਕਮਾਉਣੀ ਪੈਂਦੀ ਹੈ। ਹੇ ਨਾਨਕ! ਜੋ ਜੀਵ ਉਸ ਪ੍ਰਭੂ ਨੂੰ ਪਿਆਰੇ ਲੱਗਦੇ ਹਨ, ਉਹੀ ਚੰਗੇ ਹਨ ਕਿਉਂਕਿ ਹੇ ਪ੍ਰਭੂ ਤੂੰ ਉਹਨਾਂ ਦੀ ਇੱਜਤ ਥਾਇ ਪਾਉਂਦਾ ਹੈ ਭਾਵ ਲਾਜ਼ ਰੱਖਦਾ ਹੈ।

(ਬਾਕੀ ਸਫ਼ਾ 31 'ਤੇ)



# ਪੁਸਤਕ ਸਮੀਖਿਆ

## ਪੁਸਤਕ :- ਰਾਣੀ ਰੂਪਮਤੀ ਤੇ ਬਾਜ਼ ਬਹਾਦਰ (ਸੱਚੀ ਪ੍ਰੇਮ ਕਹਾਣੀ)
## ਲੇਖਕ :- ਗਿਆਨੀ ਮੁਖਤਿਆਰ ਸਿੰਘ ਵੰਗੜ

**ਛਾਪਕ :- ਦੀ ਪ੍ਰਿੰਟ ਐਕਸਲ ਸੁਮੀਤ, ਨੇੜੇ ਕੰਮਿਆਣਾ ਚੌਕ, ਫ਼ਰੀਦਕੋਟ (ਪੰਜਾਬ)**
**ਸਫ਼ੇ :- 26 ਮੁੱਲ :-100**




ਸਾਡੇ ਦੇਸ਼ ਦੀ ਧਰਤੀ ਤੇ ਅਨੇਕਾਂ ਸੂਰਮਿਆਂ , ਰਾਜਿਆਂ-ਮਹਾਰਾਜਿਆਂ , ਗੁਰੂਆਂ, ਪੀਰਾਂ ਪੈਗੰਬਰਾਂ ,ਦੇਵੀ ਦੇਵਤਿਆਂ ਨੇ ਜਨਮ ਲਿਆਂ । ਅੱਜ ਉਨ੍ਹਾਂ ਦਾ ਨਾਂਅ , ਇਤਿਹਾਸ ਦੇ ਸੁਨਹਿਰੀ ਅੱਖਰਾਂ 'ਚ ਲਿਖਿਆ ਮਿਲਦਾ ਹੈ । ਇਸ ਤੋਂ ਇਲਾਵਾ , ਸਾਡੇ ਦੇਸ਼ ਦੇ ਇਤਿਹਾਸਕ ਪੰਨਿਆਂ ਉਪਰ, ਕੁਝ ਇਸ਼ਕ ਮਜਾਜ਼ੀ, ਪ੍ਰੇਮੀਆਂ ਦਾ ਨਾਂ ਵੀ ਬੋਲਦਾ ਹੈ ।ਜਿਨ੍ਹਾਂ ਆਪਣੀ ਮੁਹੱਬਤ ਖਾਤਿਰ, ਮੱਝੀਆਂ ਚਾਰੀਆਂ, ਨਹਿਰਾਂ ਚੀਰੀਆਂ, ਆਪਣੇ ਰਾਜ ਮਹਿਲ ਛੱਡ ਕੰਨੀ ਮੁੰਦਰਾਂ ਪਾ, ਫ਼ਕੀਰ ਹੋ ਗਏ ਤੇ ਬਹੁਤੇ ਝਨਾਵਾਂ 'ਚ, ਥਲਾਂ ਵਿੱਚ ਆਪਣੀਆਂ ਅਨਮੋਲ ਜਾਨਾਂ ਦੀ ਅਹੂਤੀ ਦੇ ਗਏ। ਜਿਵੇਂ :- ਹੀਰ- ਰਾਂਝਾਂ, ਸੱਸੀ-ਪੁੰਨੂੰ, ਮਿਰਜ਼ਾ - ਸਾਹਿਬਾ , ਸ੍ਰੀ-ਫਰਿਆਦ , ਲੈਲਾ-ਮਜਨੂੰ ਆਦਿ।

ਪਰ ਇੱਥੇ, ਇੱਕ ਗੱਲ ਕਰਨੀ ਬਣਦੀ ਹੈ, ਇਹ ਸਭ ਦਾ ਨਾਂ , ਹਿੰਦੀ , ਪੰਜਾਬੀ ਤੇ ਹੋਰ ਕਈ ਭਾਸ਼ਾਵਾਂ ਦੇ ਗੀਤਾਂ, ਫਿਲਮਾਂ, ਨਾਟਕਾਂ ਵਿੱਚ ਅਕਸਰ ਲਿਆ ਜਾਂਦਾ ਹੈ, ਪਰ ਕੁਝ ਅਜਿਹੇ ਪ੍ਰੇਮੀ ਵੀ ਹਨ , ਜਿਨ੍ਹਾਂ ਦਾ ਨਾਂ ਇਤਿਹਾਸ ਦੇ ਪੰਨਿਆਂ 'ਚ ਦਬਿਆ ਹੋਇਆ ਹੈ, ਸਭ ਲੇਖਕ ਗੀਤਕਾਰ ਤੇ ਫਿਲਮਾਂ, ਨਾਟਕਾਂ ਵਾਲੇ ਓਨਾਂ ਨੂੰ ਅੱਖੋਂ ਪਰੋਖੇ ਕਰੀ ਬੈਠੇ ਨੇ ।

ਮੈਂ ਅੱਜ ਅਜਿਹੀ ਹੀ ਇੱਕ ਕਿਤਾਬ ਦਾ ਜ਼ਿਕਰ ਕਰਨ ਜਾ ਰਿਹਾ ਹਾਂ । ਜਿਸ ਨੂੰ ਮੂਲ ਰੂਪ ਪੰਜਾਬੀ ਦੇ ਲੇਖਕ ਗਿਆਨੀ ਮੁਖਤਿਆਰ ਸਿੰਘ ਵੰਗੜ ਨੇ ਦਿੱਤਾ । ਜਿਸ ਦਾ ਨਾਮ ਹੈ , ਰਾਣੀ ਰੂਪਮਤੀ ਤੇ ਬਾਜ਼ ਬਹਾਦਰ ਦੀ ਸੱਚੀ ਪ੍ਰੇਮ ਕਹਾਣੀ ।

**ਦਰਦੀ ਫ਼ਰੀਦਕੋਟੀਆ**
**9855155392**

ਲੇਖਕ ਗਿਆਨੀ ਮੁਖਤਿਆਰ ਸਿੰਘ ਵੰਗੜ ਨੇ, ਇਸ ਸੱਚੀ ਪ੍ਰੇਮ ਕਹਾਣੀ ਲਈ, ਇਤਿਹਾਸਕ ਪੰਨਿਆਂ ਨੂੰ ਫਰੋਲਿਆਂ ਤੇ ਰਾਣੀ ਰੂਪਮਤੀ ਤੇ ਬਾਜ਼ ਬਹਾਦਰ ਦੀ ਦਾਸਤਾਂ ਨੂੰ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ।

ਇਹ ਸੱਚੀ ਪ੍ਰੇਮ ਕਹਾਣੀ ਸੰਨ 1561 ਈਸਵੀਂ 'ਮੱਧ ਪ੍ਰਦੇਸ਼' ਦੇ ਮਾਲਵਾ ਜੋਨ ਵਿੱਚ ਪੈਂਦੇ, 'ਮਾਂਡੂ ਕਿਲ੍ਹੇ' ਦੀ ਹੈ । ਜੋ ਅੱਜਕੱਲ ਖੰਡਰ ਬਣ ਚੁੱਕੇ ਹਨ । ਇਹ 'ਮਾਂਡੂ ਕਿਲ੍ਹਾ' , 'ਇੰਦੌਰ' ਤੋਂ ਤਕਰੀਬਨ 92 ਕਿਲੋਮੀਟਰ ਦੀ ਦੂਰੀ ਤੇ ਮਨਮੋਹਕ ਸੁੰਦਰ ਵਾਦੀਆਂ ਦੀ ਗੋਦ ਵਿੱਚ ਸਥਿਤ ਹੈ । ਲੋਕ , ਇਸਨੂੰ 'ਮਾਂਡੂ ਹਿਲਜ' ਵੀ ਕਹਿੰਦੇ ਹਨ ।ਇਹ 'ਵਿੰਧੀਆਚਲ' ਦੀ ਰੇਂਜ ਵੀ ਪੈਂਦਾ ਹੈ ।ਇਸ ਦਾ ਸਫ਼ਰ ਕਾਰ , ਟੈਕਸੀ, ਬੱਸ ਦੁਆਰਾ, ਆਸਾਨੀ ਨਾਲ ਤਹਿ ਕੀਤਾ ਜਾ ਸਕਦਾ ਹੈ।

ਇਸ ਕਿਲ੍ਹੇ ਨੂੰ 1261 ਈਸਵੀਂ ਵਿੱਚ ਪਾਰਾਮਾਰਾ ਰਾਜਿਆਂ ਨੇ ਬਣਾਇਆ ਸੀ। ਇਸ ਦਾ ਨਾਮ 'ਮੰਡਪਾ ਦੁਰਗਾ' ਦਿੱਤਾ ਗਿਆ ਸੀ ਪਰ ਫਿਰ ਇਸਦਾ ਛੋਟਾ ਨਾਂਅ 'ਮਾਂਡੂ' ਰੱਖ ਦਿੱਤਾ ਗਿਆ। ਇਸ ਕਿਲ੍ਹੇ 'ਤੇ ਕਈ ਰਾਜਿਆਂ ਨੇ ਰਾਜ ਕੀਤਾ ।1542 ਈਸਵੀਂ ਵਿੱਚ 'ਸ਼ੇਰਸ਼ਾਹ ਸੂਰੀ' ਨੇ 'ਮਾਂਡੂ ਕਿਲ੍ਹੇ' ਨੂੰ ਫਤਿਹ ਕੀਤਾ ਤੇ 'ਸੁਜਾ ਖਾਨ' ਨੂੰ 'ਮਾਂਡੂ' ਦਾ ਗਵਰਨਰ ਥਾਪ ਦਿੱਤਾ । ਕੁਝ ਚਿਰ ਰਾਜ ਕਰਨ ਮਗਰੋਂ , 'ਸੁਜਾ ਖਾਨ' ਦੀ ਮੌਤ ਹੋ ਗਈ ਤੇ ਫਿਰ ਗੱਦੀ, ਏਨ੍ਹਾਂ ਦੇ ਬੇਟੇ 'ਬਾਜ਼ ਬਹਾਦਰ' ਨੇ ਸੰਭਾਲ ਲਈ, ਜੋ ਕਿ ਇੱਕ ਸੰਗੀਤ ਪ੍ਰੇਮੀ ਸੀ । ਉਹ ਲੜਾਈ ਝਗੜੇ , ਖ਼ੂਨ ਖ਼ਰਾਬੇ ਤੋਂ ਦੂਰ ਰਹਿਣ ਪਸੰਦ ਕਰਦਾ ਸੀ ।

ਰਾਣੀ ਰੂਪਮਤੀ ਦਾ ਜਨਮ ਮਾਲਵੇ ਦੇ ਰਾਜਪੂਤ ਘਰਾਣੇ 'ਚ ਹੋਇਆ। ਓਹਨਾਂ ਦੀ ਛੋਟੀ ਜਿਹੀ ਰਿਆਸਤ ਸੀ। 'ਰਾਣੀ ਰੂਪਮਤੀ' ਦੇ ਜਨਮ ਤੋਂ ਪਹਿਲਾਂ ,ਓਨ੍ਹਾਂ ਦੀ ਰਿਆਸਤ ਵਿੱਚ ਸੋਕਾ ਪੈ ਗਿਆ। ਰਾਜੇ ਨੇ ਨਰਮਦਾ ਨਦੀ ਨੂੰ ਅਰਦਾਸ ਕੀਤੀ , ਜੇਕਰ ਉਹ ਸਾਡੀ ਰਿਆਸਤ ਵਿੱਚ ਮੀਂਹ ਪੁਆ ਦੇਵੇਂ, ਤਾਂ ਉਹ ਆਪਣੀ ਪਲੇਠੀ ਔਲਾਦ ਨੂੰ , ਉਸ ਦੀ ਭੇਂਟ ਚੜ੍ਹਾਵੇਗਾ ।ਉਸ ਤੋਂ ਬਾਅਦ ਪੂਰੀ ਬਾਰਸ਼ ਹੋਈ। ਰਾਜੇ ਦੇ ਘਰ ਬੇਟੀ ਨੇ ਜਨਮ ਲਿਆ ਤੇ ਰਾਜੇ ਨੇ ਉਸ ਨੂੰ ਇੱਕ ਪੰਘੂੜਾ ਬਣਾ ਕੇ , ਉਸ ਵਿੱਚ ਗਹਿਣੇ ਤੇ ਕੁਝ ਧੰਨ ਦੌਲਤ ਰੱਖ ਨਰਮਦਾ ਨਦੀ ਵਿੱਚ ਰੋੜ੍ਹ ਦਿੱਤਾ ਤੇ ਨਿਰਾਸ਼ ਮਨ ਲੈ ਵਾਪਸ ਆ ਗਿਆ ।

ਅੱਗੇ ਨਰਮਦਾ ਨਦੀ ਵਿੱਚ , ਧੰਨ ਸਿੰਘ ਰਾਜਪੂਤ ਇਸ਼ਨਾਨ ਕਰ ਰਿਹਾ ਸੀ। ਉਸ ਨੇ ਪੰਘੂੜੇ ਨੂੰ ਦੇਖਿਆ ਤੇ ਬਾਹਰ ਕੱਢ, ਘਰ ਲੈ ਗਿਆ ਤੇ ਰਾਣੀ ਰੂਪਮਤੀ ਦਾ ਪਾਲਣ ਪੋਸ਼ਣ ਕੀਤਾ ਤੇ ਉਹ ਜਵਾਨ ਹੋ ਗਈ । ਰਾਣੀ ਰੂਪਮਤੀ ਨੂੰ ਗੀਤ ਸੰਗੀਤ ਦਾ ਸ਼ੌਕ ਸੀ। ਉਹ ਅਕਸਰ, ਆਪਣੇ ਬਾਗ ਵਿੱਚ ਗੀਤ ਗੁਣ ਗੁਣਾਇਆ ਕਰਦੀ । ਇੱਕ ਦਿਨ ਬਾਜ਼ ਬਹਾਦਰ ਓਧਰ ਦੀ ਲੰਘ ਰਿਹਾ ਸੀ , ਤਾਂ ਉਸ ਨੇ ਗੀਤ ਸੁਣਿਆ ਅਤੇ ਰਾਣੀ ਰੂਪਮਤੀ ਦੀ ਸੁੰਦਰਤਾ ਤੇ ਆਵਾਜ਼ ਤੇ ਮੋਹਿਤ ਹੋ ਗਿਆ। ਬਾਜ਼ ਬਹਾਦਰ ਨੇ ਆਪਣੇ ਵਿਆਹ ਦਾ ਪ੍ਰਸਤਾਵ ਰੱਖ ਦਿੱਤਾ । ਰਾਣੀ ਨੇ ਆਪਣੀ ਸ਼ਰਤ ਰੱਖ ਦਿੱਤੀ , ਜੇਕਰ ਓਹ ਨਰਮਦਾ ਨਦੀ ਦਾ ਪਾਣੀ ਆਪਣੇ ਮਹੱਲ ਵੱਲ ਲੈ ਜਾਵੇ, ਓਹ ਉਸ ਨਾਲ ਵਿਆਹ ਕਰ ਲਵੇਗੀ । ਬਾਜ਼ ਬਹਾਦਰ ਨਰਮਦਾ ਨਦੀ ਕੋਲ ਪਹੁੰਚ ਗਿਆ ਤੇ ਇੱਕ ਟੱਕ ਲਾਇਆ ਅਤੇ ਨਰਮਦਾ ਪ੍ਰਗਟ ਹੋ ਗਈ। ਉਸ ਨੇ ਬਾਜ਼ ਬਹਾਦਰ ਨੂੰ ਕਿਹਾ, ਮੈਂ ਤੇਰੇ ਮਹੱਲ ਵਿੱਚ ,ਇੱਕ ਦਰੱਖਤ ਹੇਠਾਂ ਵਹਿ ਰਹੀ ਹਾਂ, ਤੁਸੀਂ ਓਥੇ ਖੁਦਵਾਈ ਕਰਾਓ, ਮੈਂ ਮਿਲ ਜਾਵਾਂਗੀ , ਬਾਜ਼ ਬਹਾਦਰ ਨੇ ਓਸੇ ਤਰਾਂ ਕੀਤਾ । ਇਸ ਤੋਂ ਬਾਅਦ ਬਾਜ਼ ਬਹਾਦਰ ਤੇ ਰਾਣੀ ਰੂਪਮਤੀ ਦਾ ਵਿਆਹ ਹੋ ਗਿਆ । ਦੋਨੋਂ ਗੀਤ ਸੰਗੀਤ ਵਿੱਚ ਮਗਨ ਰਹਿਣ ਲੱਗੇ ਅਤੇ ਪਰਜਾ ਦੇ ਕੰਮ ਭੁੱਲ ਗਏ ।

ਉਸ ਸਮੇਂ ਦਿੱਲੀ ਸਿੰਘਾਸਣ ਤੇ ਸ਼ਹਿਨਸਾਹ ਅਕਬਰ ਦਾ ਰਾਜ ਸੀ । ਉਸ ਦੇ ਮਨ ਵਿੱਚ ਮਾਂਡੂ ਕਿਲ੍ਹੇ ਨੂੰ ਹਾਸਲ ਕਰਨ ਦੀ ਲਾਲਸਾ ਜਾਗੀ ਤੇ ਉਸ ਨੇ ਆਪਣੇ ਜਰਨੈਲ ਆਦਮ ਖਾਨ ਨੂੰ ਮਾਂਡੂ ਕਿਲ੍ਹੇ 'ਤੇ ਕਬਜ਼ਾ ਕਰਨ ਲਈ ਭੇਜਿਆ। ਉਹ ਇੱਕ ਜ਼ਾਲਮ ਤੇ ਅਯਾਸ਼ੀ ਕਿਸਮ ਦਾ ਆਦਮੀ ਸੀ। ਜਦੋਂ ਰਾਣੀ ਨੂੰ ਹਮਲੇ ਦਾ ਪਤਾ ਲੱਗਿਆ ਤਾਂ ਉਸ ਨੇ ਬਾਜ਼ ਬਹਾਦਰ ਨੂੰ ਕਿਲ੍ਹੇ ਦੇ ਪਿਛਲੇ ਦਰਵਾਜੇ ਭਜਾ ਦਿੱਤਾ ਤੇ ਆਪ ਜ਼ਹਿਰ ਖਾ ਜਾਨ ਦੇ ਦਿੱਤੀ ਅਤੇ ਆਦਮ ਖਾਨ ਹੱਥ ਰਾਣੀ ਰੂਪਮਤੀ ਦੀ ਲਾਸ਼ ਆਈ । ਪਰ ਉਸ ਤੋਂ ਬਾਅਦ ਬਾਜ਼ ਬਹਾਦਰ ਦਾ ਕੋਈ ਪਤਾ ਨਹੀਂ ਲੱਗਿਆ । ਉਸ ਦਾ ਇਤਿਹਾਸ , ਇਤਿਹਾਸਕ ਪੰਨਿਆਂ ਵਿੱਚ ਗੁੰਮ ਹੋ ਗਿਆ ।ਇਸ ਸੱਚੀ ਪ੍ਰੇਮ ਕਹਾਣੀ 'ਤੇ ਗਿਆਨੀ ਮੁਖਤਿਆਰ ਸਿੰਘ ਵੰਗੜ ਨੇ ਖੋਜ਼ ਕੀਤੀ ਤੇ ਇਤਿਹਾਸ ਨੂੰ ਫਰੋਲਿਆ । ਇਸ ਕਿਤਾਬ ਵਿੱਚ ਉਸ ਨੇ ਇਤਿਹਾਸਕ ਤੱਥਾਂ ਦਾ ਜ਼ਿਕਰ ਕੀਤਾ । ਇਸੇ ਕਿਤਾਬ ਵਿੱਚ ,ਉਸ ਨੇ ਅਨਾਰਕਲੀ ਤੇ ਸ਼ਹਿਜ਼ਾਦੇ ਸਲੀਮ ਦੀ ਕਹਾਣੀ ਨੂੰ ਨਕਾਰਿਆ ਹੈ । ਸੰਨ 1959 ਵਿੱਚ ਹਿੰਦੀ ਸਿਨੇਮਾ ਵੱਲੋਂ ਰਾਣੀ ਰੂਪਮਤੀ ਫਿਲਮ ਬਣਾਈ ਗਈ। ਜਿਸ ਵਿੱਚ ਅਦਾਕਾਰ ਵਜੋਂ ਨਿਰੂਪਾ ਰਾਏ ਤੇ ਭਾਰਤ ਭੂਸ਼ਣ ਨੇ ਭੂਮਿਕਾ ਨਿਭਾਈ। ਹਿੰਦੀ ਦੀ ਪ੍ਰਸਿੱਧ ਗਾਇਕਾ ਲਤਾ ਮੰਗੇਸ਼ਕਰ ਨੇ ਗੀਤਕਾਰ ਭਰਤ ਵਿਆਸ ਦੇ ਲਿਖੇ ਗੀਤ ਗਾਏ । ਜਿਸ ਵਿੱਚ ਸੰਗੀਤ ਸੰਗੀਤਕਾਰ ਐਸ.ਐਨ ਤ੍ਰਿਪਾਠੀ ਨੇ ਦਿੱਤਾ ।

ਪੁਸਤਕ ਸਮੀਖਿਆ

# ਆਜ਼ਾਦੀ ਦੇ ਪਰਵਾਨੇ




**ਲੇਖਕ: ਕ੍ਰਿਪਾਲ ਸਿੰਘ ਸੰਧੂ**
**ਪ੍ਰਕਾਸ਼ਕ: ਕੈਫੇ ਵਰਲਡ ਵੱਲੋਂ 'ਅੱਪੂ ਆਰਟ ਪ੍ਰੈਸ਼, ਸ਼ਾਹਕੋਟ' ਰਾਹੀ ਪ੍ਰਕਾਸ਼ਿਤ**
**ਪੰਨੇ: 168 ਅਤੇ ਹੋਰ ਤਸਵੀਰਾਂ ਵਾਲੇ ਪੰਨੇ**
**ਸਮੀਖਿਆਕਾਰ: ਕੁਲਵੰਤ ਉੱਭੀ ਧਾਲੀਆਂ**



ਜਦ ਭਾਰਤ ਦੇ ਇਤਿਹਾਸਕ ਪਿਛੋਕੜ 'ਤੇ ਨਿਗਾਹ ਮਾਰਦੇ ਹਾਂ ਤਾਂ ਇਹ ਗੱਲ ਸਾਫ ਸਾਹਮਣੇ ਆਉਂਦੀ ਹੈ ਕਿ ਭਾਰਤ ਲੰਮਾ ਸਮਾਂ ਗੁਲਾਮ ਰਿਹਾ ਹੈ। ਜਿਸ ਦਾ ਸੰਤਾਪ ਸਮੂੰਹ ਭਾਰਤ ਵਾਸੀਆਂ ਨੇ ਆਪਣੇ ਪਿੰਡੇ 'ਤੇ ਹੰਢਾਇਆ ਹੈ। ਇਸ ਗੁਲਾਮੀ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਸਮੁੱਚੇ ਭਾਰਤ ਨੇ ਆਪਣਾ ਯੋਗਦਾਨ ਪਾਇਆ। ਜਿਸ ਸੰਬੰਧੀ ਵੱਖ-ਵੱਖ ਇਤਿਹਾਸਕਾਰਾਂ ਨੇ ਆਪਣੀਆਂ ਲਿਖਤਾਂ ਰਾਹੀਂ ਸਾਂਝ ਵੀ ਪਾਈ ਹੈ। ਉਨ੍ਹਾਂ ਹੀ ਇਤਿਹਾਸਕ ਪੁਸਤਕਾਂ ਦੀ ਲੜੀ ਵਿੱਚ ਹਾਲ ਹੀ ਵਿੱਚ ਇੱਕ ਨਵੀਂ ਪੁਸਤਕ ਆਜ਼ਾਦੀ ਦੇ ਪਰਵਾਨੇ ਸ਼ਾਮਲ ਹੋਈ ਹੈ। ਇਸ ਪੁਸਤਕ ਦੀ ਬਾਕੀ ਪੁਸਤਕਾਂ ਨਾਲੋਂ ਇਹ ਵਖਰੇਵਾ ਹੈ ਕਿ ਲੇਖਕ ਸ. ਕ੍ਰਿਪਾਲ ਸਿੰਘ ਸੰਧੂ ਆਪ ਖੁਦ ਸ਼ਹੀਦਾਂ ਦੇ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਖਾਸ ਤੌਰ 'ਤੇ ਰਿਸ਼ਤੇਦਾਰੀ ਵਜੋ ਇੰਨ੍ਹਾਂ ਦੇ ਪਰਿਵਾਰ ਦਾ ਸੰਬੰਧ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਨਾਲ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਆਪਣੀ ਸਹਿਕਾਰੀ ਵਿਭਾਗ ਵਿੱਚ ਨੌਕਰੀ ਦੌਰਾਨ ਭਾਰਤੀ ਸਿਸਟਮ ਅਤੇ ਆਜ਼ਾਦੀ ਤੋਂ ਬਾਅਦ ਦੀ ਆਪਸੀ ਅੰਦਰੂਨੀ ਸਮਾਜਿਕ ਨੌਕਰਸ਼ਾਹੀ, ਭਰਿਸਟ, ਲੋਕਾਂ ਦੇ ਸ਼ੋਸ਼ਣ ਵਾਲੀ ਗੁਲਾਮ ਸੋਚ ਅਤੇ ਅਜ਼ਾਦੀ ਤੋਂ ਬਾਅਦ ਦੀ ਭਾਰਤ ਵਿਚਲੀ ਅੰਦਰੂੰਨੀ ਆਪਣਿਆ ਦੀ ਗੁਲਾਮੀ ਨੂੰ ਵੀ ਵੇਖਿਆ ਅਤੇ ਹੰਢਾਇਆ ਹੈ। ਇਸ ਤੋਂ ਇਲਾਵਾ ਸਮੂੰਹ ਸ਼ਹੀਦਾਂ ਦੀ ਯਾਦ ਵਿੱਚ ਬਣੇ ਦੇਸ਼ ਭਗਤ ਯਾਦਗਰ ਜਲੰਧਰ ਵਿੱਚ ਲੱਗੀਆਂ ਸ਼ਹੀਦਾਂ ਦੀਆਂ ਤਸਵੀਰਾਂ ਅਤੇ ਸ਼ਹੀਦਾਂ ਦੇ ਸਿਰੜੀ ਇਤਿਹਾਸ ਨੇ ਲੇਖਕ ਨੂੰ ਇਸ ਪਾਸੇ ਵੱਲ ਪ੍ਰੇਰਿਆ ਹੈ। ਸ. ਕ੍ਰਿਪਾਲ ਸਿੰਘ ਸੰਧੂ ਨੇ ਆਪਣੀ ਬਹੁਤੀ ਜ਼ਿੰਦਗੀ ਪੰਜਾਬ ਵਿੱਚ ਬਿਤਾਈ ਅਤੇ ਅੱਜਕਲ ਫਰਿਜ਼ਨੋ, ਕੈਲੇਫੋਰਨੀਆਂ ਵਿੱਚ ਰਹਿ ਰਹੇ ਹਨ। ਇੱਥੋਂ ਦੀ ਸਥਾਨਿਕ ਗਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਸੰਸਥਾ ਨਾਲ ਜੁੜੇ ਹੋਣ ਕਰਕੇ ਸਮੇਂ-ਸਮੇਂ ਸਥਾਨਿਕ ਅਖਬਾਰਾਂ ਲਈ ਲੇਖ ਲਿਖਦੇ ਰਹੇ ਹਨ। ਉਨ੍ਹਾਂ ਹੀ ਲੇਖਾਂ ਨੂੰ ਸੰਗਠਿਤ ਕਰਕੇ ਇਸ ਪੁਸਤਕ ਦਾ ਪ੍ਰਕਾਸ਼ਨ ਕੀਤਾ ਗਿਆ ਹੈ। ਉਨ੍ਹਾਂ ਦੇ ਲਿਖੇ ਸਾਰੇ ਹੀ 30 ਦੇ ਕਰੀਬ ਲੇਖ ਬਹੁਤ ਸਰਲ ਭਾਸ਼ਾ ਵਿੱਚ ਲਿਖੇ ਗਏ ਹਨ। ਜੋ ਹਰ ਪਾਠਕ ਨੂੰ ਆਪਣੇ ਨਾਲ ਜੋੜੇ ਰੱਖਣ ਦੀ ਇਕਸਾਰਤਾ ਰੱਖਦੇ ਹਨ। ਲੇਖਾਂ ਵਿੱਚ ਅਜ਼ਾਦੀ ਲਈ ਚੱਲ ਰਹੀਆਂ ਲਹਿਰਾਂ, ਅਜ਼ਾਦੀ ਦੇ ਸਮੁੱਚੇ ਸੰਘਰਸ਼ ਦਾ ਦੌਰ, ਗਦਰ ਲਹਿਰ ਅਤੇ ਗਦਰੀ ਬਾਬਿਆਂ ਦੀ ਗੱਲ ਹੁੰਦੀ ਹੈ। ਇਸ ਪੁਸਤਕ ਰਾਹੀਂ ਬਹੁਤ ਸਾਰੇ ਸ਼ਹੀਦਾਂ ਦੇ ਸੰਘਰਸ਼ ਵਾਲੇ ਜੀਵਨ ਅਤੇ ਉਨ੍ਹਾਂ ਦੇ ਪਰਿਵਾਰਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਸੇ ਤਰਾਂ ਸਿੱਖਾਂ ਦੇ ਬਹਾਦਰ ਸੂਰਬੀਰ ਯੋਧੇ ਬੰਦਾ ਸਿੰਘ ਬਹਾਦਰ ਦੇ ਜੀਵਨ, ਸਤਿਗੁਰੂ ਰਾਮ ਸਿੰਘ ਕੂਕਾ ਲਹਿਰ ਅਤੇ ਬੱਬਰ ਅਕਾਲੀ ਲਹਿਰ ਬਾਰੇ ਵੀ ਲਿਖਿਆ। ਇੰਨ੍ਹਾਂ ਲੇਖਾਂ ਵਿੱਚ ਜਿੱਥੇ ਬਹੁਤ ਸਾਰੇ ਅਜ਼ਾਦੀ ਦੇ ਪ੍ਰਵਾਨੇ ਸ਼ਹੀਦਾਂ ਦੇ ਜੀਵਨ ਬਾਰੇ ਲਿਖਿਆ ਗਿਆ ਹੈ, ਉੱਥੇ ਕਈ ਲੇਖਾਂ ਰਾਹੀਂ ਪਰਿਵਾਰਕ ਜ਼ਿੰਦਗੀ ਦੀਆਂ ਘਟਨਾਵਾਂ ਦਾ ਵੀ ਜ਼ਿਕਰ ਸਹਿਜੇ ਕੀਤਾ ਹੈ। ਇਸੇ ਤਰਾਂ ਇੰਨ੍ਹਾਂ ਦੇ ਲਿਖਤਾਂ ਵਿੱਚ ਸਮਾਜਿਕ ਹਾਲਾਤਾਂ ਦਾ ਜ਼ਿਕਰ ਅਤੇ ਉਸ ਸਮੇਂ ਦੀ ਨੌਕਰਸ਼ਾਹੀ ਦਾ ਪਤਾ ਲਗਦਾ ਹੈ। ਸਮੁੱਚੇ ਤੌਰ 'ਤੇ ਇਹ ਕਹਿ ਸਕਦੇ ਹਾਂ ਕਿ ਇਸ ਪੁਸਤਕ ਦਾ ਪ੍ਰਕਾਸ਼ਨ ਆਪਣੀ ਉਮਰ ਦੇ ਚੁਰੰਨਵੇ ਵਰਿਆ ਦੀ ਖੋਜ, ਲਿਆਕਤ ਅਤੇ ਲਿਖਣ ਪ੍ਰਤੀ ਤਜਰਬੇ ਦੀ ਚੰਗੀ ਦੇਣ ਹੈ। ਇਸ ਪੁਸਤਕ ਵਿੱਚਲੇ ਸਾਰੇ ਲੇਖ ਪੜਨਯੋਗ ਹਨ। ਜੋ ਸਮੇਂ ਅਤੇ ਹਾਲਾਤਾਂ ਵਿੱਚੋਂ ਗੁਜ਼ਰਨ ਵਾਲੀਆਂ ਘਟਨਾਵਾਂ ਨਾਲ ਜੁੜੇ ਹੋਏ ਹਨ। ਇਹ ਪੁਸਤਕ ਲੇਖਕ ਕ੍ਰਿਪਾਲ ਸਿੰਘ ਸੰਧੂ ਦੁਆਰਾ ਆਪਣੀ ਸਵ. ਮਾਤਾ ਪ੍ਰੀਤਮ ਕੌਰ ਦੀ ਨਿੱਘੀ ਯਾਦ ਨੂੰ ਸਮਰਪਿਤ ਕੀਤੀ ਗਈ ਹੈ। ਭਵਿੱਖ ਦੇ ਵਿੱਚ ਇਹ ਪੁਸਤਕ ਇਤਿਹਾਸਕ ਘਟਨਾਵਾਂ ਨਾਲ ਜੁੜੀ ਹੋਣ ਕਰਕੇ ਆਉਣ ਵਾਲੇ ਸਮੇਂ ਦੇ ਪਾਠਕਾਂ ਅਤੇ ਖੋਜਕਾਰੀਆਂ ਲਈ ਮਾਰਗ ਦਰਸ਼ਕ ਬਣੇਗੀ।



TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS

**FUEL CARDS**
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**YOU BREAK DOWN**
WE SHOW UP
24-HOUR ROADSIDE ASSISTANCE

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035




# ਕਿਵੇਂ ਕਰੀਏ ਨਵਜੰਮੇ ਬੱਚੇ ਦੀ ਦੇਖਭਾਲ ?

## 10 ਜ਼ਰੂਰੀ ਸੁਝਾਅ ਨਵਜੰਮੇ ਬੱਚੇ ਦੀ ਦੇਖਭਾਲ ਲਈ



ਲੰਬੇ ਇੰਤਜ਼ਾਰ ਤੋਂ ਬਾਅਦ ਜਦੋਂ ਤੁਹਾਡਾ ਛੋਟਾ ਬੱਚਾ ਤੁਹਾਡੀ ਗੋਦ ਵਿੱਚ ਆਉਂਦਾ ਹੈ, ਤਾਂ ਉਹ ਖੁਸ਼ੀ ਦੁਨੀਆਂ ਦੀਆਂ ਸਾਰੀਆਂ ਖੁਸ਼ੀਆਂ ਤੋਂ ਉੱਪਰ ਹੁੰਦੀ ਹੈ। ਉਸ ਦੀ ਮੁਸਕਰਾਹਟ, ਛੋਟਾ ਜਿਹਾ ਸਰੀਰ, ਉਸ ਦੇ ਬਾਰੇ ਸਭ ਕੁਝ ਤੁਹਾਡੇ ਮਨ ਨੂੰ ਖੁਸ਼ ਕਰਦਾ ਹੈ। ਤੁਸੀਂ ਉਸ ਦਾ ਸਵਾਗਤ ਕਰਨ ਲਈ ਬਹੁਤ ਉਤਸੁਕ ਹੋ, ਪਰ ਇਸ ਦੇ ਨਾਲ ਹੀ ਬੱਚੇ ਦੀ ਦੇਖਭਾਲ ਨਾਲ ਜੁੜੀਆਂ ਚਿੰਤਾਵਾਂ ਵੀ ਤੁਹਾਡੇ ਦਿਮਾਗ ਵਿੱਚ ਆਉਣ ਲੱਗਦੀਆਂ ਹਨ। ਬੱਚੇ ਨੂੰ ਕਿੰਨਾ ਦੁੱਧ ਪਿਲਾਉਣਾ ਹੈ, ਇਸ ਨੂੰ ਕਿਵੇਂ ਨਹਾਉਣਾ ਹੈ, ਕਿਵੇਂ ਚੁੱਕਣਾ ਹੈ, ਮਾਲਸ਼ ਕਿਵੇਂ ਕਰਨੀ ਹੈ ਆਦਿ ਦੇ ਮਨ ਵਿੱਚ ਆਉਣਾ ਲਾਜ਼ਮੀ ਹੈ। ਕੁਝ ਸਾਲਾਂ ਤੱਕ ਬੱਚੇ ਦੀ ਵਿਸ਼ੇਸ਼ ਦੇਖਭਾਲ ਦੀ ਲੋੜ ਹੁੰਦੀ ਹੈ ਅਤੇ ਮਾਪਿਆਂ ਨੂੰ ਇਸ ਸਬੰਧੀ ਜਾਣਕਾਰੀ ਹੋਣੀ ਜ਼ਰੂਰੀ ਹੈ। ਮੌਮ ਜੰਕਸ਼ਨ ’ਤੇ ਇਸ ਲੇਖ ਵਿੱਚ, ਅਸੀਂ ਨਵਜੰਮੇ ਬੱਚਿਆਂ ਦੀ ਦੇਖਭਾਲ ਦੇ ਕੁਝ ਪਹਿਲੂਆਂ ’ਤੇ ਰੌਸ਼ਨੀ ਪਾਉਂਦੇ ਹਾਂ ਜੋ ਤੁਹਾਡੀ ਮਦਦ ਕਰ ਸਕਦੇ ਹਨ।

**1. ਛਾਤੀ ਦਾ ਦੁੱਧ ਚੁੰਘਾਉਣਾ**

ਹਰ ਬੱਚਾ ਵੱਖਰਾ ਹੁੰਦਾ ਹੈ ਅਤੇ ਹਰ ਕਿਸੇ ਦੀਆਂ ਲੋੜਾਂ ਵੱਖਰੀਆਂ ਹੁੰਦੀਆਂ ਹਨ। ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਬੱਚਾ ਕਿੰਨਾ ਵੱਡਾ ਹੈ ਅਤੇ ਉਸ ਨੂੰ ਕਿੰਨੇ ਦੁੱਧ ਦੀ ਲੋੜ ਹੈ। ਕੁਝ ਦਿਨਾਂ ਦੇ ਬੱਚਿਆਂ ਨੂੰ ਹਰ ਇੱਕ ਤੋਂ ਤਿੰਨ ਘੰਟੇ ਵਿੱਚ ਦੁੱਧ ਪਿਲਾਉਣ ਦੀ ਲੋੜ ਹੁੰਦੀ ਹੈ। ਇਸ ਸਮੇਂ ਉਹ ਦੁੱਧ ਚੁੰਘਣਾ ਅਤੇ ਨਿਗਲਣਾ ਸਿੱਖਦਾ ਹੈ। ਬੱਚੇ ਨੂੰ ਵਾਰ-ਵਾਰ ਦੁੱਧ ਪਿਲਾ ਕੇ ਇਸ ਦਾ ਅਭਿਆਸ ਕੀਤਾ ਜਾਂਦਾ ਹੈ। ਇਸ ਦੇ ਨਾਲ-ਨਾਲ ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਹੈ, ਉਸ ਦਾ ਪੇਟ ਅਤੇ ਦੁੱਧ ਦੀ ਜ਼ਰੂਰਤ ਵੀ ਵਧਦੀ ਜਾਂਦੀ ਹੈ। ਕੁਝ ਹਫ਼ਤਿਆਂ ਜਾਂ ਮਹੀਨਿਆਂ ਲਈ ਬੱਚੇ ਨੂੰ ਹਰ ਚਾਰ ਤੋਂ ਪੰਜ ਘੰਟਿਆਂ ਬਾਅਦ ਦੁੱਧ ਪਿਲਾਉਣਾ ਜ਼ਰੂਰੀ ਹੈ। ਇਸ ਤੋਂ ਬਾਅਦ, ਜਦੋਂ ਬੱਚਾ ਛੇ ਮਹੀਨੇ ਦਾ ਹੋ ਜਾਂਦਾ ਹੈ, ਤੁਸੀਂ ਬੱਚੇ ਨੂੰ ਖੁਰਾਕ ਪਿਲਾਉਣਾ ਸ਼ੁਰੂ ਕਰ ਸਕਦੇ ਹੋ। ਛੇ ਮਹੀਨਿਆਂ ਤੋਂ ਦੋ ਸਾਲਾਂ ਦੇ ਵਿਚਕਾਰ, ਤੁਸੀਂ ਲੋੜ ਅਨੁਸਾਰ ਬੱਚੇ ਨੂੰ ਛਾਤੀ ਦਾ ਦੁੱਧ ਪਿਲਾ ਸਕਦੇ ਹੋ ਅਤੇ ਫਿਰ ਬੱਚੇ ਨੂੰ ਦੁੱਧ ਚੁੰਘਾਉਣ ਤੋਂ ਛੁਟਕਾਰਾ ਪਾਉਣ ਲਈ ਉਪਾਅ ਅਪਣਾ ਸਕਦੇ ਹੋ।

**2. ਡਕਾਰ ਦਿਵਾਉਣਾ**

ਜੇਕਰ ਬੱਚੇ ਨੂੰ ਦੁੱਧ ਪਿਲਾਉਣ ਤੋਂ ਬਾਅਦ ਠੀਕ ਤਰ੍ਹਾਂ ਨਾਲ ਡਕਾਰ ਨਹੀਂ ਦਿਵਾਇਆ ਜਾਂਦਾ ਹੈ, ਤਾਂ ਉਸ ਨੂੰ ਗੈਸ ਜਾਂ ਪੇਟ ਵਿੱਚ ਕੜਵੱਲ ਹੋ ਸਕਦੇ ਹਨ। ਇਸ ਨਾਲ ਪੇਟ ਵਿੱਚ ਦਰਦ ਹੋ ਸਕਦਾ ਹੈ। ਜੇਕਰ ਡਕਾਰ ਸਹੀ ਢੰਗ ਨਾਲ ਨਹੀਂ ਦਿਵਾਈ ਜਾਂਦੀ, ਤਾਂ ਬੱਚਾ ਮੂੰਹ ਵਿੱਚੋਂ ਦੁੱਧ ਥੁੱਕ ਸਕਦਾ ਹੈ। ਇਸ ਕਾਰਨ ਕਰਕੇ, ਬੱਚੇ ਨੂੰ ਸਹੀ ਢੰਗ ਨਾਲ ਡਕਾਰ ਦਿਵਾਉਣਾ ਜ਼ਰੂਰੀ ਹੈ. ਇਸ ਦੇ ਲਈ,



ਉਸ ਦੀ ਪਿੱਠ ਨੂੰ ਆਪਣੇ ਵੱਲ ਰੱਖੋ, ਉਸ ਨੂੰ ਆਪਣੇ ਗੋਡੇ ਉੱਤੇ ਬਿਠਾਓ ਅਤੇ ਉਸ ਦੇ ਸਿਰ ਨੂੰ ਸਾਹਮਣੇ ਤੋਂ ਫੜੋ। ਇਸ ਦੌਰਾਨ ਉਸ ਦੀ ਕਮਰ ਨੂੰ ਥੋੜ੍ਹਾ ਅੱਗੇ ਮੋੜੋ ਅਤੇ ਉਸ ਦੀ ਪਿੱਠ ’ਤੇ ਥਪਥਪਾਈ ਕਰੋ। ਇਹ ਸਥਿਤੀ ਉਸ ਦੇ ਪੇਟ ’ਤੇ ਦਬਾਅ ਪਾਵੇਗੀ ਅਤੇ ਉਹ ਡਕਾਰ ਲਵੇਗਾ। ਇਸ ਤੋਂ ਇਲਾਵਾ ਬੱਚੇ ਨੂੰ ਛਾਤੀ ਨਾਲ ਲਗਾ ਕੇ ਅਤੇ ਪੇਟ ’ਤੇ ਗੋਦੀ ’ਤੇ ਲੇਟ ਕੇ ਵੀ ਡਕਾਰ ਮਾਰੀ ਜਾ ਸਕਦੀ ਹੈ।

**3. ਧੁੰਨੀ ਦੀ ਦੇਖਭਾਲ**

ਜਣੇਪੇ ਤੋਂ ਬਾਅਦ ਜਦੋਂ ਬੱਚੇ ਨੂੰ ਨਾਭੀਨਾਲ ਕੱਟ ਕੇ ਮਾਂ ਤੋਂ ਵੱਖ ਕੀਤਾ ਜਾਂਦਾ ਹੈ, ਤਾਂ ਰੱਸੀ ਦਾ ਇੱਕ ਛੋਟਾ ਜਿਹਾ ਹਿੱਸਾ, ਜਿਸ ਨੂੰ ਸਟੰਪ ਕਿਹਾ ਜਾਂਦਾ ਹੈ, ਬੱਚੇ ਦੀ ਧੁੰਨੀ ’ਤੇ ਰਹਿ ਜਾਂਦਾ ਹੈ। ਬੱਚੇ ਦੇ ਜਨਮ ਤੋਂ 5 ਤੋਂ 15 ਦਿਨਾਂ ਦੇ ਵਿਚਕਾਰ, ਇਹ ਹਿੱਸਾ ਵੀ ਸੁੱਕ ਜਾਂਦਾ ਹੈ ਅਤੇ ਡਿੱਗ ਜਾਂਦਾ ਹੈ। ਹਾਲਾਂ ਕਿ, ਬੇਬੀ ਸਟੰਪ ਦਾ ਉਦੋਂ ਤੱਕ ਧਿਆਨ ਰੱਖਣਾ ਮਹੱਤਵਪੂਰਨ ਹੈ ਜਦੋਂ ਤੱਕ ਉਹ ਹਿੱਸਾ ਡਿੱਗ ਨਾ ਜਾਵੇ। ਅਜਿਹਾ ਕਰਨ ਵਿੱਚ ਅਸਫਲ ਰਹਿਣ ਨਾਲ ਬੱਚੇ ਨੂੰ ਲਾਗ ਲੱਗ ਸਕਦੀ ਹੈ। ਧੁੰਨੀ ਦੇ ਆਲੇ ਦੁਆਲੇ ਦੇ ਹਿੱਸੇ ਨੂੰ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ ਅਤੇ ਫਿਰ ਇਸ ਨੂੰ ਸਾਫ਼ ਕੱਪੜੇ ਨਾਲ ਸੁਕਾਓ। ਬੱਚੇ ਦੇ ਡਾਇਪਰ ਨੂੰ ਟੁੰਡ ਦੇ ਹੇਠਾਂ ਲਗਾਓ ਅਤੇ ਉਸ ਹਿੱਸੇ ਨੂੰ ਖੁੱਲ੍ਹਾ ਛੱਡ ਦਿਓ। ਇਸ ਖੇਤਰ ਨੂੰ ਹਮੇਸ਼ਾ ਸੁੱਕਾ ਰੱਖੋ। ਜੇਕਰ ਤੁਸੀਂ ਕੋਈ ਅਸਾਧਾਰਨ ਤਬਦੀਲੀਆਂ ਦੇਖਦੇ ਹੋ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ।

**4. ਡਾਇਪਰ ਕੇਅਰ**

ਡਾਇਪਰ ਨਵਜੰਮੇ ਬੱਚੇ ਦੀ ਦੇਖਭਾਲ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਜੇ ਬੱਚਾ ਚੰਗੀ ਤਰ੍ਹਾਂ ਦੁੱਧ ਪੀ ਰਿਹਾ ਹੈ, ਤਾਂ ਉਹ ਡਾਇਪਰ ਨੂੰ ਵਾਰ-ਵਾਰ ਗਿੱਲਾ ਕਰ ਸਕਦਾ ਹੈ। ਅਜਿਹੇ ’ਚ ਜੇਕਰ ਸਮੇਂ ਸਿਰ ਡਾਇਪਰ ਨਾ ਬਦਲਿਆ ਜਾਵੇ ਤਾਂ ਉਸ ਨੂੰ ਡਾਇਪਰ ਰੈਸ਼ ਹੋ ਸਕਦਾ ਹੈ। ਇਸ ਵਿੱਚ ਬੱਚੇ ਦੇ ਤਲੇ ਦੇ ਆਲੇ-ਦੁਆਲੇ ਦੀ ਚਮੜੀ ਲਾਲ, ਖਾਰਸ਼ ਅਤੇ ਖੁਰਕ ਹੋ ਸਕਦੀ ਹੈ। ਇਸ ਤੋਂ ਬਚਣ ਲਈ ਜਿੰਨੀ ਜਲਦੀ ਹੋ ਸਕੇ ਬੱਚੇ ਦਾ ਗਿੱਲਾ ਡਾਇਪਰ ਬਦਲੋ। ਬੱਚੇ ਦੇ ਜਣਨ ਖੇਤਰ ਨੂੰ ਸਾਫ਼ ਅਤੇ ਸੁੱਕਾ ਰੱਖੋ ਅਤੇ ਡਾਇਪਰ ਨੂੰ ਹਰ ਦੋ ਘੰਟਿਆਂ ਬਾਅਦ ਜਾਂ ਅੰਤੜੀਆਂ ਦੀ ਗਤੀ ਤੋਂ ਬਾਅਦ ਬਦਲੋ। ਡਾਇਪਰ ਬਦਲਦੇ ਸਮੇਂ ਇਸ ਨੂੰ ਕੋਸੇ ਪਾਣੀ ਨਾਲ ਸਾਫ਼ ਕਰਕੇ ਚੰਗੀ ਤਰ੍ਹਾਂ ਪੂੰਝਣ ਤੋਂ ਬਾਅਦ ਹੀ ਨਵਾਂ ਡਾਇਪਰ ਪਹਿਨੋ। ਜੇਕਰ ਧੱਫੜ ਬਹੁਤ ਜ਼ਿਆਦਾ ਹੋ ਜਾਂਦੇ ਹਨ, ਤਾਂ ਰੈਸ਼ ਕਰੀਮ ਲਗਾਓ ਅਤੇ ਸਮੱਸਿਆ ਗੰਭੀਰ ਹੋਣ ’ਤੇ ਤੁਰੰਤ ਡਾਕਟਰ ਨਾਲ ਸੰਪਰਕ ਕਰੋ।

**5. ਬੱਚੇ ਨੂੰ ਨਹਾਉਣਾ**

ਨਵਜੰਮੇ ਬੱਚੇ ਦੀ ਚਮੜੀ ਬਹੁਤ ਨਾਜ਼ੁਕ ਅਤੇ ਕੋਮਲ ਹੁੰਦੀ ਹੈ। ਇਸ ਕਾਰਨ ਇਨ੍ਹਾਂ ਨੂੰ ਨਹਾਉਂਦੇ ਸਮੇਂ ਬਹੁਤ ਸਾਵਧਾਨੀ ਵਰਤਣ ਦੀ ਲੋੜ ਹੁੰਦੀ ਹੈ। ਨਹਾਉਣ ਨਾਲ ਨਾ ਸਿਰਫ਼ ਉਨ੍ਹਾਂ ਦੇ ਸਰੀਰ ਵਿੱਚੋਂ ਕੀਟਾਣੂ ਨਿਕਲਦੇ ਹਨ, ਸਗੋਂ ਬੱਚੇ ਨੂੰ ਤਣਾਅ-ਮੁਕਤ ਅਤੇ ਆਰਾਮਦਾਇਕ ਵੀ ਬਣਾਉਂਦੇ ਹਨ। ਤੁਸੀਂ ਹਫ਼ਤੇ ਵਿੱਚ ਦੋ ਤੋਂ ਤਿੰਨ ਵਾਰ ਆਪਣੇ ਬੱਚੇ ਨੂੰ ਨਹਾ ਸਕਦੇ ਹੋ ਅਤੇ ਇਸ ਦੇ ਲਈ ਬੱਚੇ ਨੂੰ ਨਹਾਉਣ ਦਾ ਸਹੀ ਤਰੀਕਾ ਅਪਣਾਉਣਾ ਜ਼ਰੂਰੀ ਹੈ। ਤੁਸੀਂ ਨਵਜੰਮੇ ਬੱਚੇ ਨੂੰ ਗਿੱਲੇ ਕੱਪੜੇ ਜਾਂ ਸਪੰਜ ਨਾਲ ਸਾਫ਼ ਕਰਕੇ ਸਪੰਜ ਬਾਥ ਦੇ ਸਕਦੇ ਹੋ। ਤੁਸੀਂ ਚਾਹੋ ਤਾਂ ਉਨ੍ਹਾਂ ਨੂੰ ਬਾਥਟਬ ’ਚ ਵੀ ਨਹਾ ਸਕਦੇ ਹੋ ਪਰ ਇਸ ਦੌਰਾਨ ਹਰ ਤਰ੍ਹਾਂ ਦੀਆਂ ਸਾਵਧਾਨੀਆਂ ਵਰਤਣੀਆਂ ਜ਼ਰੂਰੀ ਹਨ, ਜਿਵੇਂ ਕਿ ਪਾਣੀ ਹਲਕਾ ਗਰਮ ਹੋਣਾ ਚਾਹੀਦਾ ਹੈ ਅਤੇ ਬੱਚੇ ’ਤੇ ਸਾਬਣ ਜਾਂ ਸ਼ੈਂਪੂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਜਾਂ ਸ਼ੈਂਪੂ ਬੱਚੇ ਦੀਆਂ ਅੱਖਾਂ ਵਿੱਚ ਨਹੀਂ ਆਉਣਾ ਚਾਹੀਦਾ।

**6. ਆਪਣੇ ਨਵਜੰਮੇ ਬੱਚੇ ਨੂੰ ਕਿਵੇਂ ਫੜਨਾ ਹੈ**

ਨਵਜੰਮੇ ਬੱਚੇ ਨੂੰ ਸਹੀ ਢੰਗ ਨਾਲ ਫੜਨਾ ਸਭ ਤੋਂ ਮਹੱਤਵਪੂਰਨ ਹੈ। ਬੱਚੇ ਦਾ ਸਰੀਰ ਬਹੁਤ ਨਾਜ਼ੁਕ ਹੁੰਦਾ ਹੈ ਅਤੇ ਥੋੜ੍ਹੀ ਜਿਹੀ ਲਾਪਰਵਾਹੀ ਉਸ ਨੂੰ ਬਹੁਤ ਪਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ। ਅਜਿਹੀ ਸਥਿਤੀ ਵਿੱਚ, ਬੱਚੇ ਨੂੰ ਬਹੁਤ ਧਿਆਨ ਨਾਲ ਆਪਣੀਆਂ ਬਾਂਹਾਂ ਵਿੱਚ ਚੁੱਕਣਾ ਜ਼ਰੂਰੀ ਹੈ। ਇਸ ਦੌਰਾਨ ਸਿਰ ਅਤੇ ਗਰਦਨ ਦੇ ਹੇਠਾਂ ਹੱਥ ਰੱਖ ਕੇ ਸਹਾਇਤਾ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ, ਬੱਚੇ ਨੂੰ ਹਵਾ ਵਿੱਚ ਉਛਾਲਨ ਤੋਂ ਬਚੋ ਅਤੇ ਜ਼ੋਰਦਾਰ ਢੰਗ ਨਾਲ ਨਾ ਹਿਲਾਓ।

**(ਬਾਕੀ ਸਫ਼ਾ 31 ’ਤੇ)**

# ਕੀ ਤੁਹਾਡਾ ਬੱਚਾ ਸਿਹਤਮੰਦ ਹੈ?

ਨਵਜੰਮੇ ਬੱਚੇ ਦੀ ਸਿਹਤ ਦਾ ਧਿਆਨ ਰੱਖਣਾ ਸਭ ਤੋਂ ਜ਼ਰੂਰੀ ਹੈ। ਇਸ ਵਿੱਚ ਉਹਨਾਂ ਨੂੰ ਸਮੇਂ ਸਿਰ ਟੀਕਾ ਲਗਵਾਉਣਾ ਅਤੇ ਉਹਨਾਂ ਨੂੰ ਡਾਕਟਰ ਕੋਲ ਲੈ ਜਾਣਾ ਸ਼ਾਮਲ ਹੈ।

ਟੀਕਾਕਰਨ: ਬੱਚੇ ਦੇ ਜਨਮ ਤੋਂ ਲੈ ਕੇ ਕੁਝ ਸਾਲਾਂ ਤੱਕ ਬੱਚੇ ਨੂੰ ਟੀਕਾਕਰਨ ਕਰਨਾ ਜ਼ਰੂਰੀ ਹੁੰਦਾ ਹੈ, ਜੋ ਉਸ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ। ਇਸ ਵਿੱਚ ਗੰਭੀਰ ਬਿਮਾਰੀਆਂ ਜਿਵੇਂ ਹੈਪੇਟਾਈਟਸ ਏ, ਬੀ, ਰੇਬੀਜ਼, ਪੋਲੀਓ, ਚਿਕਨ ਪਾਕਸ ਆਦਿ ਲਈ ਟੀਕੇ ਦਿੱਤੇ ਜਾਂਦੇ ਹਨ। ਇਹ ਕੁਝ ਮਹੀਨਿਆਂ ਅਤੇ ਸਾਲਾਂ ਦੇ ਫਰਕ ਨਾਲ ਜਾਪਦੇ ਹਨ। ਵੈਕਸੀਨ ਜਾਂ ਟੀਕਾਕਰਣ ਬੱਚਿਆਂ ਦੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦਾ ਹੈ ਅਤੇ ਇਹਨਾਂ ਬਿਮਾਰੀਆਂ ਨਾਲ ਲੜਨ ਵਿੱਚ ਮਦਦ ਕਰਦਾ ਹੈ।

ਡਾਕਟਰ ਤੋਂ ਚੈੱਕਅਪ: ਨਿਯਮਿਤ ਤੌਰ ’ਤੇ ਬੱਚੇ ਦੇ ਡਾਕਟਰ (ਬਾਲ ਰੋਗਾਂ ਦੇ ਮਾਹਿਰ) ਕੋਲ ਜਾ ਕੇ ਬੱਚੇ ਦਾ ਚੈਕਅੱਪ ਕਰਵਾਉਣਾ ਨਾ ਭੁੱਲੋ। ਜੇਕਰ ਬੱਚਾ ਕੋਈ ਅਸਾਧਾਰਨ ਕੰਮ ਕਰਦਾ ਹੈ ਤਾਂ ਉਸ ਬਾਰੇ ਡਾਕਟਰ ਨੂੰ ਦੱਸੋ ਅਤੇ ਸਹੀ ਸਲਾਹ ਲੈ ਕੇ ਲੋੜੀਂਦਾ ਇਲਾਜ ਕਰਵਾਓ। ਇਸ ਨਾਲ ਮਾਪਿਆਂ ਨੂੰ ਇਹ ਤਸੱਲੀ ਮਿਲੇਗੀ ਕਿ ਤੁਹਾਡਾ ਬੱਚਾ ਪੂਰੀ ਤਰ੍ਹਾਂ ਤੰਦਰੁਸਤ ਹੈ।

ਬੇਬੀ ਮਾਈਲਸਟੋਨ ਡਾਇਰੀ: ਬੱਚੇ ਦੇ ਜਨਮ ਤੋਂ ਬਾਅਦ ਆਪਣੇ ਕੋਲ ਇੱਕ ਡਾਇਰੀ ਰੱਖੋ। ਇਸ ਵਿੱਚ ਬੱਚੇ ਨਾਲ ਜੁੜੀਆਂ ਕੁਝ ਮਹੱਤਵਪੂਰਨ ਗੱਲਾਂ ਜਿਵੇਂ- ਉਸਦਾ ਭਾਰ, ਉਸਦਾ ਕੱਦ, ਮਾਨਸਿਕ ਵਿਕਾਸ ਆਦਿ ਬਾਰੇ ਲਿਖਦੇ ਰਹੋ। ਇਹ ਤੁਹਾਨੂੰ ਇਸ ਗੱਲ ਦਾ ਅੰਦਾਜ਼ਾ ਦੇਵੇਗਾ ਕਿ ਬੱਚਾ ਆਮ ਤੌਰ ’ਤੇ ਵਿਕਾਸ ਕਰ ਰਿਹਾ ਹੈ ਜਾਂ ਨਹੀਂ।

ਮੈਡੀਕਲ ਜ਼ਰੂਰਤਾਂ: ਇਸ ਵਿੱਚ ਅਸੀਂ ਉਨ੍ਹਾਂ ਚੀਜ਼ਾਂ ਨੂੰ ਸ਼ਾਮਲ ਕੀਤਾ ਹੈ ਜੋ ਤੁਹਾਡੀ ਬੇਬੀ ਕਿੱਟ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਵਿੱਚ ਕੁੱਝ ਦਵਾਈਆਂ ਵੀ ਹਨ, ਜੋ ਤੁਸੀਂ ਡਾਕਟਰ ਤੋਂ ਪੁੱਛਣ ਤੋਂ ਬਾਅਦ ਬੱਚੇ ਲਈ ਵਰਤ ਸਕਦੇ ਹੋ, ਜਿਵੇਂ ਕਿ: ਡਾਇਪਰ, ਬੇਬੀ ਲੋਸ਼ਨ, ਦਵਾਈ ਡਰਾਪਰ, ਐਂਟੀਬਾਇਓਟਿਕ ਕਰੀਮ ਡਾਕਟਰ ਨੂੰ ਪੁੱਛੋ ਅਤੇ ਕੁਝ ਆਮ ਦਵਾਈਆਂ, ਰੂੰ ਆਦਿ।



ਕਹਾਣੀ

ਨਵਤੇਜ ਸਿੰਘ

# ਬੰਦ ਪਿਆ ਬਿਸਤਰਾ



ਪਿਆਰ ਲਈ ਝੂਠ ਦਾ ਠੁੰਮਣਾ ਕਿਓਂ?...

ਪਤਾ ਨਹੀਂ ਇਹ ਗੀਤ ਜੋੜਨ ਵਾਲੇ ਮਹਿਬੂਬਾ ਤੇ ਵਤਨ ਦੋਵਾਂ ਬਾਰੇ ਬੜੀ ਵਾਰੀ ਝੂਠ ਕਿਉਂ ਬੋਲਦੇ ਨੇ? ਕੀ ਤੁਹਾਡੀ ਮਹਿਬੂਬਾ ਤੁਹਾਨੂੰ ਤਾਂ ਹੀ ਪਿਆਰੀ ਲੱਗ ਸਕਦੀ ਏ ਜੇ ਉਹ 'ਚਾਂਦ ਸੀ ਮਹਿਬੂਬਾ' ਹੋਵੇ? ਕੀ ਤੁਹਾਡਾ ਵਤਨ ਤੁਹਾਨੂੰ ਤਾਂ ਹੀ ਚੰਗਾ ਲੱਗ ਸਕਦਾ ਏ ਜੇ ਉਹ ਸਾਰੇ ਜਹਾਂ ਸੇ ਅੱਛਾ ਹੋਵੇ। ਇੰਜ ਗੀਤਾਂ ਵਿੱਚ ਹੀ ਹੁੰਦਾ ਹੋਵੇਗਾ...ਮੈਂ ਆਪਣੇ ਵਤਨ ਦੀ ਹੀ ਗੱਲ ਕਰ ਸਕਦਾ ਹਾਂ....ਤੁਸੀਂ ਮੈਨੂੰ ਜ਼ਰੂਰ ਟੋਕੋਗੇ ਕਿ ਉਹ ਮੇਰਾ ਵਤਨ ਕਿਵੇਂ ਹੋਇਆ ਜਿਥੇ ਮੈਨੂੰ ਜਾਣ ਦੀ ਇਜਾਜ਼ਤ ਨਹੀਂ- ਜਦੋਂ ਹਾਲੀ ਮੈਂ ਆਪਣੇ ਵਤਨ ਦੀ ਜੂਹ ਵੀ ਨਹੀਂ ਸੀ ਟੱਪੀ ਓਦੋਂ ਵੀ ਮੇਰਾ ਖ਼ਿਆਲ ਇਹੀ ਸੀ, ਤੇ ਹੁਣ ਜਦੋਂ ਮੈਂ ਸਾਰੇ ਜਹਾਨ ਬਾਰੇ ਏਨਾ ਕੁਝ ਜਾਣ ਲਿਆ ਏ, ਜਦੋਂ ਮੈਨੂੰ ਪੱਕਾ ਹੋ ਚੁੱਕਿਆ ਏ ਕਿ ਮੇਰਾ ਵਤਨ ਸਾਰੇ ਜਹਾਨ ਵਿਚੋਂ ਕਿਸੇ ਤਰ੍ਹਾਂ ਵੀ ਅੱਛਾ ਨਹੀਂ, ਪਰ ਫੇਰ ਵੀ ਮੇਰੇ ਚੇਤਿਆਂ ਵਿੱਚ ਸਭ ਤੋਂ ਵੱਧ ਉਹੀ ਵਸਿਆ ਹੋਇਆ ਏ। ਮੇਰੀਆਂ ਅੱਖਾਂ ਹੁਣ ਜਦੋਂ ਇੱਕ ਦੁਨੀਆਂ ਦੇ ਹੁਸਨ ਨੂੰ ਓਪਣੇ ਅੰਦਰ ਰਚਾ ਚੁੱਕੀਆਂ ਨੇ, ਚੰਨ ਵਰਗੇ ਚਿਹਰਿਆਂ ਨਾਲ ਆਸ਼ਨਾ ਹੋ ਚੁੱਕੀਆਂ ਨੇ, ਓਦੋਂ ਵੀ ਮੇਰੇ ਦਿਲ ਤੇ ਜਾਨ ਵਿਚ ਮੇਰੇ ਅਨੰਤ ਦਿਨਾਂ ਦੀ ਉਹੀ ਮਹਿਬੂਬਾ ਵਸੀ ਹੋਈ ਏ, ਜਿਵੇਂ ਮੂੰਹ ਤੋਂ ਜਵਾਨੀ ਦੇ ਚੜ੍ਹਾਅ ਪਿਛੋਂ ਕਿੱਲਾਂ ਦੇ ਦਾਗ਼ ਕਦੇ ਅਲੋਪ ਨਹੀਂ ਹੋਏ...

ਮੈਨੂੰ ਅਤਿਕਥਨੀ ਵਾਲੇ ਗੀਤ ਕਦੇ ਵੀ ਚੰਗੇ ਨਹੀਂ ਲੱਗੇ; ਤੇ ਸ਼ਾਇਦ ਇਸੇ ਲਈ ਮੈਂ ਆਪ ਇਕ ਨਵਾਂ ਨਕੋਰ ਗੀਤ ਲਿਖਣਾ ਚਾਹੁੰਦਾ ਹਾਂ, ਆਪਣੇ ਸਾਦ ਮੁਰਾਦੇ ਵਤਨ ਬਾਰੇ ਇੱਕ ਵੱਖਰੀ ਤਰ੍ਹਾਂ ਦਾ ਗੀਤ; ਪਰ ਮੈਨੂੰ ਗੀਤ ਲਿਖਣਾ ਨਹੀਂ ਆਉਂਦਾ ਹਾਂ,ਜੇ ਕਦੇ ਮੈਂ ਗੀਤ ਲਿਖ ਸਕਦਾ ਹੁੰਦਾ ਤਾਂ ਮੈਂ ਆਪਣੇ ਗੀਤ ਵਿੱਚ ਅਜਿਹੀਆਂ ਗੱਲਾਂ ਜ਼ਰੂਰ ਕਹਿੰਦਾ ਜਿਹੜੀਆਂ ਵਤਨ ਪਿਆਰ ਦੇ ਕਿਸੇ ਵੀ ਗੀਤ ਵਿੱਚ ਅੱਗੇ ਕਦੇ ਵੀ ਨਹੀਂ ਕਹੀਆਂ ਗਈਆਂ।

ਮੈਂ ਅੱਜ ਤੁਹਾਡੇ ਨਾਲ ਓਸ ਗੀਤ ਵਿਚਲੀਆਂ ਗੱਲਾਂ ਹੀ ਕਰ ਲੈਂਦਾ ਹਾਂ, ਉਹ ਗੀਤ ਜਿਹੜਾ ਮੈਂ ਕਦੇ ਲਿਖ ਨਹੀਂ ਸਕਣਾਂ! ਤੁਹਾਡੇ ਵਿਚੋਂ ਕਈ ਨਸੀਬਾਂ ਵਾਲੇ ਨੇ, ਤੇ ਓਥੇ ਰਹਿੰਦੇ ਨੇ, ਜਿਹੜਾ ਮੇਰਾ ਵਤਨ ਏ, ਪਰ ਜਿਥੇ ਮੈਂ ਜਾ ਨਹੀਂ ਸਕਦਾ। ਜਿਵੇਂ ਮੈਂ ਅੱਗੇ ਦਸ ਚੁਕਿਆਂ ਹਾਂ, ਮੇਰਾ ਵਤਨ ਮਨੁੱਖ ਦੀ ਇਸ ਧਰਤੀ ਦਾ ਇਕ ਆਮ ਜਿਹਾ ਟੁੱਕੜਾ ਸੀ। ਹੁਨਾਲੇ ਵਿਚ ਓਥੇ ਅਤਿ ਦੀ ਗਰਮੀ ਤੇ ਸਿਆਲੇ ਵਿਚ ਓਥੇ ਅਤਿ ਦੀ ਸਰਦੀ ਪੈਂਦੀ ਸੀ। ਫੁੱਲਾਂ ਨੂੰ ਖਿੜਣ, ਟਹਿਕਣ ਲਈ ਬੜਾ ਈ ਥੋੜ੍ਹਾ ਮੌਕਾ ਮਿਲਦਾ ਸੀ। ਗੁਲਾਬਾਸ਼ੀ ਤੇ ਗੈਂਦੇ ਦੇ ਫੁੱਲ ਹੀ ਮੈਨੂੰ ਆਪਣੇ ਬਚਪਨ ਵਿਚੋਂ ਚੇਤੇ ਨੇ, ਤੇ ਹਾਂ ਪੋਸਤ ਦੇ ਜੰਗਲੀ ਫੁੱਲ ਰੁੱਖ ਆਮ ਤੌਰ ਉਤੇ ਉਥੇ ਟਾਹਲੀਆਂ ਦੇ ਹੀ ਸਨ। ਇਥੋਂ ਤਕ ਕਿ ਨਿੱਕੇ ਹੁੰਦਿਆਂ ਮੇਰੇ ਲਈ ਟਾਹਲੀ ਲਫ਼ਜ਼ ਰੁੱਖ ਦੇ ਹੀ ਮਾਅਨੇ ਰੱਖਦਾ ਸੀ। ਮੈਂ ਜਦੋਂ ਪਹਿਲੀ ਵਾਰ ਬੇਰੀ ਦੇਖੀ ਸੀ, ਤਾਂ ਮੈਂ ਉਹਨੂੰ ਬੇਰਾਂ ਦੀ ਟਾਹਲੀ ਆਖਿਆ ਸੀ, ਤੇ ਇਸੇ ਤਰ੍ਹਾਂ ਮੇਰੇ ਲਈ ਹੋਰ ਕੁਝ ਟਾਹਲੀਆਂ ਸਨ, ਕਿੱਕਰਾਂ ਦੀਆਂ ਤੇ ਜਾਮਨੂੰਆਂ ਦੀਆਂ।

ਇਕ ਜਾਮਨੂੰ ਸਾਡੇ ਘਰ ਦੇ ਪਛਵਾੜੇ ਹੁੰਦਾ ਸੀ। ਉਹਨੂੰ ਉਸ ਤਰ੍ਹਾਂ ਦੇ ਮੋਟੇ ਮੋਟੇ ਤੇ ਰਸੀਲੇ ਜਾਮਨੂੰ ਨਹੀਂ ਸਨ ਲਗਦੇ ਜਿਹੋ ਜਿਹੇ ਬਾਜ਼ਾਰਾਂ ਵਿਚ ਲੂਣ ਲੱਗੇ ਵਿਕਦੇ ਨੇ, ਉਹਦੇ ਜਾਮਨੂੰ ਨਿੱਕੇ ਨਿੱਕੇ ਤੇ ਗਲ-ਘੋਟੂ ਸਨ। ਪਰ ਉਹ ਆਪਣਾ ਜਾਮਨੂੰ ਮੈਨੂੰ ਕਿੰਨਾ ਚੰਗਾ ਲੱਗਦਾ ਸੀ।

ਇਕ ਰਾਤ ਮੈਨੂੰ ਨੀਂਦਰ ਨਹੀਂ ਸੀ ਆ ਰਹੀ। ਮੇਰੀ ਅੰਮੀਂ ਪੋਲੇ ਪੋਲੇ ਹੱਥਾਂ ਨਾਲ ਮੇਰੀ ਪਿੱਠ ਉਤਲੀ ਪਿੱਤ ਮਲ ਰਹੀ ਸੀ ਤੇ ਨਾਲੇ ਚੰਨ ਉਤੇ ਰਹਿੰਦੀ ਚੰਨ ਤੋਂ ਵੀ ਸੋਹਣੀ ਕਿਸੇ ਪਰੀ ਦੀ ਬਾਤ ਪਾ ਰਹੀ ਸੀ। ਮੇਰੀ ਅੰਮੀਂ ਨੇ ਚਾਹਿਆ ਕਿ ਮੈਂ ਉਸ ਚੰਨ-ਪਰੀ ਨਾਲ ਵਿਆਹ ਕਰ ਕੇ ਓਥੇ ਜਾ ਰਹਾਂ, ਆਪਣੀ ਅੰਮੀਂ ਨੂੰ ਵੀ ਓਥੇ ਨਾਲ ਲੈ ਜਾਵਾਂ।

ਮੈਂ ਪੁਛਿਆ, ਅੰਮੀਂ, ਚੰਨ ਉਤੇ ਜਾਮਨੂਆਂ ਦੀ ਟਾਹਲੀ ਹੁੰਦੀ ਏ? ਅੰਮੀਂ ਨੂੰ ਇਹ ਤਾਂ ਪਤਾ ਸੀ ਕਿ ਓਥੇ ਚਾਂਦੀ ਤੇ ਹੀਰਿਆਂ ਦੇ ਪਰਬਤ, ਦੁਧ ਤੇ ਮਾਖਿਓਂ ਦੀਆਂ ਨਦੀਆਂ, ਪਰੀਆਂ ਤੇ ਬੁੱਢੀ ਮਾਈ ਦਾ ਚਰਖਾ ਹੁੰਦਾ ਏ, ਪਰ ਜਾਮਨੂੰਆਂ ਦਾ ਜ਼ਿਕਰ ਉਹਨੇ ਕਿਸੇ ਵੀ ਬਾਤ ਵਿਚ ਨਹੀਂ ਸੀ ਸੁਣਿਆ, ਸੋ ਉਹਨੇ ਕਿਹਾ, 'ਨਹੀਂ।

ਮੈਂ ਉਸੇ ਵੇਲੇ ਚੰਨ ਵਲੋਂ ਮੂੰਹ ਮੋੜ ਲਿਆ- ਮੈਂ ਕੀ ਕਰਨਾ ਸੀ ਅਜਿਹੇ ਚੰਨ ਉਤੇ ਜਾ ਕੇ.....ਜਿਸ ਰਾਤ ਮੇਰੀ ਅੰਮੀਂ ਨੇ ਇਹ ਬਾਤ ਸੁਣਾਈ ਸੀ ਉਹ ਬੜੀ ਗਰਮ ਰਾਤ ਸੀ, ਪਰ ਮੇਰੇ ਵਤਨ ਵਿੱਚ ਕਦੇ ਕਦੇ ਓਦੂੰ ਵੀ ਗਰਮ ਰਾਤਾਂ ਆਉਂਦੀਆਂ ਹੁੰਦੀਆਂ ਸਨ। ਇਕ ਵਾਰੀ ਰਾਤ ਵੇਲੇ ਵੀ ਓਥੇ ਏਨੀ ਗਰਮ ਲੂ ਚੱਲੀ ਸੀ ਕਿ ਮੇਰੀ ਅੰਮੀਂ ਮੈਨੂੰ ਅੰਦਰ ਲੈ ਗਈ ਤੇ ਉਹਨੇ ਬੂਹੇ ਬਾਰੀਆਂ ਬੰਦ ਕਰ ਦਿਤੇ ਸਨ। ਬਾਰੀ ਦੇ ਸ਼ੀਸ਼ੇ ਵਿਚੋਂ ਮੈਂ ਆਪਣੀ ਲਾਖੀ ਵੱਛੀ ਤੇ ਉਹਦੀ ਮਾਂ ਨੂੰ ਬਾਹਰ ਝੁਲਸਦਿਆਂ ਵੇਖ ਰਿਹਾ ਸਾਂ, ਉਨ੍ਹਾਂ ਦੀ ਜੀਭ ਪਲੇ ਪਲੇ ਬਾਹਰ ਹੌਂਕਦੀ, ਤੇ ਮੈਂ ਅੰਦਰ ਬੈਠਾ ਤ੍ਰੇਹ ਨਾਲ ਤਰਲੋ-ਮੱਛੀ ਹੋ ਰਿਹਾ ਸਾਂ; ਪਰ ਘੜਿਆਂ ਵਿੱਚ, ਪਤੀਲਿਆਂ ਵਿੱਚ ਜਿਥੇ ਵੀ ਪਾਣੀ ਸੀ ਉਹ ਤੱਤਾ ਤੇਲ ਤੇ ਬਾਹਰ ਨਲਕੇ ਤਕ ਜਾਣ ਦਾ ਹੀਆ ਕਿਸੇ ਨੂੰ ਨਹੀਂ ਸੀ ਪੈਂਦਾ।

ਤੇ ਇਕ ਵਾਰ ਓਥੇ ਏਨੀ ਮਕੜੀ ਆਈ ਸੀ ਕਿ ਸਭ ਟਾਹਲੀਆਂ, ਬੇਰੀਆਂ ਤੇ ਜਾਮਨਾਂ ਰੁੰਡ ਮੁੰਡ ਕਰ ਗਈ ਸੀ, ਰੇਲ ਗੱਡੀ ਕਿੰਨੇ ਦਿਨ ਨਹੀਂ ਸੀ ਚੱਲੀ। ਰੇਲ ਦੀ ਪਟੜੀ ਮਕੜੀਆਂ ਥੱਲੇ ਗੁਆਚ ਗਈ ਸੀ, ਤੇ ਜਦੋਂ ਉਤੇ ਇੰਜਨ ਰਤਾ ਕੁ ਵੀ ਚਲਦਾ ਤਾਂ ਫਿਸੀਆਂ ਮਕੜੀਆਂ ਦੀ ਮਿਝ ਨਾਲ ਪਟੜੀ ਲਥ-ਪਥ ਹੋ ਜਾਂਦੀ ਸੀ ਤੇ ਇੰਜਨ ਫਫ ਫਫ ਕਰ ਕੇ ਰੁਕ ਜਾਂਦਾ ਸੀ।

ਸਾਡਾ ਪਿੰਡ ਦਰਿਆ ਦੇ ਕੰਢੇ ਉਤੇ ਸੀ। ਸਾਡਾ ਇਹ ਦਰਿਆ ਬੜਾ ਹੀ ਚੌੜਾ ਸੀ। ਵਿਚਕਾਰ ਇਕ ਬਰੇਤੀ ਸੀ, ਸਿਆਲੇ ਵਿੱਚ ਇਹ ਬਰੇਤੀ ਵੱਡੀ ਹੋ ਜਾਂਦੀ, ਤੇ ਹੁਨਾਲੇ ਵਿੱਚ ਟਿਮਕਣੀ ਜਿਹੀ।

ਮੀਹਾਂ ਪਿਛੋਂ ਇਸ ਦਰਿਆ ਦੇ ਕੰਢੇ ਅਣਗਿਣਤ ਖੁੰਭਾਂ ਉਗਦੀਆਂ ਤੇ ਮੈਂ ਦੱਭ ਘਾਹ ਦੀਆਂ ਤਿੜਾਂ ਵਿੱਚ ਖੁੰਭਾਂ ਦੇ ਹਾਰ ਪਰੋ ਲੈਂਦਾ। ਓਦੋਂ ਮੇਰੀ ਅੰਮੀਂ ਉਨ੍ਹਾਂ ਖੁੰਭਾਂ ਦਾ ਜਿਹੋ ਜਿਹਾ ਸਲੂਣਾ ਬਣਾਂਦੀ ਸੀ, ਉਹੋ ਜਿਹਾ ਸੁਆਦੀ ਪਕਵਾਨ ਮੈਂ ਸਾਰੀ ਉਮਰ ਕਿਤੇ ਨਹੀਂ ਖਾਧਾ।

ਤੇ ਉਥੇ ਸਾਡੇ ਦਰਿਆ ਦੇ ਕੰਢੇ ਬੜੇ ਵੱਡੇ ਵੱਡੇ ਹਦਵਾਣੇ ਹੁੰਦੇ ਸਨ। ਦਸ ਦਸ ਪੰਦਰਾਂ ਸੇਰਾਂ ਦਾ ਇਕ ਹਦਵਾਣਾ। ਅਸੀਂ ਪੱਥਰਾਂ ਦਾ ਆਸਰਾ ਦੇ ਕੇ ਹਦਵਾਣੇ ਦਰਿਆ ਵਿੱਚ ਟਿਕਾ ਛੱਡਦੇ ਤੇ ਫੇਰ ਜਦੋਂ ਇਹ ਠੰਡੇ ਠਾਰ ਹੋ ਜਾਂਦੇ ਤਾਂ ਰੱਜ ਰੱਜ ਕੇ ਖਾਂਦੇ। ਓਨੇ ਠੰਡੇ, ਓਨੇ ਮਿੱਠੇ ਹਦਵਾਣੇ ਮੈਂ ਏਧਰ ਕਦੇ ਨਹੀਂ ਖਾਧੇ।

ਮੇਰਾ ਸਕੂਲ ਦਰਿਆਓਂ ਪਾਰ ਤਿੰਨਾਂ ਕੋਹਾਂ ਦੀ ਵਾਟ ਉਤੇ ਸੀ। ਸਕੂਲ ਜਾਣ ਲਈ ਰੋਜ਼ ਪਹਿਲਾਂ ਮੈਨੂੰ ਬੇੜੀ ਰਾਹੀਂ ਦਰਿਆ ਪਾਰ ਕਰਨਾ ਪੈਂਦਾ। ਮੈਂ ਆਪਣਾ ਸਾਈਕਲ ਵੀ ਬੇੜੀ ਵਿੱਚ ਰੱਖ ਲੈਂਦਾ। ਸਕੂਲ ਦਾ ਚੌਥਾ ਹਿੱਸਾ ਰਾਹ ਦਰਿਆ ਨਾਲ ਰੁੜ੍ਹ ਕੇ ਆਈ ਬਜਰੀ ਵਾਲਾ ਸੀ। ਮੇਰਾ ਸਾਈਕਲ ਬਜਰੀ ਵਿੱਚ ਧਸ ਧਸ ਜਾਂਦਾ ਤੇ ਬੜਾ ਹੀ ਜ਼ੋਰ ਲਗਦਾ, ਤੇ ਫੇਰ ਜਦੋਂ ਪੱਕੀ ਸੜਕ ਉਤੇ ਪੈਂਦਾ ਤਾਂ ਕਿਤੇ ਮੈਨੂੰ ਸੁਖ ਦਾ ਸਾਹ ਆਉਂਦਾ।

ਸਿਆਲੇ ਵਿੱਚ ਸਕੂਲ ਜਾਣ ਲਈ ਬੜੀ ਹੀ ਸਵੇਰੇ ਮੈਨੂੰ ਉਠਣਾ ਪੈਂਦਾ। ਮੈਂ ਤੁਹਾਨੂੰ ਦਸ ਹੀ ਚੁਕਿਆ ਹਾਂ ਓਥੇ ਤੰਤਾਂ ਦਾ ਪਾਲਾ ਪੈਂਦਾ ਸੀ। ਸਵੇਰੇ ਪਹਿਲੋਂ ਅੰਮੀਂ ਮੇਰੇ ਬੂਟਾਂ ਨੂੰ ਅੰਗੀਠੀ ਉਤੇ ਸੇਕਦੀ, ਫੇਰ ਮੇਰੀਆਂ ਜੁਰਾਬਾਂ ਤੇ ਫੇਰ ਮੇਰੇ ਪੈਰ- ਤੇ ਫੇਰ ਕਿਤੇ ਮੈਂ ਬੂਟ, ਜੁਰਾਬਾਂ ਪਾਂਦਾ। ਇਸੇ ਤਰ੍ਹਾਂ ਮੇਰੇ ਹੱਥ ਤੇ ਦਸਤਾਨੇ ਵੀ ਸੇਕੇ ਜਾਂਦੇ।

ਸਿਆਲੇ ਵਿੱਚ ਜੇ ਬਾਹਰ ਰਾਤੀਂ ਦੁਧ ਰੱਖ ਦਿਓ, ਤਾਂ ਸਵੇਰੇ ਕੁਲਫ਼ੀ ਜੰਮ ਜਾਂਦੀ ਤੇ ਸਵੇਰੇ ਖਾਲਾਂ ਸਾਰੀਆਂ ਕੱਕਰ ਕੱਕਰ ਹੁੰਦੀਆਂ। ਜਦੋਂ ਮੈਂ ਬੇੜੀ ਚੜ੍ਹਦਾ ਤਾਂ ਦਰਿਆ ਧੁੰਦ ਦੇ ਥਲੇ ਲੁਕਿਆ ਹੁੰਦਾ, ਤੇ ਹਥ ਪਸਾਰਿਆਂ ਨਹੀਂ ਸੀ ਲੱਭਦਾ। ਸਕੂਲੇ ਪੁਜ ਕੇ ਬੜੀ ਦੇਰ ਮੈਂ ਦਸਤਾਨਿਆਂ ਸਣੇ ਆਪਣੇ ਹੱਥ ਸੇਕਦਾ ਰਹਿੰਦਾ, ਤਾਂ ਜਾ ਕੇ ਕਿਤੇ ਮੇਰੀਆਂ ਉਂਗਲਾਂ ਸਿੱਧੀਆਂ ਹੁੰਦੀਆਂ ਤੇ ਮੈਂ ਕਲਮ ਫੜ ਸਕਦਾ।

ਸ਼ਾਮੀਂ ਜਦੋਂ ਮੈਂ ਘਰ ਪਰਤਦਾ ਤਾਂ ਵੀ ਦਰਿਆਂ ਧੁੰਦ ਥੱਲੇ ਲੁਕਿਆ ਹੁੰਦਾ। ਗਰਮੀਆਂ ਵਿੱਚ ਛੁੱਟੀ ਭਾਵੇਂ ਇੱਕ ਵਜੇ ਹੀ ਹੋ ਜਾਂਦੀ, ਪਰ ਏਨੀ ਤਿੱਖੜ ਦੁਪਹਿਰ ਹੁੰਦੀ ਕਿ ਉਸ ਵਿੱਚ ਤਿੰਨ ਕੋਹ ਸਾਈਕਲ ਚਲਾਣਾ ਮੌਤ ਨੂੰ ਸੱਦਾ ਦੇਣਾ ਸੀ, ਤੇ ਮੈਂ ਸਕੂਲ ਦੇ ਇਕ ਕਮਰੇ ਵਿੱਚ ਟਾਟ ਉਤੇ ਪਿਆ ਰਹਿੰਦਾ, ਤੇ ਸੂਰਜ ਢਲੇ ਹੀ ਸਕੂਲੋਂ ਪਰਤਦਾ। ਜਦੋਂ ਮੈਂ ਦਰਿਆ ਕੋਲ ਪੁਜਦਾ ਤਾਂ ਓਦੋਂ ਉਹ ਮੈਨੂੰ ਬੜਾ ਚੰਗਾ ਲੱਗਦਾ- ਪੰਘਰੀ ਵਹਿੰਦੀ ਠੰਢ। ਬੇੜੀ ਵਿੱਚ ਚੜ੍ਹਨੋਂ ਪਹਿਲਾਂ ਹੀ ਮੈਂ ਦਰਿਆ ਵਿੱਚ ਤਾਰੀਆਂ ਲਾ ਕੇ ਆਪਣਾ ਪਿੰਡਾ ਠਾਰ ਲੈਂਦਾ।

ਕਦੀ ਕਦੀ ਮੈਂ ਸੁਣਦਾ, ਪਿੰਡ ਦਾ ਕੋਈ ਬੰਦਾ ਦਰਿਆ ਵਿੱਚ ਨਹਾਣ ਗਿਆ ਤੇ ਫੇਰ ਕਦੇ ਵੀ ਨਾ ਪਰਤਿਆ। ਇੰਝ ਹੀ ਇਕ ਵਾਰ ਮੇਰੇ ਬੇਲੀ ਸ਼ੀਰੀਂ-ਦਿਲ ਨਾਲ ਹੋਇਆ।

ਸਾਡੇ ਦਰਿਆ ਵਿੱਚ ਮਗਰਮੱਛ ਸਨ। ਇਕ ਦੋ ਵਾਰੀ ਮੈਂ ਉਨ੍ਹਾਂ ਨੂੰ ਬਰੇਤੇ ਉਤੇ ਲੇਟਿਆਂ ਵੀ ਵੇਖਿਆ ਸੀ। ਦੁਨੀਆਂ ਵਿੱਚ ਬੜੀਆਂ ਡਰਾਉਣੀਆਂ ਚੀਜ਼ਾਂ ਨੇ। ਮੈਂ ਏਡਾ ਵੱਡਾ ਹੋ ਗਿਆਂ, ਪਰ ਹੁਣ ਤੱਲਕ ਮੈਨੂੰ ਮਗਰਮੱਛ ਦੀ ਮੂਰਤ ਤੋਂ ਵੀ ਡਰ ਲੱਗਦਾ ਏ। ਸਾਡੇ ਪਿੰਡ ਦੀਆਂ ਸਾਰੀਆਂ ਪੈਲੀਆਂ ਲੰਘ ਕੇ ਉੱਤਰ ਵਾਲੇ ਪਾਸੇ ਇੱਕ ਨਿੱਕੀ ਜਿਹੀ ਪਹਾੜੀ ਸੀ। ਛੁੱਟੀ ਵਾਲੇ ਦਿਨ ਕਦੀ ਕਦੀ ਅਸੀਂ ਉਹਦੇ ਪੈਰਾਂ ਵਿੱਚ ਖੇਡਦੇ ਹੁੰਦੇ ਸਾਂ। ਉਥੇ ਜੰਗਲੀ ਫੁੱਲ ਹੁੰਦੇ, ਮਲ੍ਹੇ ਹੁੰਦੇ, ਤੇ ਰੰਗ-ਬਰੰਗੇ ਵੱਟੇ। ਇਕ ਵਾਰੀ ਸਾਨੂੰ ਓਥੋਂ ਇਕ ਨਿੱਕਾ ਜਿਹਾ ਟੁਟਿਆ ਹੋਇਆ ਬੁੱਤ ਵੀ ਲੱਭਾ ਸੀ। ਮੇਰੇ ਪਿਤਾ ਜੀ ਨੇ ਦੱਸਿਆ ਇਹ ਹਜ਼ਾਰਾਂ ਵਰ੍ਹੇ ਪੁਰਾਣੀ ਤਹਿਜ਼ੀਬ ਦੀ ਨਿਸ਼ਾਨੀ ਸੀ। ਫੇਰ ਜਦੋਂ ਮੈਂ ਜਵਾਨ ਹੋ ਗਿਆ, ਮੇਰੀ ਪਹਿਲੀ ਨੌਕਰੀ ਓਸੇ ਸਕੂਲ ਵਿੱਚ ਲਗ ਗਈ ਜਿਥੇ ਮੈਂ ਪੜ੍ਹਿਆ ਸਾਂ। ਰੋਜ਼ ਪਹਿਲੀਆਂ ਵਾਂਗ ਹੀ ਦਰਿਆ ਪਾਰ ਕਰ ਕੇ ਤਿੰਨ ਕੋਹ ਸਾਈਕਲ ਚਲਾ ਕੇ ਮੈਂ ਆਪਣੀ ਨੌਕਰੀ ਉਤੇ ਪੁਜਦਾ।

ਮੈਂ ਆਪਣੀ ਪਹਿਲੀ ਤਨਖ਼ਾਹ ਵਿਚੋਂ ਬੜੇ ਚਾਅਵਾਂ ਨਾਲ ਇਕ ਬਿਸਤਰਾ ਬਣਾਇਆ। ਅਸਲ ਵਿੱਚ ਸਾਡੇ ਘਰ ਵਿੱਚ ਓਥੇ ਆਇਆ ਗਿਆ ਬਹੁਤ ਸੀ, ਤੇ ਬਿਸਤਰੇ ਥੁੜੇ ਹੀ ਰਹਿੰਦੇ ਸਨ। ਘਰ ਵਿੱਚ ਨਿਕਿਆਂ ਹੋਣ ਕਰਕੇ ਮੇਰੇ ਹਿੱਸੇ ਵਾਧੂ ਘਾਟੂ ਬਿਸਤਰਾ ਹੀ ਆਉਂਦਾ ਸੀ, ਤੇ ਕਈ ਵਾਰੀ ਤਾਂ ਕਿਸੇ ਨਾਲ ਲੇਟਣਾ ਪੈਂਦਾ ਸੀ, ਸੋ ਮੇਰੀ ਬੜੀ ਦੇਰ ਦੀ ਸੱਧਰ ਸੀ ਕਿ ਇਕ ਬੜਾ ਵਧੀਆ ਬਿਸਤਰਾ ਹੋਵੇ, ਤੇ ਹੋਵੇ ਵੀ ਨਿਰੋਲ ਮੇਰਾ। ਨਾਲੇ ਸਾਡੇ ਵਤਨ ਦੇ ਦਰੀਆਂ ਤੇ ਖੇਸ ਤਾਂ ਦੂਰ ਦੂਰ ਤਕ ਮਸ਼ਹੂਰ ਸਨ।

ਜਦੋਂ ਆਪਣੇ ਘਰ, ਆਪ ਖਰੀਦੇ ਇਸ ਨਵੇਂ ਬਿਸਤਰੇ ਉਤੇ ਮੈਂ ਪਹਿਲੀ ਵਾਰ ਸੁੱਤਾ ਤਾਂ ਮੇਰੀ ਖੁਸ਼ੀ ਦਾ ਕੋਈ ਅੰਤ ਪਾਰਾਵਾਰ ਨਾ ਰਿਹਾ।

ਕਿਹੀ ਸੁਹਣੀ ਨੀਂਦਰ ਆਈ ਸੀ ਉਸ ਰਾਤ ਮੈਨੂੰ, ਤੇ ਉਸ ਰਾਤ ਹੀ ਪਹਿਲੀ ਵਾਰ ਮੈਨੂੰ ਆਪਣੀ ਮਹਿਬੂਬਾ ਸੁਫ਼ਨੇ ਵਿੱਚ ਮਿਲੀ ਸੀ ਉਹ ਤੇ ਮੈਂ ਆਪਣੀ ਪਹਾੜੀ ਦੇ ਪੈਰਾਂ ਵਿੱਚ ਜੰਗਲੀ ਪੋਸਤ ਦੇ ਫੁੱਲ ਇਕੱਠੇ ਕਰ ਰਹੇ ਸਾਂ, ਉਹ ਹਸਦੀ ਹਸਦੀ ਪਹਾੜ ਦੇ ਉਤੇ ਚੜ੍ਹਣ ਲੱਗ ਗਈ ਸੀ- ਉਹਦੇ ਗਲ ਵਿੱਚ ਖੁੰਭਾਂ ਦੇ ਹਾਰ ਸਨ, ਤੇ ਉਪਰ ਪੂਰਾ ਚੰਨ ਸੀ, ਉਹਦੇ ਮੋਢਿਆਂ ਉਤੇ ਖੰਭ ਉਗ ਆਏ ਸਨ, ਤੇ ਮੇਰਿਆਂ ਉਤੇ, ਤੇ ਅਸੀਂ ਦੋਵੇਂ ਉਡ ਰਹੇ ਸਾਂ... ਇਸ ਆਪਣੇ ਬਿਸਤਰੇ ਉਤੇ ਹਾਲੀ ਮਸਾਂ ਹਫ਼ਤਾ ਕੁ ਹੀ ਮੈਂ ਸੁੱਤਾ ਹੋਵਾਂਗਾ ਕਿ ਮੈਨੂੰ ਤੇ ਮੇਰੇ ਨਾਲ ਲੱਖਾਂ ਹੀ ਲੋਕਾਂ ਨੂੰ ਆਪਣਾ ਵਤਨ ਛੱਡ ਕੇ ਏਧਰ ਆਉਣਾ ਪਿਆ। ਤੇ ਇਸੇ ਤਰ੍ਹਾਂ ਲੱਖਾਂ ਨੂੰ ਨੂੰ ਹੀ ਏਧਰੋਂ ਆਪਣਾ ਵਤਨ ਛੱਡ ਕੇ ਓਧਰ ਜਾਣਾ ਪਿਆ।

ਬੜੇ ਹੀ ਭਿਆਣਕ ਦਿਨ ਸਨ ਉਹ- ਜਿਵੇਂ ਦਰਿਆ ਤੋਂ ਬਾਹਰ ਵੀ ਥਾਂ ਥਾਂ ਮਗਰਮੱਛ ਹੋਣ। ਉਹ ਇਕ ਬਿਸਤਰਾ ਤੇ ਆਪਣੇ ਤਨ ਦੁਆਲੇ ਦੇ ਤਿੰਨ ਕਪੜੇ ਲੈ ਕੇ ਮੈਨੂੰ ਆਪਣਾ ਵਤਨ ਛੱਡਣਾ ਪਿਆ। ਮੈਂ ਇਕੱਲਾ ਕਾਰਾ ਹੀ ਕਿਸੇ ਹਾਲ ਏਧਰ ਪੁਜਾ।

ਪਹਿਲਾਂ ਤਾਂ ਕੁਝ ਦਿਨ ਕਾਫ਼ਲਿਆਂ ਵਿੱਚ, ਕੈਂਪਾਂ ਵਿਚ, ਟਰੱਕਾਂ ਵਿੱਚ, ਗੱਡੀਆਂ ਵਿੱਚ ਅਜਿਹੇ ਹਾਲ ਲੰਘੇ ਕਿ ਬਿਸਤਰਾ ਲਾਣ ਦੀ ਥਾਂ ਹੀ ਕੋਈ ਨਹੀਂ ਸੀ। ਫੇਰ ਰਾਤ ਨੂੰ ਕਦੇ ਕਦੇ ਥਾਂ ਮਿਲਣ ਲੱਗ ਪਈ, ਪਰ ਮੈਂ ਆਪਣੇ ਬੱਝੇ ਬਿਸਤਰੇ ਨਾਲ ਢਾਸਣਾ ਲਾ ਕੇ ਹੀ ਲੇਟ ਜਾਂਦਾ। ਕੁਝ ਚਿਰ ਪਿੱਛੋਂ ਮੈਨੂੰ ਇੱਕ ਪ੍ਰਾਈਵੇਟ ਸਕੂਲ ਵਿੱਚ ਕੰਮ ਮਿਲ ਗਿਆ। ਇਕ ਕਮਰਾ ਤੇ ਇਕ ਮੰਜਾ ਵੀ ਇਕ ਮਿਹਰਬਾਨ ਨੇ ਲੱਭ ਦਿੱਤਾ- ਪਰ ਉਸ ਕਮਰੇ ਵਿੱਚ ਵੀ ਆਪਣਾ ਬਿਸਤਰਾ ਖੋਲ੍ਹਣ ਉਤੇ ਮੇਰਾ ਜੀਅ ਨਾ ਕੀਤਾ। ਇਥੇ ਪ੍ਰਦੇਸ ਵਿੱਚ ਇਹ ਬਿਸਤਰਾ ਭਲਾ ਕਿਓਂ ਖੋਲ੍ਹਾਂ। ਇਥੇ ਅਲਾਣੀ ਮੰਜੀ ਉਤੇ ਹੀ ਝਟ ਟਪਾ ਲਵਾਂਗਾ। ਨਾਲੇ ਹਾਲੀ ਸਿਆਲਾ ਵੀ ਤਾਂ ਨਹੀਂ ਸੀ ਆਇਆ, (ਇਥੋਂ ਦਾ ਸਿਆਲਾ ਵੀ ਤਾਂ ਬੜਾ ਨੀਮ ਜਿਹਾ ਹੁੰਦਾ ਏ!) ਮਹੀਨਾ ਨਹੀਂ, ਤਾਂ ਦੋ ਮਹੀਨੇ, ਹਦ ਚਾਰ ਮਹੀਨੇ, ਤੇ ਹਾਲਤ ਸੁਧਰ ਜਾਏਗੀ, ਸਭ ਆਪੋ ਆਪਣੇ ਘਰੀਂ ਪਰਤ ਪੈਣਗੇ। ਪਹਿਲੇ ਦਿਨ ਮੁੜ ਆਣਗੇ ਤੇ ਇਹ ਬਿਸਤਰਾ ਆਪਣੇ ਵਤਨ ਹੀ ਜਾ ਕੇ ਲਾਵਾਂਗਾ, ਗੁਲਾਬਾਸ਼ੀਆਂ ਤੇ ਗੈਂਦੇ ਵਾਲੇ ਆਪਣੇ ਘਰ ਜਿਹੜਾ ਉਸ ਵੱਡੇ ਸਾਰੇ ਦਰਿਆ ਦੇ ਕੰਢੇ ਸੀ (ਇਥੋਂ ਦੇ ਦਰਿਆ ਵੀ ਤੇ ਨਾਲੇ ਜਿਹੇ ਸਨ!) ਜਿਸਨੂੰ ਸਿਆਲੇ ਵਿੱਚ ਧੁੰਦ ਲੁਕੋ ਲੈਂਦੀ ਸੀ, ਤੇ ਮੀਂਹਾਂ ਪਿਛੋਂ ਜਿਦ੍ਹੇ ਕੰਢੇ ਖੁੰਭਾਂ ਹੀ ਖੁੰਭਾਂ ਨਿਕਲ ਆਉਂਦੀਆਂ ਸਨ, ਤੇ ਜਿਥੇ ਹਦਵਾਣੇ ਏਨੇ ਠੰਢੇ, ਏਨੇ ਮਿੱਠੇ ਤੇ ਏਨੇ ਲਾਲ ਹੁੰਦੇ ਸਨ, ਤੇ ਜਿਥੇ ਉਹ ਪਹਾੜੀ ਸੀ ਜਿਸ ਦੇ ਪੈਰਾਂ ਵਿਚੋਂ ਲੱਭਿਆ ਹਜ਼ਾਰਾਂ ਵਰ੍ਹਿਆਂ ਦਾ ਪੁਰਾਣਾ ਬੁੱਤ ਓਥੇ ਮੇਰੀ ਬੈਠਕ ਦੀ ਅੰਗੀਠੀ ਉਤੇ ਪਿਆ ਸੀ..ਤੇ ਮੇਰੀ ਮਹਿਬੂਬਾ... ਪਰ ਮਹੀਨਾ, ਦੋ ਮਹੀਨੇ, ਚਾਰ ਮਹੀਨੇ ਤੇ ਫੇਰ ਹੁਣ ਕੋਈ ਤ੍ਰੇਈ ਵਰ੍ਹੇ ਹੋਣ ਲੱਗੇ ਨੇ- ਮੈਨੂੰ ਏਧਰ ਹੀ ਰਹਿਣਾ ਪੈ ਰਿਹਾ ਏ। ਹੁਣ ਇਥੇ ਮੇਰਾ ਪਰਿਵਾਰ ਏ, ਇਕ ਦਰਮਿਆਨਾ ਜਿਹਾ ਆਪਣਾ ਮਕਾਨ ਏ, ਇਥੇ ਵੀ ਆਇਆ ਗਿਆ ਰਹਿਣ ਲਗ ਪਿਆ ਏ। ਪਰ ਜੇ ਕਦੇ ਬਿਸਤਰੇ ਘਟ ਵੀ ਜਾਣ ਤਾਂ ਵੀ ਆਪਣੇ ਵਤਨ ਤੋਂ ਲਿਆਂਦਾ ਉਹ ਬਿਸਤਰਾ, ਆਪਣੀ ਪਹਿਲੀ ਤਨਖ਼ਾਹ ਦੀ ਖ਼ਰੀਦ, ਖੋਲ੍ਹਣ ਉਤੇ ਮੇਰਾ ਜੀਅ ਨਹੀਂ ਕਰਦਾ। ਉਹ ਤੇ ਮੈਂ ਸੋਚਿਆ ਸੀ ਕਿ ਆਪਣੇ ਵਤਨ ਜਾ ਕੇ ਹੀ ਖੋਲ੍ਹਾਂਗਾ- ਤੁਸੀਂ ਫਿਰ ਟੋਕੋਗੇ ਕਿ ਉਹ ਮੇਰਾ ਵਤਨ ਕਿਵੇਂ ਹੋਇਆ ਜਿਥੇ ਮੈਂ ਜਾ ਹੀ ਨਹੀਂ ਸਕਦਾ! - ਤੇ ਉਹ ਬਿਸਤਰਾ ਉਵੇਂ ਦਾ ਉਵੇਂ ਬੰਦ ਪਿਆ ਏ...

---

ਰੂਸੀ ਕਹਾਣੀ

ਲਿਉ ਤਾਲਸਤਾਏ

# ਨਿੱਕਾ ਪੰਛੀ

ਇਕ ਵਾਰੀ ਇੱਕ ਮੁੰਡਾ ਜਿਸਦਾ ਨਾਂ ਸਈਉਜ਼ਾ ਸੀ, ਉਸਨੂੰ ਆਪਣੇ ਜਨਮ ਦਿਨ 'ਤੇ ਬਹੁਤ ਸਾਰੇ ਤੋਹਫ਼ੇ ਮਿਲੇ। ਇਨ੍ਹਾਂ ਵਿੱਚ ਤਸਵੀਰਾਂ ਵਾਲੇ ਕਾਰਡ, ਭੰਬੀਰੀਆਂ ਅਤੇ ਲੱਕੜੀ ਦੇ ਬਣੇ ਹੋਏ ਘੋੜੇ ਆਦਿ ਸਨ, ਪਰ ਸਭ ਤੋਂ ਵਧੀਆ ਤੋਹਫ਼ਾ ਉਸਨੂੰ ਆਪਣੇ ਚਾਚੇ ਵੱਲੋਂ ਦਿੱਤਾ ਪੰਛੀ ਫੜਨ ਵਾਲਾ ਜਾਲ ਹੀ ਲੱਗਾ। ਇੱਕ ਫਰੇਮ ਨਾਲ ਛੋਟੀ ਜਿਹੀ ਤਖ਼ਤੀ ਜੋੜ ਕੇ ਇਸਦੇ ਪਿਛਲੇ ਪਾਸੇ ਜਾਲ ਨੂੰ ਖਿੱਚ ਕੇ ਲਾਇਆ ਹੋਇਆ ਸੀ। ਸਈਉਜ਼ਾ ਬਹੁਤ ਖੁਸ਼ ਸੀ ਤੇ ਉਹ ਖੁਸ਼ੀ ਨਾਲ ਦੌੜਦਾ ਹੋਇਆ ਆਪਣੀ ਮਾਂ ਨੂੰ ਇਹ ਤੋਹਫ਼ਾ ਦਿਖਾਉਣ ਲਈ ਲਿਆਇਆ। ਉਸਦੀ ਮਾਂ ਨੂੰ ਇਹ ਤੋਹਫ਼ਾ ਪਸੰਦ ਨਹੀਂ ਆਇਆ। ਉਹ ਕਹਿਣ ਲੱਗੀ, ਇਹ ਕੋਈ ਵਧੀਆ ਖਿਡੌਣਾ ਨਹੀਂ ਹੈ। ਤੂੰ ਨਿੱਕੇ ਨਿੱਕੇ ਪੰਛੀਆਂ ਦਾ ਕੀ ਕਰੇਂਗਾ? ਤੂੰ ਹੋਰਨਾਂ ਨੂੰ ਕਿਉਂ ਦੁਖੀ ਕਰਨਾ ਚਾਹੁੰਦਾ ਹੈ? ਪਰ ਸਈਉਜ਼ਾ ਜ਼ਿੱਦ ਕਰਨ ਲੱਗਾ, ਮੈਂ ਉਨ੍ਹਾਂ ਨੂੰ ਪਿੰਜਰਿਆਂ 'ਚ ਬੰਦ ਕਰ ਕੇ ਰੱਖਾਂਗਾ ਤੇ ਉਨ੍ਹਾਂ ਨੂੰ ਦਾਣੇ ਵੀ ਪਾਇਆ ਕਰਾਂਗਾ।

ਅਗਲੇ ਦਿਨ ਸਈਉਜ਼ਾ ਨੇ ਤਖ਼ਤੀ 'ਤੇ ਕੁਝ ਦਾਣੇ ਖਿਲਾਰੇ ਤੇ ਬਾਗ਼ ਵਿੱਚ ਜਾਲ ਲਾ ਦਿੱਤਾ। ਆਪ ਉਹ ਕੁਝ ਚਿਰ ਉੱਥੇ ਹੀ ਖੜ੍ਹਾ ਰਿਹਾ ਤਾਂ ਕਿ ਪੰਛੀਆਂ ਨੂੰ ਜਾਲ 'ਚ ਫਸਦਿਆਂ ਦੇਖ ਸਕੇ, ਪਰ ਪੰਛੀ ਉਸ ਕੋਲੋਂ ਡਰਦਿਆਂ ਜਾਲ ਦੇ ਨੇੜੇ ਨਾ ਆਏ।

ਕੁਝ ਚਿਰ ਉਡੀਕ ਕਰਨ ਤੋਂ ਬਾਅਦ ਉਹ ਦੁਪਹਿਰ ਦੀ ਰੋਟੀ ਖਾਣ ਘਰ ਆ ਗਿਆ। ਜਦੋਂ ਉਹ ਵਾਪਸ ਬਾਗ਼ 'ਚ ਗਿਆ ਤਾਂ ਉਸਨੇ ਦੇਖਿਆ ਕਿ ਜਾਲ ਥੱਲੇ ਡਿੱਗਿਆ ਪਿਆ ਸੀ ਤੇ ਇਕ ਨਿੱਕਾ ਜਿਹਾ ਪੰਛੀ ਜਾਲ ਅੰਦਰ ਫਸਿਆ ਹੋਇਆ ਸੀ। ਸਈਉਜ਼ਾ ਬਹੁਤ ਖੁਸ਼ ਹੋਇਆ। ਉਹ ਪੰਛੀ ਨੂੰ ਫੜ ਕੇ ਘਰ ਲੈ ਆਇਆ।

ਘਰ ਆ ਕੇ ਉਹ ਆਪਣੀ ਮਾਂ ਨੂੰ ਕਹਿਣ ਲੱਗਾ, ਦੇਖ ਮਾਂ, ਮੈਂ ਇਕ ਪੰਛੀ ਫੜ ਕੇ ਲਿਆਇਆ ਹਾਂ। ਇਹ ਜ਼ਰੂਰ ਬੁਲਬੁਲ ਹੀ ਹੋਏਗੀ।

ਉਸਦੀ ਮਾਂ ਨੇ ਕਿਹਾ, ਇਹ ਤਾਂ ਗਾਉਣ ਵਾਲਾ ਪੰਛੀ ਹੈ। ਇਸਨੂੰ ਤੰਗ ਨਾ ਕਰੀਂ। ਇਸ ਨੂੰ ਛੱਡ ਦੇ।

ਨਹੀਂ, ਮੈਂ ਤਾਂ ਇਸਨੂੰ ਪਿੰਜਰੇ 'ਚ ਬੰਦ ਕਰ ਕੇ ਚੋਗਾ ਵੀ ਪਾਵਾਂਗਾ ਤੇ ਇਸਦਾ ਪੂਰਾ ਖਿਆਲ ਵੀ ਰੱਖਾਂਗਾ।

ਸਈਉਜ਼ਾ ਨੇ ਉਸਨੂੰ ਪਿੰਜਰੇ 'ਚ ਬੰਦ ਕਰ ਦਿੱਤਾ ਅਤੇ ਦੋ ਦਿਨ ਉਸਨੂੰ ਦਾਣੇ ਤੇ ਪਾਣੀ ਪਾਉਂਦਾ ਰਿਹਾ ਤੇ ਪਿੰਜਰੇ ਨੂੰ ਸਾਫ਼ ਵੀ ਕਰਦਾ ਰਿਹਾ। ਪਰ ਤੀਸਰੇ ਦਿਨ ਹੀ ਉਹ ਆਪਣੀਆਂ ਜ਼ਿੰਮੇਵਾਰੀਆਂ ਭੁੱਲ ਗਿਆ। ਉਸਨੇ ਨਾ ਤਾਂ ਉਸ ਪੰਛੀ ਦਾ ਪਾਣੀ ਹੀ ਬਦਲਿਆ ਤੇ ਨਾ ਹੀ ਪਿੰਜਰਾ ਸਾਫ਼ ਕੀਤਾ।

ਫੇਰ ਉਸਦੀ ਮਾਂ ਨੇ ਕਿਹਾ, ਦੇਖ, ਤੂੰ ਉਸ ਨਿੱਕੇ ਪੰਛੀ ਬਾਰੇ ਬਿਲਕੁਲ ਹੀ ਭੁੱਲ ਗਿਆ। ਮੇਰਾ ਖਿਆਲ ਹੈ ਕਿ ਚੰਗਾ ਹੋਏਗਾ ਜੇ ਤੂੰ ਉਸ ਨੂੰ ਆਜ਼ਾਦ ਕਰ ਦੇਵੇਂ।

ਉਹ ਬੋਲਿਆ, ਨਹੀਂ, ਮੈਂ ਅੱਗੇ ਤੋਂ ਨਹੀਂ ਭੁੱਲਾਗਾਂ। ਮੈਂ ਹੁਣੇ ਇਸ ਨੂੰ ਤਾਜ਼ਾ ਪਾਣੀ ਪਾਉਂਦਾ ਹਾਂ ਤੇ ਪਿੰਜਰਾ ਵੀ ਸਾਫ਼ ਕਰਦਾ ਹਾਂ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## ਅੰਨ੍ਹੇ ਨੂੰ ਦਾਨਾ

ਗੌਰਵ ਧੀਮਾਨ
ਚੰਡੀਗੜ੍ਹ ਜੀਰਕਪੁਰ
ਮੋ: ਨੰ: 7626818016





ਫ਼ਕੀਰ ਨਹੀਂ ਮੁਰੀਦ ਨਹੀਂ,
ਦੁਨੀਆ ਦੀ ਮੈਂ ਭੀੜ ਨਹੀਂ।
ਪੈਰੀ ਮਸਲ ਰੋਜ਼ ਮੈ ਜਾਂਦਾ,
ਇੱਕ ਵਕਤ ਜਿੰਦਗੀ ਨਹੀਂ।

ਆਪੋ ਆਪਣੇ ਕੰਮ ਨੇ ਰਾਜੀ,
ਫ਼ਿਕਰ ਜੱਗ ਕਿਸੇ ਦੀ ਨਹੀਂ।
ਰਤਾ ਪ੍ਰਵਾਹ ਜਿੰਦਗੀ ਬਾਜੀ,
ਦਾਣਾ ਬਗ਼ੈਰ ਕੁਝ ਵੀ ਨਹੀਂ।

ਘੱਟ ਉਮੀਦਾਂ ਇੱਕ ਵਜਾਹ,
ਮੇਰੀ ਇੱਥੇ ਤਕਦੀਰ ਨਹੀਂ।

ਰੋਜ਼ ਭੁੱਖੇ ਮਰਦੀ ਵਜਾਹਦ,
ਦਿਲ ਸਕੂਨ ਕਿੱਥੇ ਵੀ ਨਹੀਂ।

ਪਲ਼ ਦੋ ਪਲ਼ ਗਿਆ ਸਮਾਂ,
ਜਿੰਦਗੀ ਬਹਾਨੇ ਦੀ ਨਹੀਂ।
ਪੈਰੋਂ ਦੱਬ ਮੈਨੂੰ ਮੌਤ ਜਲਦੀ,
ਮੁੱਕ ਦਾਣਾ ਪਾਣੀ ਹੀ ਨਹੀਂ।

ਜਿੰਦਗੀ ਤੋਂ ਚੱਲ ਭੁੱਖ ਸੇਕੀ,
ਦਾਣਾ ਮਿਲਣ 'ਤੇ ਖੁਸ਼ੀ ਸਹੀ।
ਇੱਕ ਕਤਾਰ ਅੰਨ੍ਹੇ ਨੂੰ ਦਾਣਾ,
ਗੌਰਵ ਰੱਬ ਮਰਜੀ ਵੀ ਨਹੀਂ।

## ਘਰ

ਡਾ: ਸਤਿੰਦਰਜੀਤ ਕੌਰ ਬੁੱਟਰ



ਘਰ ਦੀ ਖੂਬਸੂਰਤੀ
ਇੱਟਾਂ ਦੀਆਂ ਕੰਧਾਂ ਨਾਲ
ਕੀਮਤੀ ਫਰਨੀਚਰ ਨਾਲ
ਖੂਬਸੂਰਤ ਘਾਹ ਦੇ ਲਾਨ
ਜੋ ਕਿੰਨੀ ਵੀ ਤਰਤੀਬ ਨਾਲ
ਕਟਿੰਗ ਕੀਤਾ ਹੋਵੇ
ਨਾਲ ਨਹੀਂ
ਘਰ ਤਾਂ ਹੁੰਦੇ ਨੇ
ਭੈਣ , ਭਰਾਵਾਂ ਨਾਲ
ਜੋ ਘਰ ਦੀਆਂ ਕੰਧਾਂ ਹੁੰਦੇ ਨੇ ਤੇ
ਤੇ ਛੱਤ ਹੁੰਦਾ ਏ ਪਿਓ
ਭਾਵੇਂ ਉਹ ਘਾਹ -ਫੂਸ ਦੀ ਹੀ ਹੋਵੇ
ਤੇ ਮਾਂ ਦੀ ਮਮਤਾ ਹੁੰਦੀ ਏ
ਜੋ ਠੰਢ ਬਖ਼ਸ਼ਦੀ ਹੈ ਗਰਮੀ ਵਿੱਚ
ਤੇ ਨਿੱਘ ਦਿੰਦੀ ਹੈ ਸਰਦੀਆਂ ਵਿੱਚ
ਤੇ ਬੱਚੇ ਪਨੀਰੀ ਹੁੰਦੇ ਨੇ
ਤੇ ਪਨੀਰੀ ਹੌਲੀ ਹੌਲੀ ਵੱਡੀ ਹੁੰਦੀ ਹੈ
ਤੇ ਦਰਖਤ ਬਣ ਫਲਦੀ- ਫੁੱਲਦੀ ਹੈ
ਤੇ!
ਤੇ ਜਦੋਂ ਵੀ ਹਨੇਰੀ ,ਝੱਖੜ ਝੁੱਲਦੇ ਨੇ
ਛੱਤ ਉੱਡ ਜਾਂਦੀ ਹੈ ਤੇ
ਤੇ ਕੰਧਾਂ ਢਹਿ ਜਾਂਦੀਆਂ ਹਨ
ਤੇ ਉਦੋਂ ਉਹੋ ਘਰ,ਘਰ ਨਹੀ
ਮਕਾਨ ਬਣ ਜਾਂਦਾ ਹੈ।

## ਜਮ੍ਹਾਂ ਮਨਫ਼ੀ



ਕੁਲਵੰਤ ਸਿੰਘ ਢੇਸੀ
ਕਾਵੈਂਟਰੀ, ਯੂ ਕੇ

ਗੁਣਾ ਤੇ ਤਕਸੀਮ ਦੇ ਮੈਂ ਆਂਕੜੇ ਨੂੰ ਕਰ ਪਰ੍ਹਾਂ।
ਸੁਾਬ ਕਿਓਂ ਨਾ ਸਿੱਧਾ ਸਾਦਾ ਜਮ੍ਹਾਂ ਮਨਫ਼ੀ ਦਾ ਕਰਾਂ।
ਗਿੱਟੀਆਂ ਗਿਣਦੇ ਜੋ ਬੀਤੀ ਪਰਤ ਕੇ ਆਉਣੀ ਨਹੀਂ,
ਸੀਸ ਦਾ ਹੋਵੇ ਨਿਤਾਰਾ ਯਾਰ ਦੀ ਸਰਦਲ ਧਰਾਂ।
ਪਤਾ ਹੈ ਹਰ ਵੇਰ ਜੋ ਨਹੀਂ ਖ਼ੈਰ ਪਉਣੀ ਗ਼ੈਰ ਨੇ,
ਆਰਜੀ ਜਈ ਮਾਨਤਾ ਲਈ ਲਾਹਨਤਾਂ ਕਾਹਨੂੰ ਜਰਾਂ।
ਮੋਰ ਵਾਂਗੂੰ ਹੋਰਨਾਂ ਨੂੰ ਵੀ ਹੈ ਆਪੋ ਆਪਣੀ,
ਅਣਹੋਏ ਜਏ ਦੋਸ਼ ਦੇ ਕੇ ਹੋਰਨਾ 'ਤੇ ਕਿਓਂ ਵਰ੍ਹਾਂ।
ਕਿਓਂ ਕਿਸੇ ਦੀ ਰੀਸ ਦਾ ਲਾਵਾਂ ਮੈਂ ਜਾਅਲੀ ਮਾਰਕਾ,
ਬੜੇ ਹੋਣੇ ਚਹੁਣ ਵਾਲੇ ਜ਼ਿੰਦਗੀ ਮੇਰੀ ਤਰਾਂ।
ਠੀਕ ਸ਼ਿਕਰੇ ਵਾਂਗ ਹੀ ਪਰਖ ਤਾਂ ਕਰਨੀ ਪਊ,
ਬਿਨਾ ਲੋੜੀਂਦੀ ਰਜ਼ਕ ਦੇ ਉਡਣਾ ਨਹੀਂ ਮੇਰੇ ਪਰਾਂ।
ਮੰਨਿਆਂ ਕੁਝ ਦੇਣੇ ਤੇ ਲੈਣੇ ਦਾ ਵੀ ਹੁੰਦਾ ਹੈ ਹਿਸਾਬ,
ਖਾਹ ਮਖਾਹ ਰਵਾਦਾਰੀਆਂ ਦੀ ਪੀੜ ਨੂੰ ਤਾਂ ਨਾ ਜਰਾਂ।
ਚੰਗਾ ਹੈ ਵਾਂਗੂੰ ਜੋਗੀਆਂ ਤੂੰ ਕਹਿ ਇਹਨਾ ਨੂੰ ਅਲਵਿਦਾ,
ਤੇਰਾ ਵਸੇਬਾ 'ਢੇਸੀਆ' ਹੋਣਾ ਨਹੀਂ ਉਜੜੇ ਘਰਾਂ।

## ਕਵਿਤਾ ਦੀ ਰੁੱਤ

ਡਾ. ਅਮਰਜੀਤ ਕੌਂਕੇ



ਜਦੋਂ ਵੀ
ਕਵਿਤਾ ਦੀ ਰੁੱਤ ਆਈ
ਤੇਰੀਆਂ ਯਾਦਾਂ ਦੇ ਕਿੰਨੇ ਮੌਸਮ
ਆਪਣੇ ਨਾਲ ਲਿਆਈ

ਮੈਂ ਕਵਿਤਾ ਨਹੀਂ
ਜਿਵੇਂ ਤੈਨੂੰ ਹੀ ਲਿਖਦਾ ਹਾਂ
ਮੇਰੇ ਪੋਟਿਆਂ
ਮੇਰੇ ਨੈਣਾਂ
ਮੇਰੇ ਲਹੂ ਵਿੱਚ
ਤੇਰਾ ਅਜਬ ਜਿਹਾ ਸਰੂਰ ਤੁਰਦਾ ਹੈ
ਅਜੀਬ ਜਿਹਾ ਖ਼ਿਆਲ
ਹੈਰਾਨ ਕਰਨ ਵਾਲਾ
ਪਤਾ ਨਹੀਂ ਕਿੱਥੋਂ ਫੁਰਦਾ ਹੈ

ਤੂੰ ਅਛੋਪਲੇ ਜਿਹੇ
ਮੇਰੇ ਕੋਲ ਆ ਬਹਿੰਦੀ
ਤੇਰੀ ਨਜ਼ਰ
ਮੇਰੀ ਕਵਿਤਾ ਦਾ
ਇਕੱਲਾ-ਇਕੱਲਾ ਸ਼ਬਦ
ਕਿਸੇ ਪਾਰਖੂ ਵਾਂਗ
ਟੁਣਕਾ ਕੇ ਵੇਖਦੀ
ਮੇਰੇ ਨੈਣਾਂ 'ਚ
ਤੇਰਾ ਮੁਸਕਰਾਉਂਦਾ ਚਿਹਰਾ ਆਉਂਦਾ ਮੇਰੇ ਦੁਆਲੇ ਸ਼ਬਦਾਂ
ਦਾ
ਮੀਂਹ ਵਰ੍ਹਦਾ
ਤੇ ਮੈਂ ਕਿਸੇ ਬੱਚੇ ਵਾਂਗ
ਸ਼ਬਦਾਂ ਨੂੰ ਚੁੱਕ ਚੁੱਕ
ਉਹਨਾਂ ਨੂੰ
ਕਤਾਰਾਂ 'ਚ ਸਜਾਉਂਦਾ
ਕਿਤੇ ਵੀ ਹੋਵੇਂ ਭਾਵੇਂ
ਕਿੰਨੀ ਵੀ ਦੂਰ
ਅਸੀਮ ਅਨੰਤ ਦੂਰੀ 'ਤੇ
ਪਰ ਕਵਿਤਾ ਦੀ ਰੁੱਤ ਵਿੱਚ
ਤੂੰ ਸਦਾ
ਮੇਰੇ ਕੋਲ ਕੋਲ ਹੁੰਦੀ...।

## ਇੱਕ ਖ਼ੁਾਬ ਦੇ ਤੇ ਕਿਤਾਬ ਦੇ ਇੱਕ ਇੰਤਜ਼ਾਰ ਦੇ

ਸੁਰਜੀਤ ਪਾਤਰ



ਇੱਕ ਖ਼ੁਾਬ ਦੇ ਤੇ ਕਿਤਾਬ ਦੇ ਇਕ ਇੰਤਜ਼ਾਰ ਦੇ
ਤੇ ਫੇਰ ਭਾਵੇਂ ਉਮਰ ਭਰ ਕਿਧਰੇ ਖਲਾਰ ਦੇ
ਸ਼ੀਸ਼ਾ ਨ ਬਣ ਦਿਖਾ ਨ ਬੱਸ ਚਿਹਰੇ ਦੀ ਧੂੜ ਹੀ
ਤੂੰ ਨੀਰ ਬਣ ਤੇ ਧੂੜ ਵੀ ਮੁਖ ਤੋਂ ਉਤਾਰ ਦੇ
ਸ਼ੀਸ਼ੇ ਤੋਂ ਦੌੜ ਕੇ ਹੀ ਤਾਂ ਆਏ ਹਾਂ ਤੇਰੇ ਕੋਲ
ਕੋਈ ਖਾਬ ਦੇ, ਦੁਆ ਦੇ, ਦਿਲਾਸਾ ਦੇ, ਪਿਆਰ ਦੇ
ਇਹ ਤੇਗ ਪਾਸੇ ਰੱਖ ਦੇ ਜੇ ਮੈਨੂੰ ਮਾਰਨਾ
ਸੀਨੇ 'ਚ ਕੋਈ ਸ਼ਬਦ ਕੋਈ ਸੁਰ ਉਤਾਰ ਦੇ
ਇਕ ਹੋਰ ਰਾਤ ਟਾਲ ਦੇ ਦੁਖਦਾਈ ਫੈਸਲੇ
ਇਹ ਮਨ ਦੇ ਕੰਜਣ ਰਹਿਣ ਦੇ, ਤਨ ਦੇ ਉਤਾਰ ਦੇ

## ਔਰਤ ਤੇ ਜ਼ਮੀਨ

ਹਰਪ੍ਰੀਤ ਕੌਰ ਸੰਧੂ

ਆਦਮੀ
ਸਿਰਫ਼ ਇੱਛਾਵਾਂ ਦਾ
ਵਫ਼ਾਦਾਰ ਹੁੰਦਾ ਹੈ
ਭਟਕਦਾ ਰਹਿੰਦਾ ਹੈ
ਸਰੀਰ ਵਿੱਚ
ਮਾਣਦਾ ਹੈ ਖੁਸ਼ਬੋ ਭੌਰੇ ਵਾਂਗ
ਕਦੇ ਇਸ ਫੁੱਲ ਤੇ
ਕਦੇ ਉਸ ਤੇ
ਪਰਾਗ ਹੀ ਤਾਂ ਚਾਹੀਦਾ ਹੈ

ਔਰਤ ਧਰਤੀ ਵਾਂਗ ਹੁੰਦੀ
ਠੇਕੇ ਤੇ ਲਵੋ,
ਅੱਧ ਤੇ
ਭਾਵੇ ਆਪ ਬੀਜ ਲਵੋ
ਉਸਨੇ ਹਰ ਹਾਲ

ਕੁੱਖ ਹਰੀ ਕਰਨੀ
ਫਸਲ ਦੀ ਤਰਾਂ
ਦੇਣਾ ਤੁਹਾਡਾ ਅੰਸ਼।
ਫਿਤਰਤ ਨਹੀਂ ਬਦਲੀ
ਸਦੀ ਦਰ ਸਦੀ
ਏਹੀ ਹੋਇਆ
ਮਰਦ ਦੇ ਬੀਜ ਤੋਂ ਔਰਤ ਨੇ
ਰੁੱਖ ਪੈਦਾ ਕੀਤੇ
ਜੀਵਨ ਦੇ ਕੇ
ਬੇਅੰਤ ਦੁੱਖ ਸਹੇ
ਕਦੇ ਪਤਨੀ
ਕਦੇ ਪ੍ਰੇਮਿਕਾ
ਕਦੇ ਬਦਚਲਨ
ਰੂਪ ਹੀ ਬਦਲੇ
ਕਰਮ ਨਹੀਂ

## ਵੇ ਮੈਂ ਭਰੀ ਸੁਗੰਧੀਆਂ ਪੌਣ

ਡਾ. ਹਰਿਭਜਨ ਸਿੰਘ

ਵੇ ਮੈਂ ਭਰੀ ਸੁਗੰਧੀਆਂ ਪੌਣ,
ਸਜਨ ਤੇਰੇ ਬੂਹੇ
ਵੇ ਤੂੰ ਇਕ ਵਾਰੀ ਤੱਕ ਲੈ ਕੌਣ,
ਸਜਨ ਤੇਰੇ ਬੂਹੇ

ਮੇਰੀ ਕੱਚੜੀ ਪਹਿਲ ਵਰੇਸ
ਸੰਗ ਤੇਰਾ ਚਾਹੇ
ਮੇਰੇ ਸੁੱਚੜੇ ਸੁੱਚੜੇ ਅੰਗ
ਕੇਸ ਅਣਵਾਹੇ
ਹਿੱਕ ਧੁਖੇ ਪਹਿਲੜੀ ਰੀਝ
ਵੇਸ ਮੇਰੇ ਸੂਹੇ

ਮੇਰੀ ਸੁਫ਼ਨੇ-ਵਰਗੀ ਜਿੰਦ
ਆਸ-ਜਿਹੀ ਸੋਹਣੀ
ਵੇ ਮੈਂ ਉਹ ਸਰ ਆਈ ਨ੍ਹਾ
ਨਾਉਂਜਿਹਦਾ ਹੋਣੀ
ਮੈਨੂੰ ਭਲਕੇ ਦੀ ਪਰਭਾਤ
ਸਜਨ ਅਜ ਛੂਹੇ

ਮੈਂ ਖੜੀ ਸਜਨ ਤੇਰੇ ਦੁਆਰ
ਝੋਲ ਤਕਦੀਰਾਂ
ਮੇਰੀ ਰੁਸ ਨਾ ਜਾਏ ਸੁਗੰਧ
ਉਡੀਕ ਅਖੀਰਾਂ
ਕਹੀ ਤੱਤੜੀ ਤੱਤੜੀ ਵਾ
ਮੇਰਾ ਤਨ ਲੂਹੇ

ਵੇ ਮੈਂ ਭਰੀ ਸੁਗੰਧੀਆਂ ਪੌਣ
ਸਜਨ ਤੇਰੇ ਬੂਹੇ
ਵੇ ਤੂੰ ਇਕ ਵਾਰੀ ਤੱਕ ਲੈ ਕੌਣ
ਸਜਨ ਤੇਰੇ ਬੂਹੇ
(ਅਧਰੈਣੀ ਵਿੱਚੋਂ)

## ਗਿਆਨ 'ਚ ਸ਼ਕਤੀ

ਚਰਨ ਪੁਆਧੀ

ਪੜ੍ਹੋ ਬਚਿਓ ਗਿਆਨ ਲਵੋ।
ਗਿਆਨ 'ਚ ਸ਼ਕਤੀ ਜਾਣ ਲਵੋ।

ਹਰ ਵਿਸ਼ ਤ ਧਿਆਨ ਲਗਾਉਣਾ।
ਆਪਣਾ ਪੂਰਾ ਤਾਣ ਲਗਾਉਣਾ।
ਮੈਰਿਟ ਪਾਉਣੀ ਠਾਣ ਲਵੋ।
ਗਿਆਨ 'ਚ ਸ਼ਕਤੀ..........

ਪੜ੍ਹਨਾ ਸੋਚਣਾ ਗੱਲ ਚੰਗੀ ਹੈ।
ਰੱਟਾ ਲਗਾਉਣਾ ਗੱਲ ਬੁਰੀ ਹੈ।
ਪੜ੍ਹੋ ਮਾਨ-ਸਨਮਾਨ ਲਵੋ।
ਗਿਆਨ 'ਚ ਸ਼ਕਤੀ.........

ਸਮ÷ ਸੁਨਹਿਰੀ ਇਹ ਤੁਹਾਡਾ।
ਜ਼ਿੰਦਗੀ ਵਿੱਚ ਕੰਮ ਆਊ ਡਾਹਢਾ।
ਬਾਤ 'ਚਰਨ' ਕੀ ਮਾਨ ਲਵੋ।
ਗਿਆਨ 'ਚ ਸ਼ਕਤੀ.......

# ਅਸਲੀ ਪ੍ਰੇਮ ਕਹਾਣੀ 'ਤੇ ਆਧਾਰਿਤ ਸੀ 'ਗਦਰ'



'ਗਦਰ 2' ਦੇ ਰਿਲੀਜ਼ ਹੋਣ ਤੋਂ ਬਾਅਦ ਇਕ ਗੱਲ ਤਾਂ ਪੱਕੀ ਹੋ ਗਈ ਹੈ ਕਿ 22 ਸਾਲ ਬਾਅਦ ਵੀ ਤਾਰਾ ਸਿੰਘ ਦਾ ਜਾਦੂ ਪਹਿਲਾਂ ਵਾਂਗ ਬਰਕਰਾਰ ਹੈ। 'ਗਦਰ-2' ਹੁਣ 200 ਕਰੋੜ ਦੇ ਕਲੱਬ 'ਚ ਸ਼ਾਮਲ ਹੋ ਗਈ ਹੈ। ਬਾਕਸ ਆਫਿਸ 'ਤੇ ਇਸ ਸਾਲ ਦੀ ਦੂਜੀ ਸਭ ਤੋਂ ਵੱਡੀ ਫਿਲਮ ਬਣ ਕੇ 'ਗਦਰ-2' ਇੱਕ ਵਾਰ ਫਿਰ 'ਗਦਰ-ਏਕ ਪ੍ਰੇਮ ਕਥਾ' ਦਾ ਇਤਿਹਾਸ ਦੁਹਰਾ ਰਹੀ ਹੈ। ਜਦੋਂ ਪਹਿਲੀ 'ਗਦਰ' ਸਾਹਮਣੇ ਆਈ ਤਾਂ ਇਸ ਦੀ ਕਹਾਣੀ ਨੂੰ ਬਹੁਤ ਸਲਾਹਿਆ ਗਿਆ।

ਪਰ 'ਗਦਰ' ਦੀ ਕਹਾਣੀ ਅਸਲ ਜ਼ਿੰਦਗੀ ਨਾਲ ਜੁੜੀ ਕਹਾਣੀ 'ਤੇ ਆਧਾਰਿਤ ਸੀ। ਤੁਸੀਂ ਸ਼ਾਇਦ ਨਹੀਂ ਜਾਣਦੇ ਹੋਵੋਗੇ, ਪਰ ਤਾਰਾ ਸਿੰਘ ਅਤੇ ਸਕੀਨਾ ਦੇ ਕਿਰਦਾਰ ਬੂਟਾ ਸਿੰਘ ਅਤੇ ਜ਼ੈਨਬ ਦੀ ਪ੍ਰੇਮ ਕਹਾਣੀ 'ਤੇ ਅਧਾਰਤ ਸਨ ਜੋ ਦੁਖਾਂਤ ਵਿੱਚ ਖਤਮ ਹੋਏ। ਤਾਰਾ ਸਿੰਘ ਅਤੇ ਸਕੀਨਾ ਨੂੰ ਰਚਨਾਤਮਕ ਸੁਤੰਤਰਤਾ ਲੈ ਕੇ ਫਿਲਮ ਵਿੱਚ ਪੇਸ਼ ਕੀਤਾ ਗਿਆ ਸੀ, ਪਰ ਅਸਲ ਜ਼ਿੰਦਗੀ ਵਿੱਚ ਅਜਿਹਾ ਨਹੀਂ ਹੋਇਆ।

**ਕੌਣ ਸੀ ਸ਼ਹੀਦ ਬੂਟਾ ਸਿੰਘ ?**

ਬੂਟਾ ਸਿੰਘ ਪਿਆਰ ਵਿੱਚ ਸ਼ਹੀਦੀ ਪ੍ਰਾਪਤ ਕਰ ਗਿਆ। ਉਹ ਬ੍ਰਿਟਿਸ਼ ਫੌਜ ਦਾ ਮੈਂਬਰ ਸੀ ਜੋ ਬਰਮਾ ਵਿੱਚ ਵੀ ਲੜਿਆ ਸੀ। ਲਾਰਡ ਮਾਊਂਟਬੈਟਨ ਲਈ ਦੂਜੇ ਵਿਸ਼ਵ ਯੁੱਧ ਵਿੱਚ ਵੀ ਹਿੱਸਾ ਲਿਆ ਸੀ। ਵੰਡ ਵੇਲੇ ਉਹ ਵਾਪਸ ਆਪਣੇ ਪਿੰਡ ਆ ਗਿਆ।

ਜੇਕਰ ਤੁਸੀਂ ਪਹਿਲੀ ਫਿਲਮ ਦੇਖੀ ਹੈ, ਤਾਂ ਤੁਸੀਂ ਜਾਣਦੇ ਹੋਵੋਗੇ ਕਿ ਸਕੀਨਾ ਨੇ ਆਪਣੇ ਮਾਤਾ-ਪਿਤਾ ਨਾਲ ਪਾਕਿਸਤਾਨ ਜਾਣਾ ਸੀ, ਪਰ ਸਕੀਨਾ ਰੇਲਗੱਡੀ 'ਤੇ ਚੜ੍ਹਨ ਵਿੱਚ ਅਸਫਲ ਰਹਿੰਦੀ ਹੈ ਅਤੇ ਫਿਰ ਉਸ ਦੀ ਮੁਲਾਕਾਤ ਤਾਰਾ ਸਿੰਘ ਨਾਲ ਹੁੰਦੀ ਹੈ। ਜ਼ੈਨਬ ਦੀ ਕਹਾਣੀ ਵੀ ਅਜਿਹੀ ਹੀ ਸੀ। ਉਸ ਦੇ ਪਰਿਵਾਰਕ ਮੈਂਬਰ ਪਾਕਿਸਤਾਨ ਚਲੇ ਗਏ ਸਨ ਪਰ ਕਿਸੇ ਕਾਰਨ ਉਹ ਉੱਥੇ ਹੀ ਰਹਿ ਗਈ। ਬੂਟਾ ਸਿੰਘ ਤੇ ਜ਼ੈਨਬ ਦੀ ਮੁਲਾਕਾਤ ਰੇਲਵੇ ਸਟੇਸ਼ਨ 'ਤੇ ਨਹੀਂ, ਫਾਰਮ 'ਤੇ ਹੋਈ ਸੀ। ਬੂਟਾ ਸਿੰਘ ਕੋਲ ਜ਼ਮੀਨ ਸੀ ਜਿਸ 'ਤੇ ਉਹ ਖੇਤੀ ਕਰਦਾ ਸੀ। ਇਹ ਪਰਿਵਾਰਕ ਜ਼ਮੀਨ ਉਸ ਦੇ ਘਰ ਦੇ ਨੇੜੇ ਸੀ। ਜਦੋਂ ਬੂਟਾ ਸਿੰਘ ਖੇਤ ਵਿੱਚ ਸੀ ਤਾਂ ਜ਼ੈਨਬ ਉਸ ਕੋਲ ਪੈਸੇ ਮੰਗਣ ਆਈ ਕਿਉਂਕਿ ਉਸ ਨੂੰ ਕੁਝ ਲੋਕ ਤੰਗ ਪਰੇਸ਼ਾਨ ਕਰ ਰਹੇ ਸਨ। ਬੂਟਾ ਸਿੰਘ ਨੇ ਆਪਣੀ ਬਚਤ ਦਾ ਨਿਵੇਸ਼ ਕਰਕੇ ਜ਼ੈਨਬ ਲਈ ਪੈਸੇ ਇਕੱਠੇ ਕੀਤੇ। ਉਸ ਸਮੇਂ ਬੂਟਾ ਸਿੰਘ ਦਾ ਫਰਜ਼ ਬਣ ਗਿਆ ਸੀ ਕਿ ਉਹ ਕਿਸੇ ਅਣਜਾਣ ਕੁੜੀ ਲਈ ਇੰਨਾ ਕੁਝ ਕਰੇ। ਕਿਸੇ ਤਰ੍ਹਾਂ ਬੂਟਾ ਸਿੰਘ ਨੇ ਜ਼ੈਨਬ ਨੂੰ ਮੁਸੀਬਤ ਵਿੱਚੋਂ ਕੱਢਿਆ।

**ਬੂਟਾ ਸਿੰਘ ਨੇ ਜ਼ੈਨਬ ਨੂੰ ਆਪਣੇ ਘਰ ਪਨਾਹ ਦਿੱਤੀ**

ਜ਼ੈਨਬ ਨੂੰ ਕਿਤੇ ਵੀ ਜਾਣ ਲਈ ਨਹੀਂ ਸੀ, ਇਸ ਲਈ ਬੂਟਾ ਸਿੰਘ ਨੇ ਉਸ ਨੂੰ ਆਪਣੇ ਘਰ ਰੱਖਿਆ। ਹਾਲਾਂ ਕਿ ਜ਼ੈਨਬ ਨੂੰ ਘਰ 'ਚ ਰੱਖਣ 'ਤੇ ਪਿੰਡ ਵਾਸੀਆਂ ਵੱਲੋਂ ਕਾਫ਼ੀ ਇਤਰਾਜ਼ ਕੀਤਾ ਜਾ ਰਿਹਾ ਸੀ। ਪਿੰਡ ਵਾਲਿਆਂ ਨੇ ਕਿਹਾ ਸੀ ਕਿ ਜ਼ੈਨਬ ਨੂੰ ਸ਼ਰਨਾਰਥੀ ਕੈਂਪ ਭੇਜ ਦਿੱਤਾ ਜਾਵੇ ਜਾਂ ਉਸ ਦਾ ਵਿਆਹ ਕਰ ਦਿੱਤਾ ਜਾਵੇ। ਬੂਟਾ ਸਿੰਘ ਅਤੇ ਜ਼ੈਨਬ ਦੀ ਉਮਰ ਵਿੱਚ ਕਾਫ਼ੀ ਫਰਕ ਸੀ ਇਸ ਲਈ ਬੂਟਾ ਸਿੰਘ ਨੇ ਜ਼ੈਨਬ ਦਾ ਵਿਆਹ ਕਰਵਾ ਕੇ ਉਸ ਨੂੰ ਪਾਕਿਸਤਾਨ ਭੇਜਣ ਬਾਰੇ ਸੋਚਿਆ। ਨਾਲ ਹੀ ਕੋਈ ਅਜਿਹਾ ਵਿਅਕਤੀ ਲੱਭਿਆ ਜੋ ਜ਼ੈਨਬ ਨੂੰ ਪਾਕਿਸਤਾਨ ਲੈ ਜਾਵੇਗਾ।

ਜ਼ੈਨਬ ਨੂੰ ਬੂਟਾ ਸਿੰਘ ਨਾਲ ਪਿਆਰ ਪੈਦਾ ਹੋ ਗਿਆ ਸੀ ਅਤੇ ਉਸ ਨੇ ਬੂਟਾ ਨਾਲ ਵਿਆਹ ਕਰਨ ਦੀ ਇੱਛਾ ਪ੍ਰਗਟਾਈ। ਬੂਟਾ ਸਿੰਘ ਫਿਰ ਵੀ ਆਪਣੀ ਉਮਰ ਬਾਰੇ ਗੱਲ ਕਰਦਾ ਸੀ, ਪਰ ਜ਼ੈਨਬ ਨੂੰ ਉਸ 'ਤੇ ਕੋਈ ਇਤਰਾਜ਼ ਨਹੀਂ ਸੀ।



## ਜ਼ੈਨਬ ਅਤੇ ਬੂਟਾ ਸਿੰਘ ਦੀ ਪ੍ਰੇਮ ਕਹਾਣੀ ਦਾ ਦੁਖਦਾਈ ਅੰਤ

ਬੂਟਾ ਸਿੰਘ ਅਤੇ ਜ਼ੈਨਬ ਦਾ ਵਿਆਹ ਹੋਇਆ ਅਤੇ ਉਹਨਾਂ ਦੀ ਇੱਕ ਧੀ ਹੋਈ ਜਿਸ ਦਾ ਨਾਮ ਤਨਵੀਰ ਸੀ। ਕੁਝ ਰਿਪੋਰਟਾਂ ਦਾ ਮੰਨਣਾ ਹੈ ਕਿ ਬੂਟਾ ਅਤੇ ਜ਼ੈਨਬ ਦੀਆਂ ਦੋ ਬੇਟੀਆਂ ਸਨ। ਉਂਜ, ਉਸ ਦੀ ਧੀ ਤਨਵੀਰ ਦਾ ਵਰਣਨ ਜ਼ਿਆਦਾਤਰ ਮਿਲਦਾ ਹੈ। ਜਦੋਂ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਵੰਡ ਦੌਰਾਨ ਬੇਘਰ ਹੋਈਆਂ ਔਰਤਾਂ ਨੂੰ ਵਾਪਸ ਭੇਜਣ ਦਾ ਫੈਸਲਾ ਕੀਤਾ ਤਾਂ ਬੂਟਾ ਸਿੰਘ ਦੇ ਇਕ ਰਿਸ਼ਤੇਦਾਰ ਨੇ ਵੀ ਜ਼ੈਨਬ ਦਾ ਨਾਂ ਪੁਲਿਸ ਨੂੰ ਦਿੱਤਾ। ਦਰਅਸਲ ਬੂਟਾ ਸਿੰਘ ਦੀ ਜ਼ਮੀਨ ਪਰਿਵਾਰਕ ਸੀ ਅਤੇ ਜੇਕਰ ਬੂਟਾ ਦੀ ਕੋਈ ਪਤਨੀ ਅਤੇ ਬੱਚੇ ਨਾ ਹੁੰਦੇ ਤਾਂ ਇਹ ਜ਼ਮੀਨ ਉਸੇ ਰਿਸ਼ਤੇਦਾਰ ਨੂੰ ਦਿੱਤੀ ਜਾਣੀ ਸੀ।

ਜਿਸ ਤਰ੍ਹਾਂ ਤਾਰਾ ਸਿੰਘ 'ਗਦਰ' ਵਿੱਚ ਆਪਣੇ ਪੁੱਤਰ ਨਾਲ ਗੈਰ-ਕਾਨੂੰਨੀ ਢੰਗ ਨਾਲ ਪਾਕਿਸਤਾਨ ਜਾਂਦਾ ਹੈ, ਉਸੇ ਤਰ੍ਹਾਂ ਬੂਟਾ ਸਿੰਘ ਵੀ ਆਪਣੀ ਜ਼ਮੀਨ ਵੇਚ ਕੇ ਪਾਕਿਸਤਾਨ ਚਲਾ ਗਿਆ। ਜੈਨਬ ਦਾ ਪਿੰਡ ਨੂਰਪੁਰ ਸੀ ਜਿੱਥੇ ਉਸ ਨੇ ਜਾ ਕੇ ਜ਼ੈਨਬ ਨੂੰ ਮਨਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਜ਼ੈਨਬ ਪਹਿਲਾਂ ਤਾਂ ਮੰਨ ਗਈ ਪਰ ਬਾਅਦ ਵਿਚ ਪਰਿਵਾਰ ਵਾਲਿਆਂ ਦੇ ਦਬਾਅ ਵਿੱਚ ਆ ਗਈ। ਬੂਟਾ ਸਿੰਘ 'ਤੇ ਗੈਰ-ਕਾਨੂੰਨੀ ਤਰੀਕੇ ਨਾਲ ਪਾਕਿਸਤਾਨ 'ਚ ਦਾਖਲ ਹੋਣ ਦੇ ਦੋਸ਼ 'ਚ ਮੁਕੱਦਮਾ ਚਲਾਇਆ ਗਿਆ ਸੀ। ਜੇਕਰ ਬੂਟਾ ਸਿੰਘ ਨੇ ਆ ਕੇ ਬੂਟਾ ਸਿੰਘ ਨੂੰ ਆਪਣੇ ਕੇਸ ਦੇ ਨਤੀਜੇ ਵਜੋਂ ਪਛਾਣ ਲਿਆ (ਬਾਕੀ ਸਫ਼ਾ 31 'ਤੇ)

# ਮੁੱਖ ਅਦਾਕਾਰਾ ਤੋਂ ਬਿਨਾਂ ਵੀ ਦਰਸ਼ਕਾਂ ਨੇ ਪਸੰਦ ਕੀਤੀਆਂ ਕਈ ਫ਼ਿਲਮਾਂ




ਜਦੋਂ ਵੀ ਕਿਸੇ ਫਿਲਮ ਦੀ ਕਹਾਣੀ ਲਿਖੀ ਜਾਂਦੀ ਹੈ ਤਾਂ ਮੁੱਖ ਕਿਰਦਾਰ ਨਿਭਾਉਣ ਲਈ ਸਭ ਤੋਂ ਪਹਿਲਾਂ ਮੁੱਖ ਅਦਾਕਾਰਾਂ ਅਤੇ ਅਭਿਨੇਤਰੀਆਂ ਨੂੰ ਕਾਸਟ ਕੀਤਾ ਜਾਂਦਾ ਹੈ। ਆਮ ਤੌਰ 'ਤੇ ਕਿਸੇ ਫਿਲਮ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਪਿਆਰ ਦਾ ਕੋਣ ਦਿਖਾਇਆ ਜਾਂਦਾ ਹੈ ਅਤੇ ਇਸ ਦੇ ਲਈ ਇੱਕ ਮੁੱਖ ਅਦਾਕਾਰਾ ਦੀ ਲੋੜ ਹੁੰਦੀ ਹੈ। ਆਮ ਤੌਰ 'ਤੇ ਅਸੀਂ ਅਭਿਨੇਤਰੀ ਤੋਂ ਬਿਨਾਂ ਫਿਲਮ ਬਾਰੇ ਸੋਚ ਵੀ ਨਹੀਂ ਸਕਦੇ। ਜਦਕਿ ਅਸਲ 'ਚ ਕਈ ਫਿਲਮਾਂ ਅਜਿਹੀਆਂ ਹਨ, ਜਿਨ੍ਹਾਂ 'ਚ ਕੋਈ ਲੀਡ ਅਭਿਨੇਤਰੀ ਕਾਸਟ ਨਹੀਂ ਕੀਤੀ ਗਈ ਪਰ ਫਿਰ ਵੀ ਫਿਲਮ ਨੂੰ ਭਰਵਾਂ ਹੁੰਗਾਰਾ




ਮਿਲਿਆ।

ਬਾਲੀਵੁੱਡ ਦੀਆਂ ਕਈ ਅਜਿਹੀਆਂ ਫਿਲਮਾਂ ਸਨ, ਜਿਨ੍ਹਾਂ ਵਿੱਚ ਕੋਈ ਲੀਡ ਅਦਾਕਾਰਾ ਨਹੀਂ ਸੀ, ਪਰ ਫਿਰ ਵੀ ਇਨ੍ਹਾਂ ਫਿਲਮਾਂ ਨੇ ਚੰਗਾ ਕਾਰੋਬਾਰ ਕੀਤਾ। ਦਰਸ਼ਕਾਂ ਤੋਂ ਲੈ ਕੇ ਆਲੋਚਕਾਂ ਤੱਕ ਫਿਲਮ ਦੀ ਕਹਾਣੀ ਨੂੰ ਸਲਾਹਿਆ ਗਿਆ। ਇਸ ਲਈ ਅੱਜ ਇਸ ਲੇਖ ਵਿਚ ਅਸੀਂ ਤੁਹਾਨੂੰ ਅਜਿਹੀਆਂ ਹੀ ਕੁਝ ਫਿਲਮਾਂ ਬਾਰੇ ਦੱਸ ਰਹੇ ਹਾਂ।




**ਏ ਵੇਡਨਸਡੇ**

ਨਸੀਰੂਦੀਨ ਸ਼ਾਹ ਅਤੇ ਅਨੁਪਮ ਖੇਰ ਫਿਲਮ 'ਏ ਵੇਡਨਸਡੇ' 'ਚ ਮੁੱਖ ਭੂਮਿਕਾਵਾਂ 'ਚ ਨਜ਼ਰ ਆਏ ਸਨ। ਇਹ ਫਿਲਮ ਅਸਲ ਵਿੱਚ ਤਾਮਿਲ ਫਿਲਮ ਉਨਨੈਪੋਲ ਓਰੂਵਨ ਅਤੇ ਤੇਲਗੂ ਫਿਲਮ ਈਨਾਦੂ ਦੀ ਰੀਮੇਕ ਹੈ, ਜਿਸ ਵਿੱਚ ਅਨੁਪਮ ਖੇਰ ਇੱਕ ਪੁਲਿਸ ਅਫਸਰ ਦੀ ਭੂਮਿਕਾ ਵਿੱਚ ਨਜ਼ਰ ਆਏ ਸਨ। ਜਦੋਂ ਕਿ ਨਸੀਰੂਦੀਨ ਸ਼ਾਹ ਇੱਕ ਆਮ ਆਦਮੀ ਦੀ ਭੂਮਿਕਾ ਵਿੱਚ ਸਨ। ਇਹ ਛੋਟੇ ਬਜਟ ਦੀ ਫਿਲਮ ਸੀ, ਪਰ ਇਸ ਨੇ ਚੰਗਾ ਕਾਰੋਬਾਰ ਕੀਤਾ। ਇਸ ਨੇ 56ਵੇਂ ਰਾਸ਼ਟਰੀ ਫਿਲਮ ਅਵਾਰਡ ਵਿੱਚ ਸਰਵੋਤਮ ਨਿਰਦੇਸ਼ਕ ਡੈਬਿਊ ਵੀ ਜਿੱਤਿਆ। ਇਸ ਫਿਲਮ ਵਿੱਚ ਕੋਈ ਲੀਡ ਹੀਰੋਇਨ ਨਹੀਂ ਸੀ।

**ਲਾਈਫ ਆਫ਼ ਪਾਈ**

ਲਾਈਫ ਆਫ਼ ਪਾਈ ਸਾਲ 2012 ਵਿੱਚ ਰਿਲੀਜ਼ ਹੋਈ ਸੀ। ਇਹ ਯੈਨ ਮਾਰਟੇਲ ਦੇ ਨਾਵਲ ਲਾਈਫ ਆਫ਼ ਪਾਈ ਦਾ ਰੂਪਾਂਤਰ ਹੈ। ਇਸ ਫਿਲਮ ਵਿੱਚ ਕੋਈ ਲੀਡ ਹੀਰੋਇਨ ਨਹੀਂ ਸੀ। ਫਿਲਮ ਪੂਰੀ ਤਰ੍ਹਾਂ 'ਪੀ' ਨਾਂਅ ਦੇ ਲੜਕੇ ਬਾਰੇ ਹੈ ਜੋ ਸਾਰੇ ਧਰਮਾਂ ਦਾ ਪਾਲਣ ਕਰਦਾ ਹੈ। ਉਹ ਹਿੰਦੂ ਧਰਮ, ਇਸਲਾਮ ਅਤੇ ਈਸਾਈਅਤ ਅਤੇ ਰੱਬ ਨੂੰ ਸਾਰੇ ਰੂਪਾਂ ਵਿੱਚ ਪਿਆਰ ਕਰਦਾ ਹੈ। ਇਸ ਫਿਲਮ ਦੀ ਦੁਨੀਆਂ ਵਿੱਚ ਹਰ ਕਿਸੇ ਵੱਲੋਂ ਸ਼ਲਾਘਾ ਕੀਤੀ ਗਈ। ਇਸ ਤੋਂ ਇਲਾਵਾ ਫਿਲਮ ਨੇ ਕਈ ਐਵਾਰਡ ਵੀ ਜਿੱਤੇ।




**ਓ ਮਾਈ ਗੌਡ**

ਓ ਮਾਈ ਗੌਡ ਵਿੱਚ ਪਰੇਸ਼ ਰਾਵਲ ਅਤੇ ਅਕਸ਼ੇ ਕੁਮਾਰ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਏ ਸਨ। ਇਸ ਫਿਲਮ 'ਚ ਮਿਥੁਨ ਚੱਕਰਵਰਤੀ ਨੇ ਵੀ ਕੰਮ ਕੀਤਾ ਸੀ। ਇਸ ਫ਼ਿਲਮ ਵਿੱਚ ਭਾਵੇਂ ਕੋਈ ਲੀਡ ਹੀਰੋਇਨ ਨਹੀਂ ਸੀ ਪਰ ਇਸ ਫ਼ਿਲਮ ਨੂੰ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਇਹ ਫਿਲਮ ਭੂਚਾਲ ਨਾਲ ਆਪਣੀ ਦੁਕਾਨ ਦੇ ਤਬਾਹ ਹੋਣ ਤੋਂ ਬਾਅਦ ਬੀਮਾ ਕੰਪਨੀ ਤੋਂ ਆਪਣੇ ਪੈਸੇ ਇਕੱਠੇ ਕਰਨ ਦੀ ਕੋਸ਼ਿਸ਼ ਦੇ ਆਲੇ-ਦੁਆਲੇ ਘੁੰਮਦੀ ਹੈ। ਇਸ ਨੇ ਦੁਨੀਆ ਭਰ ਵਿੱਚ ਲਗਭਗ 357 ਮਿਲੀਅਨ ਡਾਲਰ ਇਕੱਠੇ ਕੀਤੇ।

**ਤਾਰੇ ਜਮੀਂ ਪਰ**

ਆਮਿਰ ਖਾਨ ਦੀ 'ਤਾਰੇ ਜ਼ਮੀਨ ਪਰ' ਸੁਪਰਹਿੱਟ ਫਿਲਮ ਸੀ। ਇਸ ਫ਼ਿਲਮ ਨੇ ਮਾਪਿਆਂ ਨੂੰ ਬੱਚਿਆਂ ਨੂੰ ਸਮਝਣ ਦਾ ਇੱਕ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ। ਫਿਲਮ ਵਿੱਚ ਆਮਿਰ ਖਾਨ ਅਤੇ ਦਰਸ਼ੀਲ ਸਫਾਰੀ ਨੇ ਕ੍ਰਮਵਾਰ ਇੱਕ ਸਕੂਲ ਅਧਿਆਪਕ ਅਤੇ ਇੱਕ ਸਕੂਲੀ ਲੜਕੇ ਦੀ ਭੂਮਿਕਾ ਨਿਭਾਈ ਸੀ। ਸਾਲ 2007 'ਚ ਰਿਲੀਜ਼ ਹੋਈ ਇਸ ਫਿਲਮ ਦੀ ਕਹਾਣੀ ਹੀ ਨਹੀਂ ਬਲਕਿ ਗੀਤਾਂ ਨੂੰ ਵੀ ਕਾਫ਼ੀ ਪਸੰਦ ਕੀਤਾ ਗਿਆ ਸੀ। ਸਿਰਫ਼ ਅੱਠ ਸਾਲ ਦੀ ਉਮਰ ਵਿੱਚ ਦਰਸ਼ੀਲ ਨੇ ਬਹੁਤ ਵਧੀਆ ਅਦਾਕਾਰੀ ਕੀਤੀ ਸੀ।



# ਭਾਰਤ ਵਿੱਚ ਖੇਡਾਂ ਦਾ ਭਵਿੱਖ

## ਖੇਡਾਂ 'ਚ ਬਣਾਇਆ ਜਾ ਸਕਦਾ ਹੈ ਸ਼ਾਨਦਾਰ ਕੈਰੀਅਰ

### ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਉੱਜਵਲ ਭਵਿੱਖ ਸਿਰਜਣ ਦਾ ਜ਼ਰੀਆ ਹਨ ਖੇਡਾਂ



ਹਾਕੀ ਦੇ ਨਾਲ-ਨਾਲ ਭਾਰਤ ਵਿੱਚ ਕ੍ਰਿਕਟ, ਟੇਬਲ ਟੈਨਿਸ, ਕਬੱਡੀ, ਖੋ-ਖੋ ਆਦਿ ਹੋਰ ਖੇਡਾਂ ਖੇਡੀਆਂ ਜਾਂਦੀਆਂ ਹਨ। ਭਾਰਤ ਵਿੱਚ ਪ੍ਰਾਚੀਨ ਕਾਲ ਤੋਂ ਖੇਡਾਂ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਰਿਹਾ ਹੈ। ਪੁਰਾਤਨ ਸਮੇਂ ਵਿੱਚ ਗੁਰੂਦੇਵ ਆਪਣੇ ਚੇਲਿਆਂ ਨੂੰ ਘੋੜ ਸਵਾਰੀ, ਤੀਰ-ਅੰਦਾਜ਼ੀ ਆਦਿ ਦੀ ਸਿੱਖਿਆ ਦਿੰਦੇ ਸਨ। ਖੇਡਾਂ ਨਾ ਸਿਰਫ਼ ਸਰੀਰਕ ਸਗੋਂ ਮਾਨਸਿਕ ਵਿਕਾਸ ਵੀ ਕਰਦੀਆਂ ਹਨ। ਖੇਡਾਂ ਬੱਚਿਆਂ ਦੇ ਸਰੀਰ ਨੂੰ ਤਾਕਤ ਦਿੰਦੀਆਂ ਹਨ ਅਤੇ ਸਰੀਰ ਨੂੰ ਮਜ਼ਬੂਤ ਬਣਾਉਂਦੀਆਂ ਹਨ। ਸਰੀਰ ਫਿੱਟ ਹੋ ਜਾਂਦਾ ਹੈ। ਪਹਿਲਾਂ ਇਹ ਸਿਰਫ਼ ਮਨੋਰੰਜਨ ਦਾ ਸਾਧਨ ਹੁੰਦੇ ਸਨ। ਪਰ ਹੁਣ ਸਮਾਂ ਬਦਲ ਗਿਆ ਹੈ। ਹੁਣ ਅਸੀਂ ਖੇਡਾਂ ਦੇ ਖੇਤਰ ਵਿੱਚ ਆਪਣਾ ਭਵਿੱਖ ਬਣਾ ਸਕਦੇ ਹਾਂ। ਅਸੀਂ ਕਿਸੇ ਖੇਡ ਵਿੱਚ ਚੰਗੇ ਖਿਡਾਰੀ ਬਣ ਕੇ ਪੈਸਾ ਅਤੇ ਪ੍ਰਸਿੱਧੀ ਪ੍ਰਾਪਤ ਕਰ ਸਕਦੇ ਹਾਂ। ਤੁਸੀਂ ਅੰਤਰਰਾਸ਼ਟਰੀ ਪੱਧਰ 'ਤੇ ਆਪਣੇ ਦੇਸ਼ ਦੀ ਨੁਮਾਇੰਦਗੀ ਕਰ ਸਕਦੇ ਹੋ। ਹੁਣ ਖੇਡਾਂ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਰਹੀਆਂ।

ਆਜ਼ਾਦੀ ਤੋਂ ਬਾਅਦ ਭਾਰਤ ਨੇ ਹਰ ਖੇਤਰ ਵਿੱਚ ਵਿਕਾਸ ਕੀਤਾ ਹੈ। ਹਰ ਖੇਤਰ ਵਿੱਚ ਤਰੱਕੀ ਹੋਈ ਹੈ। ਇਨ੍ਹਾਂ ਵਿੱਚੋਂ ਇੱਕ ਹੈ ਖੇਡ ਜਗਤ। ਖੇਡਾਂ ਦੇ ਖੇਤਰ ਵਿੱਚ ਸੁਧਾਰ ਆਜ਼ਾਦੀ ਤੋਂ ਬਾਅਦ ਸ਼ੁਰੂ ਹੋਇਆ। ਪਰ ਅੱਜ ਵੀ ਇਨ੍ਹਾਂ ਖੇਤਰਾਂ ਵਿੱਚ ਹੋਰ ਸੁਧਾਰ ਦੀ ਲੋੜ ਹੈ। ਪਿਛਲੇ ਕੁਝ ਦਹਾਕਿਆਂ ਤੋਂ ਭਾਰਤ ਵਿੱਚ ਖੇਡ ਜਗਤ ਦੀ ਹਾਲਤ ਚਿੰਤਾਜਨਕ ਰਹੀ ਹੈ। ਦਿਨ-ਬ-ਦਿਨ ਸਥਿਤੀ ਸੁਧਰ ਰਹੀ ਹੈ। ਵੱਖ-ਵੱਖ ਖੇਡਾਂ ਦੀਆਂ ਫੈਡਰੇਸ਼ਨਾਂ ਅਤੇ ਸੰਸਥਾਵਾਂ ਭਾਰਤ ਦੇ ਖੇਡ ਮੰਤਰਾਲੇ ਦੁਆਰਾ ਬਣਾਈਆਂ ਜਾਂਦੀਆਂ ਹਨ। ਭਾਰਤ ਵਿੱਚ ਖੇਡੀਆਂ ਜਾਣ ਵਾਲੀਆਂ ਖੇਡਾਂ ਭਾਰਤ ਦੇ ਖੇਡ ਮੰਤਰਾਲੇ ਦੁਆਰਾ ਨਿਯੰਤਰਿਤ ਕੀਤੀਆਂ ਜਾਂਦੀਆਂ ਹਨ। ਪਹਿਲਾਂ ਰਾਜਨੀਤੀ ਕਾਰਨ ਸਿਰਫ਼ ਕ੍ਰਿਕਟ 'ਤੇ ਹੀ ਧਿਆਨ ਦਿੱਤਾ ਜਾਂਦਾ ਸੀ ਕਿਉਂਕਿ ਕ੍ਰਿਕਟ ਦੀ ਲੋਕ-ਪ੍ਰਿਯਤਾ ਜ਼ਿਆਦਾ ਹੈ ਪਰ ਹੁਣ ਇਹ ਸਥਿਤੀ ਬਦਲ ਰਹੀ ਹੈ। ਕ੍ਰਿਕਟ ਵਾਂਗ ਹਾਕੀ ਖਿਡਾਰੀਆਂ ਨੂੰ ਵੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਭਾਰਤ ਵਿੱਚ ਖੇਡਾਂ ਦੇ ਖੇਤਰ ਵਿੱਚ ਹੌਲੀ-ਹੌਲੀ ਸੁਧਾਰ ਹੋ ਰਿਹਾ ਹੈ। ਹਾਲਤ ਹੁਣ ਪਹਿਲਾਂ ਵਰਗੀ ਨਹੀਂ ਰਹੀ।

ਭਾਰਤੀ ਖਿਡਾਰੀਆਂ ਨੇ ਖੇਡ ਜਗਤ ਵਿੱਚ ਅਹਿਮ ਕੰਮ ਕੀਤਾ ਹੈ। ਭਾਰਤੀ ਹਾਕੀ ਟੀਮ ਹੁਣ ਤੱਕ 8 ਵਾਰ ਉਲੰਪਿਕ ਜੇਤੂ ਰਹੀ ਹੈ। ਇੱਕ ਵਾਰ ਵਿਸ਼ਵ ਕੱਪ ਜੇਤੂ ਕਦੋਂ ਪ੍ਰਾਪਤ ਕੀਤਾ ਗਿਆ ਹੈ? ਭਾਰਤੀ ਕ੍ਰਿਕਟ ਟੀਮ ਦੋ ਵਾਰ ਵਿਸ਼ਵ ਕੱਪ ਦੀ ਜੇਤੂ ਰਹੀ ਹੈ। ਸਚਿਨ ਤੇਂਦੂਲਕਰ ਵਰਗੇ ਮਹਾਨ ਕ੍ਰਿਕਟਰਾਂ ਨੇ ਦੁਨੀਆ 'ਚ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਨੀਰਜ ਚੋਪੜਾ ਨੇ 2020 ਟੋਕੀਓ ਉਲੰਪਿਕ ਵਿੱਚ ਸੋਨ ਤਮਗਾ ਜਿੱਤ ਕੇ ਭਾਰਤ ਦਾ ਮਾਣ ਵਧਾਇਆ ਹੈ। ਇਸੇ ਤਰ੍ਹਾਂ ਭਾਰਤੀ ਖਿਡਾਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਭਾਰਤ ਦਾ ਨਾਮ ਪੂਰੀ ਦੁਨੀਆ ਵਿੱਚ ਮਸ਼ਹੂਰ ਕਰਦੇ ਹਨ। ਖੇਡਾਂ ਦੇ ਖੇਤਰ ਵਿੱਚ ਔਰਤਾਂ ਨੇ ਬੇਮਿਸਾਲ ਯੋਗਦਾਨ ਪਾਇਆ ਹੈ। ਕਰਨਮ ਮੱਲੇਸ਼ਵਰੀ ਉਲੰਪਿਕ ਵਿੱਚ ਭਾਰਤ ਲਈ ਤਮਗਾ ਜਿੱਤਣ ਵਾਲੀ ਪਹਿਲੀ ਮਹਿਲਾ ਸੀ। ਪੀਟੀ ਊਸ਼ਾ, ਜਿਸ ਨੂੰ ਉੜਨ ਪਰੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਨੇ 1982 ਦੀਆਂ ਏਸ਼ੀਆਈ ਖੇਡਾਂ ਵਿੱਚ ਭਾਰਤ ਲਈ 100 ਮੀਟਰ, 200 ਮੀਟਰ ਵਿੱਚ ਸੋਨ ਤਗਮਾ ਜਿੱਤਿਆ ਸੀ। ਮਨੀਪੁਰ ਦੀ ਰਹਿਣ ਵਾਲੀ ਮਹਿਲਾ

(ਬਾਕੀ ਸਫ਼ਾ 29 'ਤੇ)

# ਹੋਰਨਾਂ ਖੇਡਾਂ ਨੂੰ ਵੀ ਤਵਜੋਂ ਦੇਣ ਦੀ ਲੋੜ

## ਮੀਡੀਆ ਵੱਲੋਂ ਕ੍ਰਿਕਟ ਨੂੰ ਕੀਤਾ ਜਾਂਦਾ ਹੈ ਉਤਸ਼ਾਹਿਤ

### ਹੋਰਨਾਂ ਖੇਡਾਂ ਨੂੰ ਮੀਡੀਆ 'ਚ ਨਹੀਂ ਮਿਲਦੀ ਢੁਕਵੀਂ ਕਵਰੇਜ





ਭਾਰਤ ਵਿੱਚ ਕਾਫੀ ਸਮੇਂ ਤੋਂ ਕ੍ਰਿਕਟ ਦੀ ਬੱਲੇ ਬੱਲੇ ਹੋ ਰਹੀ ਹੈ, ਜਦੋਂਕਿ ਹੋਰਨਾਂ ਖੇਡਾਂ ਵਿੱਚ ਭਾਰਤ ਪਿੱਛੇ ਰਹਿੰਦਾ ਆ ਰਿਹਾ ਹੈ, ਇਸਦੇ ਕਈ ਕਾਰਨ ਹਨ। ਦੂਜੇ ਪਾਸੇ ਹੋਰਨਾਂ ਖੇਡਾਂ ਦੇ ਖਿਡਾਰੀ ਦੋਸ਼ ਲਗਾਉਂਦੇ ਹਨ ਕਿ ਮੀਡੀਆ ਵੱਲੋਂ ਕ੍ਰਿਕਟ ਤੋਂ ਬਿਨਾਂ ਹੋਰਨਾਂ ਖੇਡਾਂ ਨੂੰ ਢੁੱਕਵੀਂ ਕਵਰੇਜ਼ ਨਹੀਂ ਦਿਤੀ ਜਾਂਦੀ, ਜਿਸ ਕਾਰਨ ਉਹਨਾਂ ਦਾ ਉਤਸ਼ਾਹ ਘੱਟਦਾ ਹੈ।

ਵੇਖਣ ਵਿੱਚ ਆਇਆ ਹੈ ਕਿ ਕ੍ਰਿਕਟ ਦੇ ਅੰਤਰਰਾਸ਼ਟਰੀ ਮੈਚਾਂ ਤੋਂ ਇਲਾਵਾ ਆਮ ਗਲੀ ਮੁਹੱਲਿਆਂ ਵਿੱਚ ਹੁੰਦੇ ਮੈਚਾਂ ਦੀ ਵੀ ਮੀਡੀਆ ਵੱਲੋਂ ਚੰਗੀ ਕਵਰੇਜ ਕੀਤੀ ਜਾਂਦੀ ਹੈ ਅਤੇ ਇਹਨਾਂ ਮੈਚਾਂ ਦੀਆਂ ਖ਼ਬਰਾਂ ਨੂੰ ਪ੍ਰਮੁੱਖਤਾ ਨਾਲ ਛਾਪਿਆ ਜਾਂਦਾ ਹੈ ਪਰ ਹੋਰਨਾਂ ਖੇਡਾਂ ਦੇ ਮੈਚਾਂ ਦੀਆਂ ਖਬਰਾਂ ਅਕਸਰ ਹੀ ਅਖਬਾਰਾਂ ਵਿੱਚ ਮੰਡੀਆਂ ਦੇ ਭਾਅ ਹੇਠਾਂ ਲਗਾਈਆਂ ਹੁੰਦੀਆਂ ਹਨ। ਭਾਵੇਂ ਕਿ ਹਾਕੀ ਅਤੇ ਹੋਰ ਖੇਡਾਂ ਵਿੱਚ ਇਹਨਾਂ ਖੇਡਾਂ ਦੀਆਂ ਟੀਮਾਂ ਨੇ ਅਹਿਮ ਪ੍ਰਾਪਤੀਆਂ ਕੀਤੀਆਂ ਹੋਣ ਪਰ ਇਹਨਾਂ ਖੇਡਾਂ ਨੂੰ ਮੀਡੀਆ ਵੱਲੋਂ ਢੁਕਵੀਂ ਅਹਿਮੀਅਤ ਨਹੀਂ ਦਿੱਤੀ ਜਾਂਦੀ, ਜਿਸ ਕਰਕੇ ਇਹਨਾਂ ਖੇਡਾਂ ਦੇ ਖਿਡਾਰੀਆਂ ਦਾ ਮਨੋਬਲ ਡਿੱਗਦਾ ਹੈ। ਇਸ ਤੋਂ ਇਲਾਵਾ ਹਾਕੀ ਅਤੇ ਹੋਰ ਖੇਡਾਂ ਦੀਆਂ ਟੀਮਾਂ ਜਦੋਂ ਵਿਦੇਸ਼ਾਂ ਵਿੱਚ ਵੱਡਾ ਟੂਰਨਾਮੈਂਟ ਜਿੱਤ ਕੇ ਭਾਰਤ ਆਉਂਦੀਆਂ ਹਨ ਤਾਂ ਉਹਨਾਂ ਸਵਾਗਤ ਜਾਂ ਤਾਂ ਕੀਤਾ ਨਹੀਂ ਜਾਂਦਾ ਜਾਂ ਫਿਰ ਠੰਡੇ ਤਰੀਕੇ ਨਾਲ ਕੀਤੇ ਜਾਂਦਾ ਹੈ, ਜਿਸ ਵਿੱਚ ਕੋਈ ਉਤਸ਼ਾਹ ਨਹੀਂ ਹੁੰਦਾ। ਇਹ ਹੀ ਕਾਰਨ ਹੈ ਕਿ ਹੋਰਨਾਂ ਖੇਡਾਂ ਦੇ ਖਿਡਾਰੀ ਹੁਣ ਕਹਿਣ ਲੱਗ ਪਏ ਹਨ ਕਿ ਭਾਰਤ ਵਿੱਚ ਸਿਰਫ਼ ਕ੍ਰਿਕਟ ਨੂੰ ਪ੍ਰਮੁਖਤਾ ਦਿਤੀ ਜਾਂਦੀ ਹੈ, ਹੋਰਨਾਂ ਖੇਡਾਂ ਨੂੰ ਨਹੀਂ।

ਅਕਸਰ ਭਾਰਤ ਵਿੱਚ ਹਾਕੀ ਨੂੰ ਰਾਸ਼ਟਰੀ ਖੇਡ ਕਿਹਾ ਜਾਂਦਾ ਹੈ ਪਰ ਹੁਣ ਹਾਕੀ ਦੇ ਰਾਸ਼ਟਰੀ ਖੇਡ ਹੋਣ 'ਤੇ ਵੀ ਸਵਾਲ ਉਠ ਰਹੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਬੱਚੇ ਅਤੇ ਨੌਜਵਾਨ ਆਪਣਾ ਕੈਰੀਅਰ ਬਣਾਉਣ ਲਈ ਖੇਡਾਂ ਤੋਂ ਦੂਰ ਹੁੰਦੇ ਜਾ ਰਹੇ ਹਨ। ਜੇ ਬੱਚੇ ਖੇਡਾਂ ਵੀ ਖੇਡਦੇ ਹਨ ਤਾਂ ਕ੍ਰਿਕਟ ਨੂੰ ਮੁੱਖ ਰਖਦੇ ਹਨ ਕਿਉਂਕਿ ਕ੍ਰਿਕਟ ਤੋਂ ਬਿਨਾਂ ਹੋਰਨਾਂ ਖੇਡਾਂ ਵਿੱਚ ਮਾਨ ਸਨਮਾਨ ਘੱਟ ਮਿਲਦਾ ਹੈ। ਕ੍ਰਿਕਟ ਅਤੇ ਟੈਨਿਸ ਨੂੰ ਅਮੀਰਾਂ ਦੀਆਂ ਖੇਡਾਂ ਕਿਹਾ ਜਾਂਦਾ ਹੈ ਅਤੇ ਇਹਨਾਂ ਦੋਵਾਂ ਖੇਡਾਂ ਦੇ ਪ੍ਰਸ਼ੰਸਕ ਬਹੁਤ ਹਨ, ਜਦੋਂ ਕਿ ਹੋਰਨਾਂ ਖੇਡਾਂ ਦੇ ਪ੍ਰਸ਼ੰਸਕਾਂ ਦੀ ਗਿਣਤੀ ਵੀ ਘੱਟ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਕਾਰਨ ਹਨ ਜਿਸ ਕਾਰਨ ਖੇਡਾਂ ਵਿੱਚ ਅਕਸਰ ਬੱਚੇ ਅਤੇ ਨੌਜਵਾਨ ਹਿਸਾ ਲੈਣ ਤੋਂ ਕਤਰਾਉਂਦੇ ਹਨ। ਭਾਰਤ ਵਿਚ ਤਾਂ ਖੇਤਾਂ ਅਤੇ ਗਲੀਆਂ ਵਿੱਚ ਵੀ ਕ੍ਰਿਕਟ ਖੇਡਿਆ ਜਾਂਦਾ ਹੈ ਪਰ ਗਲੀਆਂ ਵਿੱਚ ਕਿਸੇ ਨੂੰ ਹਾਕੀ ਜਾਂ ਹੋਰ ਖੇਡਾਂ ਖੇਡਦੇ ਹੋਏ ਨਹੀਂ ਵੇਖਿਆ ਜਾਂਦਾ। ਇਸ ਤੋਂ ਇਲਾਵਾ ਕ੍ਰਿਕਟ ਵਿੱਚ ਸਿਰਫ਼ ਇੱਕ ਬੈਟ ਅਤੇ ਇੱਕ ਗੇਂਦ ਦੀ ਲੋੜ ਹੁੰਦੀ ਹੈ, ਜਿਸ ਕਾਰਨ ਵੀ ਇਹ ਖੇਡ ਬੱਚਿਆਂ ਵਿੱਚ ਛੇਤੀ ਪਾਪੂਲਰ ਹੋ ਜਾਂਦੀ ਹੈ। ਕ੍ਰਿਕਟ ਖਿਡਾਰੀਆਂ ਨੂੰ ਮਾਣ ਸਨਮਾਨ ਬਹੁਤ ਮਿਲਦੇ ਹਨ, ਜਿਸ ਕਾਰਨ ਵੀ ਬੱਚੇ ਅਤੇ ਨੌਜਵਾਨ ਕ੍ਰਿਕਟ ਵੱਲ ਖਿੱਚੇ ਜਾਂਦੇ ਹਨ, ਜਦੋਂਕਿ ਹੋਰਨਾਂ ਖੇਡਾਂ ਵਿੱਚ ਖਿਡਾਰੀਆਂ ਨੂੰ ਮਾਣ ਸਨਮਾਣ ਘੱਟ ਮਿਲਦੇ ਹਨ, ਜਿਸ ਕਰਕੇ ਇਹਨਾਂ ਖਿਡਾਰੀਆਂ ਦਾ ਖੇਡਾਂ ਤੋਂ ਮੋਹ ਭੰਗ ਹੋ ਜਾਂਦਾ ਹੈ। ਵੱਖ- ਵੱਖ ਟੀ ਵੀ ਚੈਨਲਾਂ 'ਤੇ ਵੀ ਕ੍ਰਿਕਟ ਖੇਡ ਹੀ ਅਕਸਰ ਦਿਖਾਈ ਜਾਂਦੀ ਹੈ। ਇਸ ਤੋਂ ਇਲਾਵਾ ਵੱਡੀਆਂ ਕੰਪਨੀਆਂ ਵੀ ਕ੍ਰਿਕਟ ਦੀ ਖੇਡ ਨੂੰ ਹੀ ਸਪਾਂਸਰ ਕਰਦੀਆਂ ਹਨ। ਕ੍ਰਿਕਟ ਦੀ ਖੇਡ ਦੇ ਪ੍ਰਸ਼ੰਸਕ ਹਰ ਉਮਰ ਵਰਗ ਵਿੱਚ ਮਿਲਦੇ ਹਨ। ਕਈ ਵਾਰ ਬਜ਼ੁਰਗਾਂ ਨੂੰ ਵੀ ਬੱਚਿਆਂ ਦੇ ਨਾਲ ਕ੍ਰਿਕਟ ਖੇਡਦੇ ਵੇਖਿਆ ਜਾਂਦਾ ਹੈ। ਇਸ ਤੋਂ ਇਲਾਵਾ ਕ੍ਰਿਕਟ ਦੀ ਗਲੀ ਮੁਹੱਲਿਆਂ ਵਿੱਚ ਖੇਡੀ ਜਾਂਦੀ ਖੇਡ ਵਿੱਚ ਅਕਸਰ ਦੋ ਖਿਡਾਰੀ ਵੀ ਖੇਡ ਲੈਂਦੇ ਹਨ ਅਤੇ ਦੋ ਤੋਂ ਵੱਧ ਵੀ। ਇਸ ਕਾਰਨ ਵੀ ਕ੍ਰਿਕਟ ਦੀ ਲੋਕਪ੍ਰੀਅਤਾ ਵਿੱਚ ਵਾਧਾ ਹੋ ਰਿਹਾ ਹੈ। ਆਮ ਲੋਕ ਇਹ ਸਮਝਦੇ ਹਨ ਕਿ ਜੇ ਉਹਨਾਂ ਦੇ ਬੱਚੇ ਖੇਡਾਂ ਵਿੱਚ ਹਿੱਸਾ ਲੈਣਗੇ ਤਾਂ ਉਹ ਪੜਾਈ ਵਿੱਚ ਪਿਛੜ ਜਾਣਗੇ। ਇਸ ਕਾਰਨ ਵੀ ਵੱਡੀ ਗਿਣਤੀ ਮਾਪੇ ਆਪਣੇ ਬੱਚਿਆਂ ਨੂੰ ਖੇਡਾਂ ਤੋਂ ਦੂਰ ਰਖਦੇ ਹਨ। ਦੂਜੇ ਪਾਸੇ ਜਿਆਦਾਤਰ ਬੱਚੇ ਅੱਜ ਕੱਲ ਮੈਦਾਨੀ ਖੇਡਾਂ ਖੇਡਣ ਦੀ ਥਾਂ ਮੋਬਾਇਲ 'ਤੇ ਖੇਡਾਂ ਖੇਡਣ ਨੂੰ ਜਿਆਦਾ ਤਰਜੀਹ ਦਿੰਦੇ ਹਨ। ਇਸ ਤੋਂ ਇਲਾਵਾ ਹੁਣ ਬੱਚਿਆਂ ਨੂੰ ਖੇਡਾਂ ਦੀ ਥਾਂ ਪੜ ਲਿਖ ਕੇ ਆਪਣਾ ਕੈਰੀਅਰ ਬਣਾਉਣ ਦੀ ਵਧੇਰੇ ਸਿੱਖਿਆ ਦਿੱਤੀ ਜਾਂਦੀ ਹੈ। ਇਹ ਵੀ ਹਕੀਕਤ ਹੈ ਕਿ ਅੱਜ ਪੜਾਈ ਬਹੁਤ ਔਖੀ ਹੋ ਗਈ ਹੈ। ਬੱਚਾ ਦਿਨ ਦਾ ਅੱਧਾ ਸਮਾਂ ਸਕੂਲ ਵਿੱਚ ਰਹਿੰਦਾ ਹੈ ਅਤੇ ਘਰ ਆ ਕੇ ਰੋਟੀ ਖਾ ਕੇ ਉਸ ਨੂੰ ਟਿਊਸ਼ਨ 'ਤੇ ਜਾਣਾ ਪੈਂਦਾ ਹੈ। ਕਈ ਵਾਰ ਤਾਂ ਇੱਕ ਬੱਚੇ ਨੂੰ ਦੋ ਦੋ ਜਾਂ ਤਿੰਨ ਤਿੰਨ ਅਧਿਆਪਕਾਂ ਕੋਲ ਟਿਊਸ਼ਨ 'ਤੇ ਜਾਣਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ ਬ ਚੇ ਨੂੰ ਖੇਡਣ ਲਈ ਸਮਾਂ ਨਹੀਂ ਮਿਲਦਾ। ਇਸ ਤੋਂ ਇਲਾਵਾ ਹਰ ਟੀ ਵੀ ਚੈਨਲ ਅਤੇ ਅਖਬਾਰਾਂ ਵਿੱਚ ਕ੍ਰਿਕਟ ਦੀ ਖੇਡ ਬਾਰੇ ਖ਼ਬਰਾਂ ਤੇ ਆਰਟੀਕਲ ਹੀ ਵਧੇਰੇ ਹੁੰਦੇ ਹਨ, ਜਿਸ ਦਾ ਅਸਰ ਵੀ ਬੱਚਿਆਂ ਉਪਰ ਹੋ ਜਾਂਦਾ ਹੈ ਅਤੇ ਉਹ ਵੀ ਸਮਾਂ ਮਿਲਣ 'ਤੇ ਕ੍ਰਿਕਟ ਦੀਆਂ ਗੱਲਾਂ ਹੀ ਕਰਦੇ ਹਨ। ਵੱਖ- ਵੱਖ ਖੇਡਾਂ ਦੇ ਖਿਡਾਰੀ ਅਕਸਰ ਇਹ ਸ਼ਿਕਾਇਤ ਕਰਦੇ ਵੇਖੇ ਜਾਂਦੇ ਹਨ ਕਿ ਉਹਨਾਂ ਦੀਆਂ ਖੇਡਾਂ ਦੀ ਕਵਰੇਜ ਸਹੀ ਤਰੀਕੇ ਨਾਲ ਨਹੀਂ ਕੀਤੀ ਜਾਂਦੀ ਅਤੇ ਕ੍ਰਿਕਟ ਦੀ ਖੇਡ ਨੂੰ ਜਿਆਦਾ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਇਸੇ ਕਾਰਨ ਭਾਰਤ ਵਿੱਚ ਕ੍ਰਿਕਟ ਦੀ ਖੇਡ ਸਭ ਤੋਂ ਵੱਧ ਲੋਕਪ੍ਰਿਆ ਮੰਨੀ ਜਾਂਦੀ ਹੈ ਅਤੇ ਹੋਰਨਾਂ ਖੇਡਾਂ ਦੇ ਪ੍ਰਸ਼ੰਸਕਾਂ ਦੀ ਗਿਣਤੀ ਘੱਟਦੀ ਜਾ ਰਹੀ ਹੈ।



## ਪੰਜਾਬੀਆਂ ਨੂੰ ਮੌਤ ਦੇ ਮੂੰਹ ਪਾ ਰਹੀ ਹੈ..

ਲਾਲਚ ਦੇ ਕੇ ਅਜਿਹੇ ਕਿਸੇ ਜਥੇ ਵਿੱਚ ਸ਼ਾਮਲ ਕਰਵਾ ਦਿੱਤਾ ਜਾਂਦਾ ਹੈ ਅਤੇ ਇਹ ਨੌਜਵਾਨ ਵਿਦੇਸ਼ ਪਹੁੰਚ ਕੇ ਆਪਣੇ ਜਥੇ ਤੋਂ ਅਲੱਗ ਹੋ ਕੇ ਗਾਇਬ ਹੋ ਜਾਂਦੇ ਹਨ ।ਅਜਿਹਾ ਕਰਨ ਵਾਲੇ ਨੌਜਵਾਨਾਂ ਨੂੰ 'ਕਬੂਤਰ' ਕਿਹਾ ਜਾਂਦਾ ਹੈ ਅਤੇ ਜਦੋਂ ਉਹ ਵਿਦੇਸ਼ ਜਾ ਕੇ ਆਪਣੇ ਜਥੇ ਤੋਂ ਵੱਖਰੇ ਹੋ ਕੇ ਗਾਇਬ ਹੋ ਜਾਂਦੇ ਹਨ ਤਾਂ ਉਹਨਾਂ ਨੂੰ 'ਕਬੂਤਰ ਉੱਡ ਗਏ' ਕਿਹਾ ਜਾਂਦਾ ਹੈ। ਇਸ ਤਰਾਂ ਵਿਦੇਸ਼ ਜਾਣ ਚਾਹਵਾਨ ਪੰਜਾਬੀਆਂ ਵਿੱਚ 'ਕਬੂਤਰ ਬਣਨ ਤੇ 'ਕਬੂਤਰ ਬਣ ਕੇ ਉੱਡਣ' ਦਾ ਰੁਝਾਨ ਵੀ ਬਹੁਤ ਵੱਧ ਗਿਆ ਹੈ।

ਕਬੂਤਰਬਾਜ਼ੀ ਦਾ ਇਹ ਰੁਝਾਨ ਕੋਈ ਨਵਾਂ ਨਹੀਂ ਹੈ, ਸਗੋਂ ਇਹ ਕਬੂਤਰਬਾਜ਼ੀ ਉਦੋਂ ਤੋਂ ਹੀ ਹੋ ਰਹੀ ਹੈ, ਜਦੋਂ ਤੋਂ ਪੰਜਾਬੀਆਂ ਨੇ ਵਿਦੇਸ਼ ਜਾਣਾ ਸ਼ੁਰੂ ਕੀਤਾ ਹੈ। ਪਹਿਲਾਂ ਇਹ ਰੁਝਾਨ ਘੱਟ ਹੁੰਦਾ ਸੀ ਅਤੇ ਇਸ ਤਰਾਂ ਦੀਆਂ ਖ਼ਬਰਾਂ ਕਦੇ ਕਦਾਈਂ ਆਉਂਦੀਆਂ ਸਨ ਪਰ ਹੁਣ ਤਾਂ ਹਰ ਦਿਨ ਹੀ ਕਬੂਤਰਾਂ ਦੇ ਵਿਦੇਸ਼ ਪਹੁੰਚ ਕੇ ਉੱਡਣ ਦੀਆਂ ਖ਼ਬਰਾਂ ਚਰਚਾ ਦਾ ਵਿਸ਼ਾ ਬਣਦੀਆਂ ਹਨ।ਪੰਜਾਬੀ ਵਿਦੇਸ਼ ਜਾਣ ਲਈ ਹਰ ਤਰਾਂ ਦਾ ਤਰੀਕਾ ਅਪਨਾਉਂਦੇ ਹਨ।

ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਪੰਜਾਬ ਵਿੱਚ ਜਿਥੇ ਅਸਲੀ ਏਜੰਟ ਪੰਜਾਬੀਆਂ ਨੂੰ ਵਿਦੇਸ਼ ਭੇਜਣ ਲਈ ਸਹੀ ਰਸਤਾ ਦਿਖਾ ਰਹੇ ਹਨ, ਉਥੇ ਨਕਲੀ ਏਜੰਟ ਜਾਂ ਕੁਝ ਅਸਲੀ ਏਜੰਟਾਂ ਵੱਲੋਂ ਵੀ ਗ਼ੈਰਕਨੂੰਨੀ ਰਸਤਿਆਂ ਰਾਹੀਂ ਵਿਦੇਸ਼ ਭੇਜਣ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਤਰਾਂ ਇਹ ਏਜੰਟ ਮੋਟੀ ਕਮਾਈ ਕਰ ਰਹੇ ਹਨ ਪਰ ਗ਼ੈਰਕਨੂੰਨੀ ਤਰੀਕਿਆਂ ਨਾਲ ਪੰਜਾਬੀ ਨੌਜਵਾਨਾਂ ਨੂੰ ਵਿਦੇਸ਼ ਭੇਜ ਕੇ ਉਹਨਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਹਨ। ਅਜਿਹੇ ਏਜੰਟਾਂ ਦਾ ਜਾਲ ਪੂਰੀ ਦੁਨੀਆਂ ਵਿੱਚ ਫੈਲਿਆ ਹੋਇਆ ਹੈ ਅਤੇ ਇਹਨਾਂ ਏਜੰਟਾਂ ਵੱਲੋਂ ਆਪਸੀ ਤਾਲਮੇਲ ਕਰਕੇ ਅਨੇਕਾਂ ਨੌਜਵਾਨਾਂ ਨੂੰ ਗ਼ੈਰਕਨੂੰਨੀ ਤਰੀਕਿਆਂ ਨਾਲ ਵਿਦੇਸ਼ ਭੇਜਿਆ ਜਾ ਰਿਹਾ ਹੈ। ਅਜਿਹੇ ਗ਼ੈਰਕਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਵਾਲੇ ਨੌਜਵਾਨਾਂ ਨਾਲ ਫਿਰ ਕੀ ਬੀਤਦੀ ਹੈ, ਇਹ ਤਾਂ ਉਹ ਨੌਜਵਾਨ ਹੀ ਜਾਣਦੇ ਹਨ।

ਇਥੇ ਹੀ ਬੱਸ ਨਹੀਂ ਸਗੋਂ ਕਈ ਕੁੜੀਆਂ ਅਤੇ ਮਹਿਲਾਵਾਂ ਨੂੰ ਵੀ ਮੋਟੀ ਕਮਾਈ ਕਰਨ ਦਾ ਲਾਲਚ ਦੇ ਕੇ ਇਹਨਾਂ ਏਜੰਟਾਂ ਵੱਲੋਂ ਵਿਦੇਸ਼ ਖਾਸ ਕਰਕੇ ਅਰਬ ਮੁਲਕਾਂ ਵਿੱਚ ਭੇਜ ਦਿੱਤਾ ਜਾਂਦਾ ਹੈ, ਜਿਨ੍ਹਾਂ ਵਿਚੋਂ ਕਈ ਮਹਿਲਾਵਾਂ ਉਥੇ ਬਹੁਤ ਮੁਸ਼ਕਲਾਂ ਵਿੱਚ ਰਹਿੰਦੀਆਂ ਹਨ। ਵਿਦੇਸ਼ਾਂ ਖਾਸ ਕਰਕੇ ਅਰਬ ਮੁਲਕਾਂ ਵਿੱਚ ਫਸੀਆਂ ਅਜਿਹੀਆਂ ਮਹਿਲਾਵਾਂ ਨੂੰ ਪੰਜਾਬ ਵਾਪਸ ਲਿਆਉਣ ਲਈ ਜਿਥੇ ਪੰਜਾਬ ਸਰਕਾਰ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ, ਉਥੇ ਵਿਰੋਧੀ ਧਿਰ ਅਤੇ ਅਨੇਕਾਂ ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੀ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਪੰਜਾਬੀਆਂ ਵਿੱਚ ਵਿਦੇਸ਼ ਜਾਣ ਲਈ ਕਬੂਤਰਬਾਜ਼ੀ ਦਾ ਵੱਧ ਰਿਹਾ ਰੁਝਾਨ ਚਿੰਤਾ ਦਾ ਵਿਸ਼ਾ ਹੈ, ਜਿਸ ਨੂੰ ਠੱਲ੍ਹ ਪਾਉਣ ਲਈ ਉਪਰਾਲੇ ਕਰਨੇ ਜ਼ਰੂਰੀ ਹਨ। ਵਿਦੇਸ਼ ਜਾਣ ਦੇ ਚਾਹਵਾਨ ਪੰਜਾਬੀਆਂ ਨੂੰ ਸਿਰਫ਼ ਜਾਇਜ਼ ਤਰੀਕਿਆਂ ਨਾਲ ਹੀ ਵਿਦੇਸ਼ ਜਾਣਾ ਚਾਹੀਦਾ ਹੈ, ਉਹਨਾਂ ਨੂੰ ਗ਼ੈਰਕਨੂੰਨੀ ਤਰੀਕੇ ਅਪਣਾਅ ਕੇ ਆਪਣੀ ਜਿੰਦਗੀ ਖ਼ਤਰੇ ਵਿੱਚ ਨਹੀਂ ਪਾਉਣੀ ਚਾਹੀਦੀ।

***

## ਚਿੰਤਾਜਨਕ ਹੈ ਪੰਜਾਬੀ ਨੌਜਵਾਨਾਂ ਦੀਆਂ ਹੋ ਰਹੀਆਂ

ਵਿੱਚ ਆ ਕੇ ਟੁੱਟ ਜਾਂਦੇ ਹਨ, ਜਿਸ ਕਾਰਨ ਉਹ ਤਨਾਓ ਵਿੱਚ ਆ ਜਾਂਦੇ ਹਨ ਅਤੇ ਇਹ ਤਨਾਓ ਫਿਰ ਹਾਰਟ ਅਟੈਕ ਜਾਂ ਉਹਨਾਂ ਨੌਜਵਾਨਾਂ ਦੀ ਮੌਤ ਦਾ ਕਾਰਨ ਬਣਦਾ ਹੈ।

**ਪੰਜ ਸਾਲ ਤੋਂ ਨਿੱਤ ਇਕ ਪਰਵਾਸੀ ਬੱਚੇ ਦੀ ਹੋ ਰਹੀ ਹੈ ਮੌਤ**

ਸੰਯੁਕਤ ਰਾਸ਼ਟਰ ਪਰਵਾਸੀ ਏਜੰਸੀ ਨੇ ਕਿਹਾ ਹੈ ਕਿ ਪਿਛਲੇ ਪੰਜ ਸਾਲਾਂ ਤੋਂ ਦੁਨੀਆ ਭਰ 'ਚ ਰੋਜ਼ਾਨਾ ਔਸਤਨ ਇਕ ਪਰਵਾਸੀ ਬੱਚੇ ਦੀ ਮੌਤ ਹੋ ਜਾਂਦੀ ਹੈ ਜਾਂ ਲਾਪਤਾ ਹੋ ਜਾਂਦੇ ਹਨ। ਅਮਰੀਕੀ-ਮੈਕਸਿਕੋ ਸਰਹੱਦ ਜਾਂ ਹੋਰ ਖਤਰਨਾਕ ਸਫ਼ਰ ਦੌਰਾਨ ਬੱਚਿਆਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ।ਪਰਵਾਸੀਆਂ ਬਾਰੇ ਕੌਮਾਂਤਰੀ ਜਥੇਬੰਦੀ ਦੀ ਰਿਪੋਰਟ 'ਫੈਟਲ ਜਰਨੀਜ਼' 'ਚ ਖੁਲਾਸਾ ਕੀਤਾ ਗਿਆ ਹੈ ਕਿ 2014 ਤੋਂ ਲੈ ਕੇ ਹੁਣ ਤਕ 32 ਹਜ਼ਾਰ ਵਿਅਕਤੀ ਖਤਰਨਾਕ ਯਾਤਰਾਵਾਂ ਦੌਰਾਨ ਮਾਰੇ ਗਏ ਹਨ। ਇਨ੍ਹਾਂ 'ਚ ਛੇ ਮਹੀਨਿਆਂ ਦੇ ਬੱਚਿਆਂ ਸਮੇਤ 1600 ਬੱਚੇ ਸ਼ਾਮਲ ਹਨ।ਰਿਪੋਰਟ ਮੁਤਾਬਕ ਭੂ-ਮੱਧ ਸਾਗਰ ਸਭ ਤੋਂ ਖਤਰਨਾਕ ਰਾਹ ਹੈ ਜਿਥੇ 17 ਹਜ਼ਾਰ 900 ਵਿਅਕਤੀ ਮਾਰੇ ਜਾ ਚੁੱਕੇ ਹਨ। ਇਨ੍ਹਾਂ 'ਚੋਂ ਕਈ ਲਿਬੀਆ ਅਤੇ ਇਟਲੀ ਵਿਚਕਾਰਲੇ ਸਫ਼ਰ ਦੌਰਾਨ ਆਪਣੀ ਜਾਨ ਗੁਆ ਚੁੱਕੇ ਹਨ। ਇੰਟਰਨੈਸ਼ਨਲ ਆਰਗ਼ੇਨਾਈਜ਼ੇਸ਼ਨ ਆਫ਼ ਮਾਈਗ੍ਰੇਸ਼ਨ ਮੁਤਾਬਕ ਜਨਵਰੀ 2015 ਤੋਂ ਲੈ ਕੇ 27 ਜੂਨ 2019 ਤੱਕ 32,182 ਪਰਵਾਸੀਆਂ ਦੀ ਮੌਤ ਹੋਈ ਹੈ। ਇਸ ਦੌਰਾਨ ਅਮਰੀਕਾ ਮੈਕਸੀਕੋ ਸਰਹੱਦ 'ਤੇ 2,075 ਲੋਕ ਮਾਰੇ ਗਏ।

***

## ਉੱਚ ਸਿੱਖਿਆ ਲਈ ਵਿਦੇਸ਼

ਵਿਦੇਸ਼ ਗਏ ਸਨ, ਜਦਕਿ 2022 'ਚ ਇਹ ਅੰਕੜਾ ਵਧ ਕੇ 750,365 ਹੋ ਗਿਆ ਸੀ। ਇਸ ਤੋਂ ਪਹਿਲਾਂ 2017 ਵਿੱਚ 4,54,009 ਵਿਦਿਆਰਥੀ, 2018 ਵਿੱਚ 517,998, 2019 ਵਿੱਚ 586,337 ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਗਏ ਸਨ।2020 ਵਿੱਚ, ਕੋਰੋਨਾ ਕਾਰਨ ਬਾਹਰ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਮੀ ਆਈ ਸੀ, ਪਰ ਉਸ ਸਾਲ ਵੀ ਲਗਭਗ 259,655 ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਗਏ ਸਨ।

## ਹੁਣ ਸਟੇਟਸ ਸਿੰਬਲ ਬਣਿਆ ਵਿਦੇਸ਼ ਜਾਣਾ

ਮਾਹਿਰ ਕਹਿੰਦੇ ਹਨ ਕਿ ਪੰਜਾਬ ਵਿੱਚ ਹਰ ਸਾਲ ਆਈਲੈਟਸ ਦੀ ਪ੍ਰੀਖਿਆ 'ਤੇ 500 ਕਰੋੜ ਰੁਪਏ ਖਰਚ ਕੀਤੇ ਜਾਂਦੇ ਹਨ। ਸੂਬੇ ਵਿੱਚ ਹਰ ਸਾਲ 3.5 ਲੱਖ ਨੌਜਵਾਨ ਆਈਲੈਟਸ (ਇੰਟਰਨੈਸ਼ਨਲ ਇੰਗਲਿਸ਼ ਲੈਂਗੂਏਜ ਟੈਸਟਿੰਗ ਸਿਸਟਮ) ਦੀ ਪ੍ਰੀਖਿਆ ਦਿੰਦੇ ਹਨ। ਪ੍ਰੀਖਿਆ ਫੀਸ 210 ਤੋਂ 225 ਡਾਲਰ (15 ਹਜ਼ਾਰ ਰੁਪਏ) ਹੈ।ਪੰਜਾਬ ਵਿੱਚ ਵੀ ਕੋਈ ਆਈਟੀ ਇੰਡਸਟਰੀ ਨਹੀਂ ਹੈ।

ਇਸ ਤਰ੍ਹਾਂ ਪੰਜਾਬੀ ਪਹਿਲੀ ਵਾਰ ਪਹੁੰਚੇ ਕੈਨੇਡਾ 1897 ਵਿੱਚ, ਮਹਾਰਾਣੀ ਵਿਕਟੋਰੀਆ ਨੇ ਡਾਇਮੰਡ ਜੁਬਲੀ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਬ੍ਰਿਟਿਸ਼ ਭਾਰਤੀ ਸੈਨਿਕਾਂ ਦੀ ਇੱਕ ਟੁਕੜੀ ਨੂੰ ਲੰਡਨ ਬੁਲਾਇਆ। ਉਦੋਂ ਚੜ੍ਹੇ ਹੋਏ ਸਿਪਾਹੀਆਂ ਦੀ ਇੱਕ ਟੁਕੜੀ ਭਾਰਤ ਦੀ ਮਹਾਰਾਣੀ ਨਾਲ ਬ੍ਰਿਟਿਸ਼ ਕੋਲੰਬੀਆ ਵੱਲ ਜਾ ਰਹੀ ਸੀ। ਇਹਨਾਂ ਸਿਪਾਹੀਆਂ ਵਿੱਚੋਂ ਇੱਕ ਮੇਜਰ ਕੇਸਰ ਸਿੰਘ ਸੀ, ਜੋ ਕੈਨੇਡਾ ਜਾਣ ਵਾਲਾ ਪਹਿਲਾ ਸਿੱਖ ਸੀ।

ਰਤਨ ਕੌਰ 1910 ਵਿੱਚ ਕੈਲੀਫੋਰਨੀਆ ਆਉਣ ਵਾਲੀ ਸਭ ਤੋਂ ਪਹਿਲੀ ਪੰਜਾਬੀ ਔਰਤ ਸੀ। ਉਸ ਦੀ ਧੀ ਕਰਤਾਰ ਕੌਰ ਢਿੱਲੋਂ ਅਮਰੀਕਾ ਵਿੱਚ 1915 ਵਿੱਚ ਪੈਦਾ ਹੋਈ ਪਹਿਲੀ ਪੰਜਾਬੀ ਸਿੱਖ ਮਹਿਲਾ ਸੀ। ਪੰਜਾਬੀ ਔਰਤਾਂ ਦੀ ਅਸਲੀ ਪੀੜ੍ਹੀ ਦੂਜੇ ਵਿਸ਼ਵ ਯੁੱਧ ਦੇ ਬਾਅਦ ਅਮਰੀਕਾ ਆਈ ਸੀ।

## ਮਾਲਟਾ ਕਾਂਡ

ਕ੍ਰਿਸਮਿਸ ਵਾਲੇ ਦਿਨ 1996 ਨੂੰ ਅਫ਼ਰੀਕਾ ਤੋਂ ਯੂਰਪ ਜਾਣ ਦਾ ਤਰੱਦਦ ਕਰਦੇ ਮੁੰਡਿਆਂ ਦੀ ਕਿਸ਼ਤੀ ਸਮੁੰਦਰ ਵਿੱਚ ਡੁੱਬ ਗਈ। ਇਸ ਕਾਂਡ ਵਿੱਚ ਮਰਨ ਵਾਲਿਆਂ ਵਿੱਚ 170 ਮੁੰਡੇ ਪੂਰਬੀ ਪੰਜਾਬ (ਭਾਰਤ), 40 ਮੁੰਡੇ ਪੱਛਮੀ ਪੰਜਾਬ (ਪਾਕਿਸਤਾਨ) ਅਤੇ 90 ਸ਼੍ਰੀਲੰਕਾ ਤੋਂ ਸਨ। ਕੁੱਲ ਮੌਤਾਂ ਦੀ ਗਿਣਤੀ ਤਕਰੀਬਨ 270 ਸੀ।

***

## ਅਮਰੀਕਨ ਪੰਜਾਬੀ ਕਾਰੋਬਾਰੀ ਮਾਲਕਾਂ ਵੱਲੋਂ

ਬਿੱਲ ਨੂੰ ਯੂਨਾਈਟਿਡ ਫੂਡ ਐਂਡ ਕਮਰਸ਼ੀਅਲ ਵਰਕਰਜ਼ ਲੇਬਰ ਯੂਨੀਅਨ ਤੋਂ ਸਮਰਥਨ ਮਿਲਿਆ। ਦੱਸਣਯੋਗ ਹੈ ਕਿ ਬਿੱਲ ਸੈਨੇਟ ਨੇ ਪਾਸ ਕਰ ਲਿਆ ਹੈ ਅਤੇ 1 ਸਤੰਬਰ ਨੂੰ ਸੁਣਵਾਈ ਲਈ ਅਸੈਂਬਲੀ ਅਪਰੋਪ੍ਰੀਏਸ਼ਨ ਕਮੇਟੀ ਕੋਲ ਜਾਵੇਗਾ। ਉਥੇ ਵੀ ਕਾਰੋਬਾਰੀਆਂ ਵਲੋਂ ਇੱਕਠ ਕਰਕੇ ਬਿੱਲ ਖਿਲਾਫ ਮੁਜਾਹਰਾ ਕਰਨ ਦੀ ਯੋਜਨਾ ਹੈ। ਇਸ ਮੌਕੇ ਜਸਕਰਨ ਸਹੋਤਾ ਨੇ ਵੱਖ ਵੱਖ ਬੁਲਾਰਿਆਂ ਨੂੰ ਵਿਚਾਰ ਦੇਣ ਲਈ ਮਾਈਕ 'ਤੇ ਬੁਲਾਇਆ ਇਨਾਂ ਬੁਲਾਰਿਆਂ ਵਿੱਚ ਹਰਮਿੰਦਰ ਸਿੰਘ, ਜੇਮਜ ਗੇਲੇਗਰ ਅਸੈਂਬਲੀਮੈਂਨ ਯੂਬਾ ਸਿਟੀ, ਬਰਾਇਨ ਡਾਹਲੀ ਰਿਪਬਲਿਕਨ ਗਵਰਨਰ ਸੁਮਨਜੀਤ ਸਹੋਤਾ, ਪਰਮਜੀਤ ਖੈਰਾ ਰੋਜਵਿਲ, ਮਿਸਟਰ ਸਕੌਟ, ਜਸਵਿੰਦਰ ਸਿੰਘ ਯੂਬਾ ਸਿਟੀ, ਰਾਜ ਕਰਨਵੀਰ ਸਿੰਘ ਆਦਿ ਨੇ ਸੰਬੋਧਿਨ ਕੀਤਾ। ਇਸ ਮੌਕੇ ਹਰਜੋਤ ਸਿੰਘ ਖਾਲਸਾ, ਕਰਮਦੀਪ ਸਿੰਘ ਬੈਂਸ ਕਾਊਂਟੀ ਸੁਪਰਵੀਜਰ ਯੂਬਾ ਸਿਟੀ, ਕੁਲਵੰਤ ਸਿੰਘ ਖਹਿਰਾ, ਬਿੱਲਾ ਸੰਘੇੜਾ, ਗੁਰਜਤਿੰਦਰ ਸਿੰਘ ਰੰਧਾਵਾ, ਗੁਰਦੇਵ ਸਿੰਘ ਤੂਰ, ਗੁਰਮੀਤ ਸਿੰਘ ਵੜੈਚ, ਕਸ਼ਮੀਰ ਸਿੰਘ, ਬੱਬੀ ਸਿੰਘ ਵੀ ਮੌਜੂਦ ਸਨ।

***

## ਗੁ. ਗੁਰੂ ਨਾਨਕ ਦਰਬਾਰ ਹਿਕਸਵਿਲ ਵਿਖੇ ਬਾਬਾ

ਅਤੇ ਦੁਨੀਆਂ ਵਿੱਚ ਸਿੱਖੀ ਦਾ ਨਾਮ ਰੋਸ਼ਨ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਖ਼ਸੀਅਤਾਂ ਦਾ ਸੇਵਾ ਦੇ ਖੇਤਰ ਵਿੱਚ ਮਿਸਾਲੀ ਯੋਗਦਾਨ ਹੈ। ਅਜਿਹੀਆਂ ਸ਼ਖ਼ਸੀਅਤਾਂ ਦਾ ਜੀਵਨ ਸਮਾਜ ਲਈ ਪ੍ਰੇਰਨਾ ਸਰੋਤ ਹੁੰਦਾ ਹੈ ਤਾਂ ਹੀ ਇਨ੍ਹਾਂ ਦੀਆਂ ਯਾਦਾਂ ਮਨਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸੇਵਾ ਦਾ ਖੇਤਰ ਭਾਸ਼ਾਵਾਂ ਦੀਆਂ ਵੱਲਗਣਾਂ ਤੋਂ ਉੱਪਰ ਹੈ। ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਜੋਕੇ ਸਮਾਜ ਨੂੰ ਅੱਜ ਇਨ੍ਹਾਂ ਤੋਂ ਪ੍ਰੇਰਨਾ ਲੈਣ ਦੀ ਸਖ਼ਤ ਲੋੜ ਹੈ। ਸਟੇਜ ਸਕੱਤਰ ਦੀ ਸੇਵਾ ਹਰਚਰਨ ਸਿੰਘ ਗੁਲਾਟੀ ਨੇ ਬਾਖੂਬੀ ਨਿਭਾਈ। ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਭਾਈ ਪ੍ਰੇਮ ਸਿੰਘ ਨੇ ਅਰਦਾਸ ਕੀਤੀ ਅਤੇ ਹੁਕਮਨਾਮਾ ਲਿਆ ਗਿਆ। ਸਮਾਗਮ ਦੇ ਆਯੋਜਨ ਮੌਕੇ ਸੁਰਿੰਦਰ ਸਿੰਘ ਮਿਨਹਾਸ ਅਤੇ ਪ੍ਰਬੰਧਕ ਬਲਬੀਰ ਸਿੰਘ ਪ੍ਰਧਾਨ ਦੀ ਅਗਵਾਈ ਵਿੱਚ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ ਡਾ. ਪਰਮਜੀਤ ਸਿੰਘ ਸਰੋਆ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਲਵਿੰਦਰ ਸਿੰਘ ਢਿੱਲੋਂ, ਪ੍ਰਿਤਪਾਲ ਸਿੰਘ ਦਿਹਾਣਾ, ਜੋਗਾ ਸਿੰਘ ਜਸਵਾਲ, ਮਲਕੀਅਤ ਸਿੰਘ ਮਾਹਣਾ,ਕਰਨਲ ਰਾਜਾ ਰਾਠੌਰ, ਗੁਰਦਿਆਲ ਸਿੰਘ ਕਾਲਾ, ਕਸ਼ਮੀਰਾ ਸਿੰਘ ਮਨਸੂਰਪੁਰ ਅਤੇ ਗੁਰੂ ਘਰ ਦਾ ਸਟਾਫ਼ ਵੀ ਹਾਜਰ ਸੀ। ਗਿਆਨੀ ਕੁਲਦੀਪ ਸਿੰਘ ਹੈੱਡ-ਗ੍ਰੰਥੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

***

## ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ

ਇਸ ਸਾਲ ਇਹ ਵਿਸ਼ੇਸ਼ ਪ੍ਰੋਗਰਾਮ ਸ਼ਾਰਲੈਟ ਡਾਊਨਟਾਊਨ ਸਥਿਤ ਡਿਸਕਵਰੀ ਸਾਇੰਸ ਮਿਊਜ਼ੀਅਮ ਦੇ ਆਡੀਟੋਰੀਅਮ ਵਿਖੇ ਆਯੋਜਿਤ ਕੀਤਾ ਗਿਆ ਜਿੱਥੇ ਬੱਚਿਆਂ ਨੇ ਪਰਿਵਾਰਾਂ ਸਮੇਤ ਮਿਊਜ਼ੀਅਮ ਵਿੱਚ ਵੱਖ-ਵੱਖ ਪ੍ਰਦਰਸ਼ਨੀਆਂ ਅਤੇ ਖੇਡਾਂ ਦਾ ਵੀ ਆਨੰਦ ਮਾਣਿਆ। ਗੁਰਮੀਤ ਕੌਰ ਦੁਆਰਾ ਲਿਖੀਆਂ ਕਹਾਣੀਆਂ ਦੀਆਂ ਪੁਸਤਕਾਂ ਵਿੱਚੋਂ ਚਿੜੀ ਤੇ ਪਿੱਪਲ ਕਹਾਣੀ 'ਤੇ ਆਧਾਰਿਤ ਸ਼ਾਰਲੈੱਪ ਦੇ ਬੱਚਿਆਂ ਵੱਲੋਂ ਖੇਡੇ ਗਏ ਨਾਟਕ ਦਾ ਵੀ ਸਭਨਾਂ ਨੇ ਆਨੰਦ ਮਾਣਿਆ।ਸਿਮਪੋਜ਼ੀਅਮ ਦੇ ਅਖੀਰਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਉਪਰੰਤ ਨਤੀਜਿਆਂ ਦਾ ਐਲਾਨ ਕੀਤਾ ਗਿਆ। ਭਾਸ਼ਨ ਪ੍ਰਤੀਯੋਗਤਾ ਵਿੱਚ ਪਹਿਲੇ ਗਰੁੱਪ ਵਿੱਚ ਮਿਸੀਸਾਗਾ ਤੋਂ ਕੇਸਰ ਸਿੰਘ, ਦੂਜੇ ਵਿੱਚ ਨਿਊਜਰਸੀ ਤੋਂ ਪਾਹੁਲ ਕੌਰ, ਤੀਜੇ ਵਿੱਚ ਟੈਕਸਾਸ ਤੋਂ ਤੇਜਸ ਸਿੰਘ, ਚੌਥੇ ਵਿੱਚ ਸਾਂਝਾ ਪਹਿਲਾ ਸਥਾਨ ਸਿਆਟਲ ਤੋਂ ਅਮਾਨਤ ਕੌਰ ਤੇ ਮਿਸੀਸਾਗਾ ਤੋਂ ਜਸਲੀਨ ਕੌਰ ਅਤੇ ਪੰਜਵੇਂ ਗਰੁੱਪ ਵਿੱਚ ਹੈਮਿਲਟਨ ਤੋਂ ਸਹਿਜ ਸਿੰਘ ਪਹਿਲੇ ਸਥਾਨ 'ਤੇ ਰਹੇ। ਭਾਸ਼ਨ ਪ੍ਰਤੀਯੋਗਤਾ ਵਿੱਚ ਜੇਤੂਆਂ ਤੋਂ ਇਲਾਵਾ ਬਾਕੀ ਦੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਵਿਸ਼ੇਸ਼ ਪੁਰਸਕਾਰ ਡਿਸਟਿੰਗਯੂਟਿਸ਼ਡ ਸਪੀਕਰ ਅਵਾਰਡ ਦਿੱਤਾ ਗਿਆ।

***

## ਮਾਨ ਸਰਕਾਰ ਨੂੰ ਪੰਜਾਬ ਦੇ

ਪੁਲਿਸ ਬਲ ਤਾਇਨਾਤ ਕੀਤੇ ਗਏ ਹਨ।

ਸੰਗਰੂਰ ਜ਼ਿਲ੍ਹੇ ਦੇ ਲੌਂਗੋਵਾਲ ਕਸਬੇ ਵਿੱਚ ਬੀਤੇ ਸੋਮਵਾਰ ਨੂੰ ਧਰਨੇ ਦੌਰਾਨ ਪੁਲਿਸ ਲਾਠੀਚਾਰਜ ਕਾਰਨ ਇੱਕ ਕਿਸਾਨ ਪ੍ਰੀਤਮ ਸਿੰਘ ਦੀ ਟਰਾਲੀ ਥੱਲੇ ਆਉਣ ਕਾਰਣ ਮੌਤ ਹੋ ਗਈ ਸੀ ਅਤੇ ਪੁਲਿਸ ਇੰਸਪੈਕਟਰ ਸਮੇਤ ਦਰਜਨਾਂ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚ ਕਈ ਕਿਸਾਨ ਬੀਬੀਆਂ ਵੀ ਸ਼ਾਮਿਲ ਹਨ। ਇਸ ਕਾਰਨ ਕਿਸਾਨਾਂ ਵੱਲੋਂ ਸੁਨਾਮ-ਬਰਨਾਲਾ ਰੋਡ 'ਤੇ ਪੱਕਾ ਮੋਰਚਾ ਆਰੰਭ ਕਰ ਦਿੱਤਾ ਗਿਆ। ਸਾਰੀਆਂ ਕਿਸਾਨ ਜਥੇਬੰਦੀਆਂ ਇਥੇ ਸਰਗਰਮ ਹੋ ਗਈਆਂ ਹਨ। ਕਿਸਾਨਾਂ ਨੇ ਦੱਸਿਆ ਕਿ ਪੁਲਿਸ ਅਧਿਕਾਰੀਆਂ ਵੱਲੋਂ ਸ਼ਰੇਆਮ ਬੱਸ ਦੇ ਸ਼ੀਸ਼ੇ ਭੰਨੇ ਗਏ ਅਤੇ ਭੱਜ-ਦੌੜ ਵਿੱਚ ਕਿਸਾਨ ਦੀ ਮੌਤ ਲਈ ਪੁਲਿਸ ਹੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਆਗੂਆਂ ਨੇ ਦੋਸ਼ ਲਗਾਇਆ ਕਿ ਪੁਲਿਸ ਨੇ ਕੁਝ ਔਰਤਾਂ ਅਤੇ ਨੌਜਵਾਨਾਂ ਨੂੰ ਧੱਕੇ ਨਾਲ ਥਾਣੇ ਅੰਦਰ ਬੰਦ ਕਰ ਦਿੱਤਾ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਤਾਨਾਸ਼ਾਹ ਹਿਟਲਰ ਕਰਾਰ ਦਿੰਦਿਆਂ ਕਿਹਾ ਕਿ ਇਸ ਸਰਕਾਰ ਦੇ ਰਾਜ ਵਿੱਚ ਆਮ ਲੋਕਾਂ 'ਤੇ ਜ਼ੁਲਮ ਦੀ ਹੱਦ ਟੱਪ ਚੁੱਕੀ ਹੈ। ਸੰਗਰੂਰ ਪੁਲਿਸ ਦੇ ਐਸ.ਪੀ. ਪਲਵਿੰਦਰ ਸਿੰਘ ਚੀਮਾ ਨੇ ਦੱਸਿਆ ਕਿ ਰੋਹ ਵਿੱਚ ਆਏ ਕਿਸਾਨਾਂ ਕਾਰਨ ਅਮਨ ਸ਼ਾਂਤੀ ਨੂੰ ਕਾਇਮ ਰੱਖਣ ਲਈ ਪੁਲਿਸ ਨੂੰ ਲਾਠੀਚਾਰਜ ਕਰਨਾ ਪਿਆ ਸੀ। ਸੰਗਰੂਰ ਵਿੱਚ ਪੁਲਿਸ ਅਤੇ ਕਿਸਾਨਾਂ ਵਿੱਚ ਹੋਈ ਝੜਪ ਤੋਂ ਬਾਅਦ ਕਿਸਾਨਾਂ ਉਪਰ ਕੇਸ ਦਰਜ ਕਰਨ ਤੋਂ ਬਾਅਦ 32 ਕਿਸਾਨ ਜਥੇਬੰਦੀਆਂ ਨੇ ਮੀਟਿੰਗ ਵਿੱਚ ਤੈ ਕੀਤਾ ਗਿਆ ਹੈ ਕਿ ਉਹ ਲੋਂਗੋਵਾਲ ਵਿੱਚ ਪੱਕਾ ਧਰਨਾ ਲਾ ਲੈਣਗੇ । ਕਿਸਾਨ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿਸਾਨ ਪ੍ਰੀਤਮ ਸਿੰਘ ਦੇ ਪਰਿਵਾਰ ਨੂੰ ਮੁਆਵਜ਼ਾ ਮਿਲੇ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ ।

ਕਿਸਾਨਾਂ ਦੀ ਦੂਜੀ ਮੰਗ ਹੈ ਕਿ ਕਿਸਾਨਾਂ ਨਾਲ ਝੜਪ ਦੌਰਾਨ ਜਿੰਨਾਂ ਪੁਲਿਸ ਅਧਿਕਾਰੀਆਂ ਨੇ ਲਾਠੀ ਚਾਰਜ ਕੀਤਾ ਹੈ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਕੀਤੀ ਜਾਵੇ। ਇਸ ਤੋਂ ਇਲਾਵਾ ਸੰਗਰੂਰ ਪੁਲਿਸ ਵੱਲੋਂ ਜਿਹੜੇ 53 ਲੋਕ ਜਿੰਨਾਂ ਵਿੱਚ 18 ਕਿਸਾਨ ਅਤੇ 35 ਅਣਪਛਾਤੇ ਲੋਕਾਂ ਖ਼ਿਲਾਫ਼ ਕੇਸ ਦਰਜ਼ ਕੀਤਾ ਗਿਆ ਹੈ ਉਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ ਹੈ। ਕਿਸਾਨਾਂ ਦੀ ਚੌਥੀ ਮੰਗ ਹੈ ਕਿ ਜਿਹੜੇ ਕਿਸਾਨਾਂ ਨੂੰ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ ਉਨ੍ਹਾਂ ਦੀ ਰਿਹਾਈ ਕੀਤੀ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਨੇ ਮੰਗ ਕੀਤੀ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ 'ਤੇ ਕਤਲ ਦਾ ਮਾਮਲਾ ਦਰਜ ਕੀਤਾ ਜਾਵੇ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਚਰਨਜੀਤ ਸਿੰਘ ਚੰਨੀ ਨੇ ਕਿਹਾ ਮੁੱਖ ਮੰਤਰੀ ਭਗਵੰਤ ਮਾਨ ਵਿੱਚ ਹਿਟਲਰ ਦੀ ਆਤਮਾ ਦਾਖਲ ਹੋ ਚੁੱਕੀ ਹੈ । ਉਨ੍ਹਾਂ ਨੇ ਲੌਂਗੋਵਾਲ ਵਿੱਚ ਕਿਸਾਨ ਪ੍ਰੀਤਮ ਸਿੰਘ ਦੀ ਮੌਤ ਦਾ ਜ਼ਿੰਮੇਵਾਰ ਵੀ ਸੀਐੱਮ ਮਾਨ ਨੂੰ ਦੱਸਿਆ ਹੈ ।

ਕਿਸਾਨਾਂ ਦਾ ਕਹਿਣਾ ਹੈ ਕਿ ਜਿਸ ਕਦਰ ਪਿਛਲੇ ਡੇਢ ਕੁ ਮਹੀਨੇ ਤੋਂ ਪੰਜਾਬ ਵਿੱਚ ਗੈਰ ਕੁਦਰਤੀ ਹੜ੍ਹਾਂ ਨੇ ਭਿਆਨਕ ਤਬਾਹੀ ਮਚਾਈ ਹੈ ਅਤੇ ਹਰ ਤਰ੍ਹਾਂ ਨਾਲ ਹਜ਼ਾਰਾਂ ਹੀ ਪਿੰਡਾਂ ਵਿਚ ਨੁਕਸਾਨ ਕੀਤਾ ਹੈ, ਉਸ ਲਈ ਪੰਜਾਬ ਤੇ ਕੇਂਦਰ ਸਰਕਾਰ ਜਿੰਮੇਵਾਰ ਹੈ। ਮੁੱਖ ਮੰਤਰੀ ਨੇ ਕਿਸਾਨਾਂ ਪ੍ਰਤੀ ਗੰਭੀਰਤਾ ਨਹੀਂ ਦਿਖਾਈ ਨਾ ਹੀ ਕੇਂਦਰ ਦਾ ਵਿਰੋਧ ਕੀਤਾ ਹੈ ਜਿਸ ਦੇ ਹੁਕਮ ਉਪਰ ਭਾਖੜਾ ਡੈਮ ਦਾ ਪਾਣੀ ਛੱਡਿਆ ਗਿਆ ਹੈ । ਕਿਸਾਨਾਂ ਦਾ ਮੰਨਣਾ ਹੈ ਕਿ ਇਕ ਪਾਸੇ ਹਜ਼ਾਰਾਂ ਪਿੰਡਾਂ ਦੇ ਪਾਣੀ ਵਿਚ ਡੁੱਬੇ ਹੋਣ ਦੀਆਂ ਖ਼ਬਰਾਂ ਤੇ ਤਸਵੀਰਾਂ ਆ ਰਹੀਆਂ ਹਨ, ਦੂਜੇ ਪਾਸੇ ਮੁੱਖ ਮੰਤਰੀ ਕਹਿ ਰਹੇ ਹਨ ਕਿ ਸੂਬੇ ਵਿੱਚ ਹੜ੍ਹਾਂ ਦੇ ਮੱਦੇ-ਨਜ਼ਰ ਹਾਲਾਤ ਕਾਬੂ ਹੇਠ ਹਨ। ਇਥੋਂ ਤੱਕ ਝੂਠ ਬੋਲਿਆ ਜਾ ਰਿਹਾ ਹੈ ਕਿ ਪੌਂਗ ਡੈਮ ਤੇ ਰਣਜੀਤ ਸਾਗਰ ਡੈਮ ਦੀ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ।ਆਪ ਸਰਕਾਰ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਤੋਂ ਅਸਮਰਥ ਰਹੀ ਹੈ।

***

## ਲੌਂਗੋਵਾਲ ਝੜਪ ਸਬੰਧੀ 50 ਤੋਂ ਵੱਧ ਕਿਸਾਨਾਂ

ਬਲਜਿੰਦਰ ਸਿੰਘ ਲੌਂਗੋਵਾਲ, ਪਰਦੀਪ ਸਿੰਘ ਕਿਲਾ ਭਰੀਆ, ਪੀਟਰ ਰੇਹੜੇ ਦਾ ਨਾਮਲੂਮ ਡਰਾਈਵਰ, ਅਮਰ ਸਿੰਘ ਕਿਲਾ ਭਰੀਆਂ, ਅਮਰ ਸਿੰਘ ਲੌਂਗੋਵਾਲ, ਕੁਲਵਿੰਦਰ ਸਿੰਘ ਲੌਂਗੋਵਾਲ, ਭੁਪਿੰਦਰ ਸਿੰਘ ਸੂਬਾ ਆਗੂ ਕਿਰਤੀ ਕਿਸਾਨ ਯੂਨੀਆਨ, ਰਾਜਪਾਲ ਸਿੰਘ ਮੰਗਵਾਲ, ਪ੍ਰਿਥੀ ਸਿੰਘ ਲੌਂਗੋਵਾਲ, ਜੁਝਾਰ ਸਿੰਘ, ਹੈਪੀ ਨਮੋਲ, ਲਖਵੀਰ ਸਿੰਘ ਲੌਂਗੋਵਾਲ, ਕਮਲਜੀਤ ਸਿੰਘ ਲੌਂਗੋਵਾਲ, ਬਲਦੇਵ ਸਿੰਘ, ਬਾਰਾ ਸਿੰਘ ਮੰਗਵਾਲ, ਦਰਬਾਰਾ ਸਿੰਘ ਲੋਹਾਖੇੜਾ ਅਤੇ ਗੁਰਮੇਲ ਸਿੰਘ ਲੌਂਗੋਵਾਲ ਤੋਂ ਇਲਾਵਾ ਹੋਰ ਨਾਮਲੂਮ ਵਿਅਕਤੀ ਸ਼ਾਮਲ ਹਨ। ਇਨ੍ਹਾਂ ਖ਼ਿਲਾਫ਼ ਆਈਪੀਸੀ ਦੀ ਧਾਰਾ 307, 323, 353, 186, 148, 149 ਤਹਿਤ ਕੇਸ ਕੇਸ ਦਰਜ ਕੀਤਾ ਗਿਆ ਹੈ। ਸੰਯੁਕਤ ਕਿਸਾਨ ਮੋਰਚਾ ਦੀ ਮੀਟਿੰਗ ਤੋਂ ਬਾਅਦ ਪ੍ਰੈੱਸ ਕਾਨਫਰੰਸ ਦੌਰਾਨ ਇੰਡੀਅਨ ਫਾਰਮਰ ਐਸੋਸੀਏਸ਼ਨ ਦੇ ਆਗੂ ਸਤਿਨਾਮ ਸਿੰਘ ਬਹਿਰੂ, ਕਿਰਤੀ ਕਿਸਾਨ ਯੂਨੀਅਨ ਦੇ ਨਿਰਭੈ ਸਿੰਘ ਢੁੱਡੀਕੇ ਅਤੇ ਭਾਕਿਯੂ ਦੁਆਬਾ ਦੇ ਆਗੂ ਸਤਨਾਮ ਸਿੰਘ ਸਾਹਨੀ ਨੇ ਲੌਂਗੋਵਾਲ 'ਚ ਹੋਏ ਪੁਲੀਸ ਜਬਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਬਡਬਰ ਟੌਲ ਪਲਾਜ਼ਾ 'ਤੇ ਸ਼ਾਂਤਮਈ ਪ੍ਰਦਰਸ਼ਨ ਕਰਨ ਜਾ ਰਹੇ ਕਿਸਾਨਾਂ ਤੇ ਕਿਸਾਨ ਬੀਬੀਆਂ ਉੱਪਰ ਪੁਲੀਸ ਵੱਲੋਂ ਅੰਨ੍ਹੇਵਾਹ ਲਾਠੀਚਾਰਜ ਕੀਤਾ ਗਿਆ ਅਤੇ ਕਿਸਾਨ ਪ੍ਰੀਤਮ ਸਿੰਘ ਨੂੰ ਸ਼ਹੀਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਾਪਰੇ ਸਮੁੱਚੇ ਘਟਨਾਕ੍ਰਮ ਲਈ ਪੁਲੀਸ ਵਲੋਂ ਉਲਟਾ ਕਿਸਾਨਾਂ ਨੂੰ ਹੀ ਜ਼ਿੰਮੇਵਾਰ ਠਹਿਰਾਉਂਦਿਆਂ53 ਕਿਸਾਨਾਂ ਖ਼ਿਲਾਫ਼ ਇਰਾਦਾ ਕਤਲ ਵਰਗੀਆਂ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਲਾਠੀਚਾਰਜ ਲਈ ਜ਼ਿੰਮੇਵਾਰ ਪੁਲੀਸ ਅਧਿਕਾਰੀਆਂ ਖ਼ਿਲਾਫ਼ ਤੁਰੰਤ ਕੇਸ ਦਰਜ ਕੀਤਾ ਜਾਵੇ, 53 ਕਿਸਾਨਾਂ ਖ਼ਿਲਾਫ਼ ਦਰਜ ਕੇਸ ਰੱਦ ਕੀਤ ਜਾਣ ਤੇ ਗ੍ਰਿਫ਼ਤਾਰ ਕੀਤੇ ਕਿਸਾਨ ਰਿਹਾਅ ਕੀਤੇ ਜਾਣ। ਕਿਸਾਨ ਆਗੂਆਂ ਨੇ ਦੱਸਿਆ ਕਿ 2 ਸਤੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਆਲ ਇੰਡੀਆ ਦੀ ਮੀਟਿੰਗ ਚੰਡੀਗੜ੍ਹ 'ਚ ਹੋ ਰਹੀ ਹੈ ਜਿਸ ਵਿਚ ਲੌਂਗੋਵਾਲ ਘਟਨਾ ਦਾ ਮੁੱਦਾ ਰੱਖਿਆ ਜਾਵੇਗਾ।

***

## 'ਆਪ' ਸਰਕਾਰ ਦੇ ਝੂਠੇ ਵਾਅਦੇ

ਲਈ 50,000 ਰੁਪਏ ਪ੍ਰਤੀ ਏਕੜ, ਨੁਕਸਾਨੇ ਗਏ ਘਰਾਂ ਲਈ 5 ਲੱਖ ਰੁਪਏ ਅਤੇ ਹੜ੍ਹਾਂ ਵਿੱਚ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ 10 ਲੱਖ ਰੁਪਏ ਦਿੱਤੇ ਜਾਣ। ਮੁੱਖ ਮੰਤਰੀ ਦਾ ਕਿਸਾਨਾਂ ਦੀ ਇਸ ਮੰਗ ਨੂੰ ਮੰਨਣਾ ਤਾਂ ਦੂਰ ਦੀ ਗਲ ਉਹ ਕਿਸਾਨਾਂ ਨਾਲ ਗਲ ਹੀ ਨਹੀਂ ਕਰਨਾ ਚਾਹੁੰਦੇ। ਮੁੱਖ ਮੰਤਰੀ ਭਗਵੰਤ ਮਾਨ ਦੀ ਇਹ ਤਬਦੀਲੀ ਕੁਝ ਮਹੀਨਿਆਂ ਬਾਅਦ ਹੋਈ ਹੈ। ਪਹਿਲਾਂ ਉਹ ਆਮ ਲੋਕਾਂ ਨੂੰ ਬਹੁਤ ਮਿਲਦੇ ਸਨ ।ਹੁਣ ਉਨ੍ਹਾਂ 'ਤੇ ਦਿੱਲੀ ਦਾ ਰੰਗ ਚੜ੍ਹ ਗਿਆ ਹੈ।

ਪੰਜਾਬ ਦੇ ਬੋਧਿਕ ਹਲਕਿਆਂ ਦਾ ਮੰਨਣਾ ਹੈ ਕਿ ਸਿਰਫ਼ ਉਹੀ ਲੋਕ ਇਸ ਸੱਤਾ ਦੇ ਹੰਕਾਰ ਨੂੰ ਹੇਠਾਂ ਉਤਾਰਨਗੇ, ਜੋ ਉਸ ਨੂੰ ਜ਼ਮੀਨ ਤੋਂ ਅਕਾਸ਼ ਤੱਕ ਲੈ ਗਏ ਸਨ। ਪੰਜਾਬ ਦੇ ਲੋਕਾਂ ਨੇ ਨਿਸ਼ਚਿਤ ਤੌਰ 'ਤੇ ਸੋਚਿਆ ਸੀ ਕਿ ਜੇਕਰ ਤੀਸਰਾ ਬਦਲ ਸੱਤਾ ਦੀ ਵਾਗ ਡੋਰ ਸੰਭਾਲਦਾ ਹੈ ਤਾਂ ਬਦਲਾ ਜ਼ਰੂਰ ਹੋਵੇਗਾ। ਬੇਰੁਜ਼ਗਾਰਾਂ 'ਤੇ ਲਾਠੀਆਂ ਵੀ ਬੰਦ ਹੋ ਜਾਣਗੀਆਂ ਅਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵੀ ਰੁਕ ਜਾਣਗੀਆਂ। ਸਰਕਾਰੀ ਦਫ਼ਤਰਾਂ ਦਾ ਮਾਹੌਲ ਬਦਲ ਜਾਵੇਗਾ। ਪਰ ਉਹੀ ਸਥਿਤੀ, ਉਹੀ ਸ਼ਾਸਨ ਦਾ ਢੰਗ ਅਤੇ ਉਹੀ ਸੰਕਟ। ਖਾਲੀ ਨਾਅਰੇ। ਭਗਵੰਤ ਮਾਨ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਕਿਸਾਨ ਅੰਦੋਲਨ ਜੇ ਨਰਿੰਦਰ ਮੋਦੀ ਸਰਕਾਰ ਨੂੰ ਮਹਿੰਗਾ ਪੈ ਸਕਦਾ ਹੈ,ਤਾਂ ਭਗਵੰਤ ਮਾਨ ਦੀ ਸਰਕਾਰ ਕਿਸਾਨਾਂ ਦੇ ਸੰਘਰਸ਼ ਅੱਗੇ ਕੀ ਵਾਜੂਦ ਰੱਖਦੀ ਹੈ ?

***

## ਫਿਲਾਡੈਲਫੀਆ 'ਚ ਜਨਮ ਦਿਨ ਪਾਰਟੀ ਮੌਕੇ ਚੱਲੀਆਂ

ਬਰਾਮਦ ਹੋਏ ਹਨ। 8 ਪੀੜਤ ਜਿਨ੍ਹਾਂ ਵਿੱਚ 5 ਔਰਤਾਂ , 2 ਲੜਕੀਆਂ ਤੇ 1 ਵਿਅਕਤੀ ਸ਼ਾਮਿਲ ਹੈ, ਜੇਰੇ ਇਲਾਜ ਹਨ। ਮੌਕੇ ਉਪਰ ਮੌਜੂਦ ਲੋਕਾਂ ਅਨੁਸਾਰ ਗੋਲੀਆਂ ਚੱਲਣ ਉਪਰੰਤ ਪਾਰਟੀ ਵਿੱਚ ਹਫੜਾ ਦਫੜੀ ਮੱਚ ਗਈ ਤੇ ਲੋਕ ਆਪਣੀਆਂ ਜਾਨਾਂ ਬਚਾਉਣ ਲਈ ਇਧਰ ਉਧਰ ਭੱਜ ਗਏ। ਇਸ ਦੌਰਾਨ ਵੀ ਕਈ ਲੋਕਾਂ ਦੇ ਜ਼ਖਮੀ ਹੋਣ ਦੀ ਰਿਪੋਰਟ ਹੈ।

## ਪਰਮਾਣੂ ਹਥਿਆਰਾਂ ਦੇ ਖ਼ਤਰੇ ’ਚ

ਅਤੇ ਨੇਤਾ ਵਿਸ਼ੇਸ਼ ਤੌਰ ’ਤੇ ਚਿੰਤਤ ਹਨ ਕਿ ਜੇਕਰ ਖੇਤੀਬਾੜੀ ਅਤੇ ਸਿਹਤ ਵਰਗੇ ਖੇਤਰਾਂ ਵਿੱਚ ਬਹੁ ਰਾਸ਼ਟਰੀ ਕੰਪਨੀਆਂ ਦਾ ਦਬਦਬਾ ਹੋ ਗਿਆ ਤਾਂ ਇਨ੍ਹਾਂ ਦੇਸ਼ਾਂ ਦੀ ਆਰਥਿਕਤਾ ਅਤੇ ਰੋਜ਼ੀ-ਰੋਟੀ ’ਤੇ ਮਾੜਾ ਅਸਰ ਪਵੇਗਾ। ਇਸ ਤੋਂ ਇਲਾਵਾ ਵਾਤਾਵਰਨ ਅਤੇ ਸਿਹਤ ’ਤੇ ਵੀ ਮਾੜਾ ਅਸਰ ਪਵੇਗਾ। ਯਾਦ ਰੱਖੋ ਕਿ ਇਹਨਾਂ ਵਿੱਚੋਂ ਬਹੁਤ ਸਾਰੇ ਵਿਕਾਸਸ਼ੀਲ ਦੇਸ਼ ਪਹਿਲਾਂ ਹੀ ਦੋ ਸਦੀਆਂ ਜਾਂ ਇਸ ਤੋਂ ਵੱਧ ਸਮੇਂ ਤੋਂ ਬਸਤੀਵਾਦੀ ਸ਼ੋਸ਼ਣ ਦਾ ਸ਼ਿਕਾਰ ਹੋ ਚੁੱਕੇ ਹਨ। ਇਸ ਕਾਰਨ ਉਨ੍ਹਾਂ ਨੂੰ ਬਹੁਤ ਦੁੱਖ ਝੱਲਣੇ ਪਏ ਅਤੇ ਫਿਰ ਵੱਡੇ ਸੰਘਰਸ਼ ਤੋਂ ਬਾਅਦ ਉਨ੍ਹਾਂ ਨੂੰ ਆਜ਼ਾਦੀ ਮਿਲੀ। ਬਹੁਤ ਸਾਰੀਆਂ ਮੁਸ਼ਕਲਾਂ ਦੇ ਵਿਚਕਾਰ ਆਪਣੇ ਨਾਗਰਿਕਾਂ ਲਈ ਕਈ ਮਹੱਤਵਪੂਰਨ ਪ੍ਰਾਪਤੀਆਂ ਪ੍ਰਾਪਤ ਕੀਤੀਆਂ। ਹੁਣ ਉਨ੍ਹਾਂ ਨੂੰ ਬਹੁਕੌਮੀ ਕੰਪਨੀਆਂ ਵੱਲੋਂ ਫੈਲਾਈਆਂ ਗਈਆਂ ਨਵੀਆਂ ਤਕਨੀਕਾਂ, ਅਮੀਰ ਦੇਸ਼ਾਂ ਵੱਲੋਂ ਫੈਲਾਏ ਗਏ ਨਵੇਂ ਵਪਾਰ ਅਤੇ ਨਿਵੇਸ਼ ਸਮਝੌਤਿਆਂ ਅਤੇ ਨਿਯਮਾਂ ਕਾਰਨ ਨਵੀਆਂ ਸਖ਼ਤ ਚੁਨੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਬਹੁਤ ਸੋਚ ਸਮਝ ਕੇ ਫੈਸਲੇ ਲੈਣੇ ਪੈਣਗੇ ਤਾਂ ਜੋ ਅਜਿਹੇ ਨਵੇਂ ਜਾਲ ਵਿੱਚ ਨਾ ਫਸਣ। ਕਿ ਉਨ੍ਹਾਂ ਲਈ ਬਾਹਰ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਧਿਆਨ ਯੋਗ ਹੈ ਕਿ ਜਿੱਥੇ ਪੱਛਮੀ ਅਮੀਰ ਦੇਸ਼ ਇਸ ਸੰਦਰਭ ਵਿੱਚ ਕਈ ਚਾਲ ਚੱਲ ਰਹੇ ਹਨ, ਉੱਥੇ ਵਿਸ਼ਵ ਆਰਥਿਕ ਸ਼ਕਤੀ ਦੇ ਨਵੇਂ ਕੇਂਦਰ ਵਜੋਂ ਚੀਨ ਵੀ ਆਪਣੇ ਵੱਲੋਂ ਕਈ ਹਮਲਾਵਰ ਨੀਤੀਆਂ ਅਪਣਾ ਰਿਹਾ ਹੈ। ਇਸ ਸਥਿਤੀ ਵਿੱਚ ਭਾਰਤ ਵਰਗੇ ਮਹੱਤਵਪੂਰਨ ਵਿਕਾਸਸ਼ੀਲ ਦੇਸ਼ਾਂ ਲਈ ਨਵੀਆਂ ਚੁਨੌਤੀਆਂ ਪੈਦਾ ਹੋ ਰਹੀਆਂ ਹਨ। ਉਨ੍ਹਾਂ ਨੂੰ ਇਨ੍ਹਾਂ ਦੋਵਾਂ ਧਿਰਾਂ ਦੀ ਉਲਝਣ ਤੋਂ ਦੂਰ ਹੋ ਕੇ ਆਪਣਾ ਸੁਤੰਤਰ ਅਤੇ ਸੁਚੱਜਾ ਰਾਹ ਲੱਭਣ ਲਈ ਦੁਨੀਆ ਨੂੰ ਨਵਾਂ ਰਾਹ ਦਿਖਾਉਣਾ ਚਾਹੀਦਾ ਹੈ। ਭਾਰਤ, ਬ੍ਰਾਜ਼ੀਲ, ਮੈਕਸੀਕੋ ਵਰਗੇ ਕਈ ਮਹੱਤਵਪੂਰਨ ਦੇਸ਼ ਵਿਸ਼ਵ ਪੱਧਰ ’ਤੇ ਕਈ ਗੰਭੀਰ ਸੰਕਟਾਂ ਤੋਂ ਬਚਣ ਅਤੇ ਬਰਾਬਰੀ ਵਾਲੇ ਵਿਕਾਸ ਦਾ ਨਵਾਂ ਰਾਹ ਦਿਖਾ ਸਕਦੇ ਹਨ, ਪਰ ਇਸ ਲਈ ਜ਼ਰੂਰੀ ਹੈ ਕਿ ਉਹ ਆਪਣੇ ਆਪ ਨੂੰ ਕਈ ਤਰ੍ਹਾਂ ਦੇ ਭਰਮਾਂ ਤੋਂ ਦੂਰ ਰੱਖ ਸਕਣ।

ਦੂਜੇ ਪਾਸੇ, ਵਧਦੀ ਅਸਮਾਨਤਾ ਦੇ ਵਿਚਕਾਰ ਅਰਬਪਤੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ ਅਤੇ ਅੱਜ ਇਹਨਾਂ ਅਰਬਪਤੀਆਂ ਵਿੱਚੋਂ ਸਭ ਤੋਂ ਵੱਡੇ ਆਰਥਿਕ ਸ਼ਕਤੀ ਅਤੇ ਰਾਜਨੀਤਿਕ ਪ੍ਰਭਾਵ ਨੂੰ ਇਕੱਠਾ ਕਰ ਰਹੇ ਹਨ ਜੋ ਕੁਝ ਸਾਲ ਪਹਿਲਾਂ ਸੰਭਵ ਨਹੀਂ ਸੀ। ਇਨ੍ਹਾਂ ’ਚੋਂ ਕਈ ਅਰਬਪਤੀਆਂ ਨੂੰ ਸਭ ਤੋਂ ਅਮੀਰ ਦੇਸ਼ਾਂ ਦੀਆਂ ਸਰਕਾਰਾਂ ਦਾ ਸਮਰਥਨ ਇਸ ਤਰ੍ਹਾਂ ਮਿਲ ਰਿਹਾ ਹੈ ਕਿ ਜੋ ਕੰਮ ਸਰਕਾਰੀ ਪੱਧਰ ’ਤੇ ਖੁੱਲ੍ਹ ਕੇ ਨਹੀਂ ਕੀਤਾ ਜਾ ਸਕਦਾ, ਉਹ ਕੰਮ ਇਨ੍ਹਾਂ ਅਰਬਪਤੀਆਂ ਰਾਹੀਂ ਵਿਸ਼ਵ ਪੱਧਰ ’ਤੇ ਕੰਟਰੋਲ ਵਧਾਉਣ ਲਈ ਕੀਤਾ ਜਾ ਸਕਦਾ ਹੈ। ਅੱਜ ਇਨ੍ਹਾਂ ਅਰਬਪਤੀਆਂ ਦੁਆਰਾ ਚਲਾਏ ਜਾ ਰਹੇ ਅਦਾਰਿਆਂ ਦੀ ਦਖ਼ਲ-ਅੰਦਾਜ਼ੀ ਵਿਸ਼ਵ ਪੱਧਰ ’ਤੇ ਸਿਹਤ, ਖੇਤੀਬਾੜੀ ਵਰਗੇ ਖੇਤਰਾਂ ਵਿੱਚ ਇੰਨੀ ਵੱਧ ਗਈ ਹੈ ਕਿ ਉਹ ਨੀਤੀਆਂ ਵਿੱਚ ਬਦਲਾਅ ਲਿਆ ਸਕਦੇ ਹਨ। ਇਸ ਸਥਿਤੀ ਵਿੱਚ ਇਹ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਨਿਆਂ, ਬਰਾਬਰੀ, ਸ਼ਾਂਤੀ, ਵਾਤਾਵਰਣ ਅਤੇ ਜੈਵਿਕ ਵਿਭਿੰਨਤਾ ਨਾਲ ਜੁੜੇ ਸਾਰੇ ਲੋਕ ਅਤੇ ਸੰਸਥਾਵਾਂ ਇਮਾਨਦਾਰੀ ਅਤੇ ਇਮਾਨਦਾਰੀ ਨਾਲ ਆਪਣੇ ਵਚਨਬੱਧਤਾ ਅਤੇ ਮਿਹਨਤ ਨੂੰ ਵਧਾਉਣ ਅਤੇ ਇਸ ਦੇ ਨਾਲ ਹੀ ਬਹੁਤ ਸੂਝ-ਬੂਝ ਨਾਲ, ਬਹੁਤ ਹੀ ਸਾਵਧਾਨੀ ਨਾਲ ਆਪਸੀ ਸਾਂਝ ਨੂੰ ਵਧਾਉਣ। ਸਹਿਯੋਗ ਅਤੇ ਏਕਤਾ. ਤਦ ਹੀ ਉਹ ਵਧਦੀਆਂ ਮੁਸ਼ਕਿਲਾਂ ਦੇ ਵਿਚਕਾਰ ਸੰਸਾਰ ਨੂੰ ਇੱਕ ਬਿਹਤਰ ਅਤੇ ਸੁਰੱਖਿਅਤ ਭਵਿੱਖ ਵੱਲ ਲੈ ਜਾ ਸਕਣਗੇ। ਨੌਜਵਾਨਾਂ ਅਤੇ ਬੱਚਿਆਂ ਦਾ ਬਿਹਤਰ ਭਵਿੱਖ ਇਨ੍ਹਾਂ ਯਤਨਾਂ ਨਾਲ ਜੁੜਿਆ ਹੋਇਆ ਹੈ। ਇਸ ਯੁੱਗ ਦੀਆਂ ਚੁਨੌਤੀਆਂ ਅਤੇ ਜ਼ਿੰਮੇਵਾਰੀਆਂ ਬਹੁਤ ਵੱਡੀਆਂ ਹਨ, ਅਤੇ ਇਨ੍ਹਾਂ ਨੂੰ ਕਿਸੇ ਵੀ ਕਿਸਮ ਦੀ ਸੌੜੀ ਸੋਚ ਦੇ ਰਾਹ ’ਤੇ ਚੱਲਦਿਆਂ ਨਜਿੱਠਿਆ ਨਹੀਂ ਜਾ ਸਕਦਾ ਅਤੇ ਵਿਆਪਕ ਸੋਚ ਅਤੇ ਏਕਤਾ ਦਾ ਮਾਰਗ ਹੀ ਸਹੀ ਮਾਰਗ ਹੈ। ਜੇਕਰ ਬਹੁਤ ਦੂਰ ਦੀ ਗੱਲ ਨਾ ਕਰੀਏ ਤਾਂ ਅੱਜ ਦੇ ਮਾਸੂਮ ਬੱਚਿਆਂ ਦੇ ਜੀਵਨ ਕਾਲ ਵਿੱਚ ਧਰਤੀ ਦੀ ਜੀਵਨ ਦੇਣ ਦੀ ਸਮਰੱਥਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੀ ਹੈ। ਇਸ ਸਥਿਤੀ ਵਿਚ ਵਿਸ਼ਵ ਪੱਧਰ ’ਤੇ ਸਭ ਤੋਂ ਵੱਡੀ ਜ਼ਿੰਮੇਵਾਰੀ ਇਹ ਹੈ ਕਿ ਇਸ ਸਥਿਤੀ ਨੂੰ ਸਮੇਂ ਸਿਰ ਨਜਿੱਠਿਆ ਜਾਵੇ। ਇਸ ਦੇ ਨਾਲ ਇੱਕ ਹੋਰ ਸੰਕਟ ਵਧਦਾ ਜਾ ਰਿਹਾ ਹੈ ਕਿ ਵਿਸ਼ਵ ਪੱਧਰ ’ਤੇ ਕਈ ਤਰ੍ਹਾਂ ਦੀਆਂ ਖਤਰਨਾਕ ਤਕਨੀਕਾਂ ਆ ਰਹੀਆਂ ਹਨ ਅਤੇ ਉਹ ਵੀ ਭੋਜਨ ਅਤੇ ਖੇਤੀਬਾੜੀ, ਸਿਹਤ ਅਤੇ ਸੰਚਾਰ ਵਰਗੇ ਖੇਤਰਾਂ ਵਿੱਚ। ਬਹੁਤ ਸਾਰੇ ਜਾਣੇ-ਪਛਾਣੇ ਮਾਹਰ ਉਨ੍ਹਾਂ ਬਾਰੇ ਚਿਤਾਵਨੀ ਦਿੰਦੇ ਰਹੇ ਹਨ ਕਿ ਇਨ੍ਹਾਂ ਦੇ ਤੇਜ਼ੀ ਨਾਲ ਫੈਲਣ ਤੋਂ ਪਹਿਲਾਂ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਪਰ ਜਿੱਥੇ ਬਹੁਤ ਵੱਡੀਆਂ ਵਿਸ਼ਵ ਪੱਧਰੀ ਬਹੁਕੌਮੀ ਕੰਪਨੀਆਂ ਦੇ ਹਿੱਤ ਸ਼ਾਮਲ ਹਨ, ਉੱਥੇ ਇਨ੍ਹਾਂ ਵੱਡੇ ਮਾਹਰਾਂ ਦੀਆਂ ਚਿਤਾਵਨੀਆਂ ਨੂੰ ਵੀ ਨਜ਼ਰ ਅੰਦਾਜ਼ ਕੀਤਾ ਜਾ ਸਕਦਾ ਹੈ ਅਤੇ ਹੋ ਰਿਹਾ ਹੈ। ਇਹਨਾਂ ਵਿੱਚੋਂ ਕੁਝ ਤਕਨੀਕਾਂ ਦਾ ਉਦੇਸ਼ ਸਿਰਫ਼ ਮੁਨਾਫ਼ਾ ਵਧਾਉਣਾ ਹੀ ਨਹੀਂ ਹੈ, ਸਗੋਂ ਕੰਟਰੋਲ ਵਧਾਉਣਾ ਵੀ ਹੈ। ਇਸ ਸੰਦਰਭ ਵਿੱਚ, ਵਿਕਾਸਸ਼ੀਲ ਦੇਸ਼ਾਂ ਦੇ ਬਹੁਤ ਸਾਰੇ ਵਿਦਵਾਨ ਅਤੇ ਨੇਤਾ ਵਿਸ਼ੇਸ਼ ਤੌਰ ’ਤੇ ਚਿੰਤਤ ਹਨ।

***

## ਵਿੱਦਿਅਕ ਵਾਤਾਵਰਨ ਦੂਸ਼ਿਤ

ਪ੍ਰੋਫ਼ੈਸਰ ਦਾਸ ਨੇ ਅਕਾਦਮਿਕ ਅਭਿਆਸ ਦੇ ਕਿਸੇ ਵੀ ਮਾਪਦੰਡ ਦਾ ਉਲੰਘਣ ਨਹੀਂ ਕੀਤਾ। ਇਸ ਦੇ ਨਾਲ ਹੀ ਗਵਰਨਿੰਗ ਬਾਡੀ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਉਸ ਦੇ ਅਜਿਹੇ ਰਵੱਈਏ ਕਾਰਨ ਅਸੀਂ ਵੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਸਮਰੱਥ ਹੋਵਾਂਗੇ।

ਇੰਝ ਜਾਪਦਾ ਹੈ ਕਿ ਭਗਵੀਂ ਸੱਤਾ ਦੀ ਵਹਿਸ਼ਤ ਕਾਰਨ ਵਿਦਿਅਕ ਸੰਸਥਾਵਾਂ ਦਾ ਵਾਤਾਵਰਨ ਵਿਗੜ ਚੁਕਾ ਹੈ। ਜੇਕਰ ਇਸਨੂੰ ਠੱਲ ਨਾ ਪਾਈ ਗਈ ਤਾਂ ਵਿਦਿਆਰਥੀਆਂ ਦੀ ਸਿੱਖਿਆ, ਨੈਤਿਕਤਾ ਵਹਿਸ਼ੀ ਭਗਵੀਂ ਹਿੰਸਕ ਬਿਰਤਾਂਤ ਤੇ ਨਫ਼ਰਤ ਦਾ ਸ਼ਿਕਾਰ ਹੋ ਜਾਵੇਗੀ।

***

## ਮਹਿੰਗਾਈ, ਸਰਕਾਰ ਬਨਾਮ ਪੱਤਰਕਾਰਤਾ

ਇਸ ਲਈ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ, ਜਿਸ ਨੇ ਸਿਲੰਡਰ ਲੈ ਕੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਮਹਿੰਗਾਈ ਦੇ ਮੁੱਦੇ ’ਤੇ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਚੂੜੀਆਂ ਭੇਜੀਆਂ ਸਨ, ਨੂੰ ਐਤਵਾਰ ਨੂੰ ਇਕ ਨਿਊਜ਼ ਚੈਨਲ ਦੇ ਸੰਮੇਲਨ ਦੌਰਾਨ ਪੁੱਛਿਆ ਗਿਆ ਸੀ ਕਿ ਟਮਾਟਰਾਂ ਦੀਆਂ ਵਧੀਆਂ ਕੀਮਤਾਂ ਬਾਰੇ ਤੁਹਾਡਾ ਕੀ ਖ਼ਿਆਲ ਹੈ?, ਮੰਤਰੀ ਜੀ ਹੁਣ ਸਵਾਲਾਂ ’ਚ ਕਟੌਤੀ ਨਾ ਕਰਦੇ ਹੋਏ ਕਹਿਣ ਲੱਗੇ-ਇਹ ਇਸ ਤਰ੍ਹਾਂ ਹੈ ਜਿਵੇਂ ਕੋਈ ਤੁਹਾਨੂੰ ਪੁੱਛੇ ਕਿ ਜੇਲ੍ਹ ’ਚ ਬਿਤਾਏ ਦਿਨਾਂ ਬਾਰੇ ਤੁਹਾਡਾ ਕੀ ਖ਼ਿਆਲ ਹੈ? ਜ਼ਿਕਰਯੋਗ ਹੈ ਕਿ ਜਿਸ ਪੱਤਰਕਾਰ ਨੂੰ ਮੰਤਰੀ ਨੇ ਇਹ ਗੱਲ ਕਹੀ ਸੀ, ਉਹ ਇੱਕ ਵੱਡੇ ਉਦਯੋਗਿਕ ਗਰੁੱਪ ਦੇ ਅਧਿਕਾਰੀ ਤੋਂ ਪੈਸੇ ਵਸੂਲਣ ਦੇ ਦੋਸ਼ ਵਿੱਚ ਜੇਲ੍ਹ ਜਾ ਚੁੱਕਿਆ ਹੈ।

ਜਦੋਂ ਅੱਜ ਸਰਕਾਰ ਦੀ ਹਰ ਗਲਤ ਹਰਕਤ ਨਾਲ ਖੜ੍ਹੇ ਮੀਡੀਆ ਦੀ ਕੀਮਤ ਟਮਾਟਰਾਂ ਨੇ ਤੈਅ ਕਰ ਦਿੱਤੀ ਹੈ ਤਾਂ ਅਜਿਹੇ ਹਰ ਪੱਤਰਕਾਰ ਅਤੇ ਮੀਡੀਆ ਅਦਾਰੇ ਨੂੰ ਸੋਚਣ ਦੀ ਲੋੜ ਹੈ, ਜੋ ਨਿੱਜੀ ਹਿੱਤਾਂ ਕਾਰਨ ਸਰਕਾਰ ਦਾ ਸਾਥ ਦਿੰਦੇ ਹਨ।

***

## ਪੰਜਾਬ ’ਚ ‘ਆਪ’ ਅਤੇ ਕਾਂਗਰਸ ਵਿਚਾਲੇ

ਕਿਤੇ ਨਾ ਕਿਤੇ ਇਹ ਸੱਚ ਵੀ ਹੈ। ਅੱਜ ਹਾਲਾਤ ਇਹ ਹਨ ਕਿ ਦਿੱਲੀ ਵਿੱਚ ‘ਆਪ’ ਪੰਜਾਬ ਤੋਂ ਬਿਨਾਂ ਅਧੂਰੀ ਹੈ। ਅਸਲੀਅਤ ਇਹ ਹੈ ਕਿ ਇਸ ਸੂਬੇ ਦਾ ਸਾਰਾ ਕੰਟਰੋਲ ਅਰਵਿੰਦ ਕੇਜਰੀਵਾਲ ਦੇ ਹੱਥਾਂ ਵਿੱਚ ਹੈ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਈ ਨਾਮੀ ਲੋਕਾਂ ਨੂੰ ਟਿਕਟਾਂ ਦਿੰਦੇ ਹੋਏ ਇਹ ਵਾਅਦਾ ਕੀਤਾ ਗਿਆ ਸੀ ਕਿ ਜਿੱਤ ਦੀ ਸੂਰਤ ਵਿੱਚ ਉਨ੍ਹਾਂ ਨੂੰ ਮੰਤਰੀ ਮੰਡਲ ਵਿੱਚ ਲਿਆ ਜਾਵੇਗਾ ਪਰ ਭਗਵੰਤ ਮਾਨ ਦੀ ਇੱਛਾ ਦੇ ਬਾਵਜੂਦ ਅਜਿਹਾ ਨਹੀਂ ਹੋਇਆ।

ਸਾਬਕਾ ਆਈਪੀਐਸ ਅਧਿਕਾਰੀ ਅਤੇ ਅੰਮ੍ਰਿਤਸਰ ਤੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਅਤੇ ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧਰਾਮ (ਜਿਸ ਨੂੰ ਹੁਣ ‘ਆਪ’ ਦੀ ਸੂਬਾ ਇਕਾਈ ਦਾ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ ਹੈ) ਇਸ ਦੀਆਂ ਪ੍ਰਮੁੱਖ ਉਦਾਹਰਣਾਂ ਹਨ। ਵਿਰੋਧੀ ਵੀ ਹੈਰਾਨ ਹਨ ਕਿ ਇਹ ਦੋਵੇਂ ਨਾਂ ਮੰਤਰੀ ਮੰਡਲ ਦੀ ਸੂਚੀ ਵਿੱਚ ਕਿਉਂ ਨਹੀਂ ਹਨ? ਕੁੰਵਰ ਵਿਜੇ ਪ੍ਰਤਾਪ ਸਿੰਘ ਵਾਅਦੇ ਦੀ ਉਲੰਘਣਾ ਕਾਰਣ ਗੁੱਸੇ ਵਿੱਚ ਹਨ ਪਰ ਕੁਝ ਨਹੀਂ ਬੋਲ ਰਹੇ। ਪ੍ਰਿੰਸੀਪਲ ਬੁੱਧਰਾਮ ਬਹੁਤ ਸ਼ਾਂਤ ਹਨ ਅਤੇ ਇਸ ਤੋਂ ਵੱਧ ਕੁਝ ਨਹੀਂ ਕਹਿੰਦੇ ਹਨ ਕਿ ਉਹ ਹਾਈਕਮਾਂਡ ਦੇ ਫੈਸਲੇ ਨੂੰ ਮੰਨਦੇ ਹਨ। ਪੰਜਾਬ ਬਾਰੇ ਰਾਜ ਸਭਾ ਮੈਂਬਰ ਰਾਘਵ ਚੱਢਾ ਦੀ ਰਾਏ ਨੂੰ ਵੀ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ।

ਦਿੱਲੀ ਦਰਬਾਰ ਦੇ ਨਜ਼ਦੀਕੀ ਪੰਜਾਬ ਦੇ ਇੱਕ ਸੀਨੀਅਰ ਕਾਂਗਰਸੀ ਆਗੂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਵਿੱਚ ਕਾਂਗਰਸ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਨਾਲ ਦੋਵਾਂ ਪਾਰਟੀਆਂ ਦੇ ਗਠਜੋੜ ’ਤੇ ਮੋਹਰ ਲੱਗ ਜਾਵੇਗੀ। ਸੂਬੇ ’ਚ ‘ਆਪ’ ਅਤੇ ਕਾਂਗਰਸ ਦੀ ਏਕਤਾ ਦਾ ਸਿੱਧਾ ਮਤਲਬ ਵਿਰੋਧੀ ਧਿਰ ਨੂੰ ਖਤਮ ਕਰਨਾ ਹੈ। ਵਿਰੋਧੀ ਧਿਰ ਦੇ ਨਾਂ ’ਤੇ ਸਿਰਫ਼ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਹੀ ਬਚੇਗੀ।

ਇਥੇ ਜ਼ਿਕਰਯੋਗ ਹੈ ਕਿ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਨੂੰ 92, ਕਾਂਗਰਸ ਨੂੰ 18, ਭਾਜਪਾ ਨੂੰ 2, ਅਕਾਲੀ ਦਲ ਨੂੰ 3 ਅਤੇ ਬਸਪਾ ਨੇ 1 ਸੀਟ ਜਿੱਤੀ। ਇਸ ਦੇ ਨਾਲ ਹੀ ਇੱਕ ਆਜ਼ਾਦ ਉਮੀਦਵਾਰ ਵੀ ਜੇਤੂ ਬਣਿਆ। 1 ਸੀਟਾਂ ਮਿਲੀ ਸੀ। ਯਾਨੀ ‘ਆਪ’ ਕੋਲ 92 ਸੀਟਾਂ ਹਨ ਅਤੇ ਵਿਰੋਧੀ ਧਿਰ 25 ’ਤੇ ਸਿਮਟ ਗਈ ਹੈ। ਇਸ ਸੰਦਰਭ ਵਿੱਚ ਵਿਰੋਧੀ ਧਿਰ ਵਿੱਚ ਸਭ ਤੋਂ ਵੱਡੀ ਪਾਰਟੀ ਕਾਂਗਰਸ ਹੈ।

ਰਾਜਨੀਤੀ ਵਿੱਚ ਕੁਝ ਵੀ ਅਨੁਮਾਨਯੋਗ ਨਹੀਂ ਹੁੰਦਾ। ਦਿੱਲੀ ਵਿੱਚ ਆਮ ਆਦਮੀ ਪਾਰਟੀ ਵਿਰੋਧੀ ਪਾਰਟੀਆਂ ਦੇ ‘ਇੰਡੀਆ’ ਸਮੂਹ ਦਾ ਇੱਕ ਹਿੱਸਾ ਹੈ। ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਮੱਧ ਪ੍ਰਦੇਸ਼ ਨੂੰ ਆਪਣਾ ਨਵਾਂ ਸਿਆਸੀ ਜੰਗ ਦਾ ਮੈਦਾਨ ਮੰਨਦੇ ਹਨ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਉਹ ਉਥੇ ਚੋਣਾਂ ਤੋਂ ਪਹਿਲਾਂ ਕੁਝ ਹੈਰਾਨ ਕਰਨ ਵਾਲਾ ਕੰਮ ਕਰਨਾ ਚਾਹੁੰਦੇ ਹਨ। ਪੰਜਾਬ ਆਪ ਲਈ ਢੁਕਵਾਂ ਪਲੇਟਫਾਰਮ ਹੈ।

***

## ‘ਆਪ’ ਨਾਲ ਗਠਜੋੜ ਕਿਉਂ

ਪਰ ਲੋਕ ਸਭਾ ਵਿੱਚ ਕਾਂਗਰਸ ਨੇ 8 ਸੀਟਾਂ ਜਿੱਤੀਆਂ ਸਨ ਤੇ ‘ਆਪ’ ਨੇ ਸਿਰਫ਼ ਇੱਕ ਹੀ ਸੀਟ ਜਿੱਤੀ ਸੀ। ਲੋਕ ਸਭਾ ਵਿੱਚ ਪੰਜਾਬ ਵਿੱਚ ਕਾਂਗਰਸ ਨੇ 40.12 ਫੀਸਦੀ ਅਤੇ ‘ਆਪ’ ਨੇ 7.38 ਫ਼ੀਸਦੀ ਵੋਟਾਂ ਲਈਆਂ ਸਨ। ਸਾਡੀ ਜਾਣਕਾਰੀ ਅਨੁਸਾਰ ‘ਆਪ’ ਪੰਜਾਬ ਅਤੇ ਚੰਡੀਗੜ੍ਹ ਵਿੱਚ 9 ਸੀਟਾਂ ਚਾਹੁੰਦੀ ਹੈ ਅਤੇ ਕਾਂਗਰਸ ਨੂੰ 5 ਦੇਣ ਬਾਰੇ ਸੋਚ ਰਹੀ ਹੈ। ਜਦੋਂਕਿ ਕਾਂਗਰਸ ਉੱਤਰੀ ਭਾਰਤ ਦੀਆਂ ਦੂਸਰੇ ਸੂਬਿਆਂ ਵਿੱਚ ਸੀਟਾਂ ਛੱਡਣ ਦੇ ਬਦਲੇ ਵਿੱਚ ਤੇ ਆਪਣੀ ਲੋਕ ਸਭਾ ਦੀ ਕਾਰਗੁਜ਼ਾਰੀ ਦੇ ਸਿਰ ’ਤੇ ਵੱਧ ਸੀਟਾਂ ਮੰਗ ਰਹੀ ਹੈ। ਸੰਭਾਵਨਾ ਹੈ ਕਿ ਇਹ ਸਮਝੌਤਾ 7-7 ਜਾਂ 6-8 ’ਤੇ ਹੋ ਸਕਦਾ ਹੈ।

ਬੇਸ਼ੱਕ ਕਾਂਗਰਸ ਨੇ ਅਲਕਾ ਲਾਂਬਾ ਦੇ ਬਿਆਨ ਤੋਂ ਕਿਨਾਰਾ ਕਰ ਲਿਆ ਹੈ ਪਰ ਅਲਕਾ ਲਾਂਬਾ ਦੇ ਬਿਆਨ ਦੀ ਪ੍ਰਤੀਕਿਰਿਆ ਤੋਂ ‘ਆਪ’ ਦੇ ਪਾਣੀਆਂ ਦੀ ਗਹਿਰਾਈ ਦਾ ਅੰਦਾਜ਼ਾ ਜ਼ਰੂਰ ਲਾ ਲਿਆ ਗਿਆ ਹੋਵੇਗਾ। ਇਕ ਹੋਰ ਰਾਜ ਗੁਜਰਾਤ ਹੈ ਜਿਥੇ ‘ਆਪ’ ਤੇ ਕਾਂਗਰਸ ਦੋਵੇਂ ਜੇ ਸਮਝੌਤਾ ਨਾ ਕਰਨ ਤਾਂ ਉਨ੍ਹਾਂ ਦੋਵਾਂ ਦੀ ਸਥਿਤੀ ਕਾਫ਼ੀ ਖਰਾਬ ਹੋ ਸਕਦੀ ਹੈ। ਗੁਜਰਾਤ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ 52.5 ਫ਼ੀਸਦੀ ਵੋਟਾਂ ਲਈਆਂ ਸਨ, ਕਾਂਗਰਸ ਨੇ 27.28 ਫ਼ੀਸਦੀ ਅਤੇ ‘ਆਪ’ ਨੇ 12.9 ਫ਼ੀਸਦੀ, ਇਥੇ ਵੀ ਦੋਵਾਂ ਧਿਰਾਂ ਨੂੰ ਸਮਝੌਤੇ ਦੀ ਲੋੜ ਹੈ। ਵੈਸੇ ਆਮ ਆਦਮੀ ਪਾਰਟੀ ਜੇਕਰ ‘ਇੰਡੀਆ’ ਗੱਠਜੋੜ ਵਿੱਚ ਸ਼ਾਮਿਲ ਰਹਿੰਦੀ ਹੈ ਤਾਂ 8 ਰਾਜਾਂ ਵਿੱਚ ‘ਇੰਡੀਆ’ ਗੱਠਜੋੜ ਨੂੰ ‘ਆਪ’ ਦਾ ਕਿਤੇ ਘੱਟ ਕਿਤੇ ਵੱਧ ਫਾਇਦਾ ਸਾਫ਼ ਤੌਰ ’ਤੇ ਹੋ ਸਕਦਾ ਹੈ। ਉਹ ਰਾਜ ਹਨ ਪੰਜਾਬ, ਦਿੱਲੀ, ਹਿਮਾਚਲ, ਹਰਿਆਣਾ, ਗੋਆ, ਛੱਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ ਆਦਿ। ਪਰ ਇਹ ਵੀ ਸੱਚਾਈ ਹੈ ਕਿ ਜੇਕਰ ‘ਆਪ’ ਨੇ ਪੰਜਾਬ ਅਤੇ ਦਿੱਲੀ ਤੋਂ ਬਾਹਰ ਆਪਣੇ ਪੈਰ ਜਮਾਉਣੇ ਹਨ ਤਾਂ ਉਸ ਨੂੰ ਵੀ ਇਸ ਗੱਠਜੋੜ ਦੀ ਸਖ਼ਤ ਜ਼ਰੂਰਤ ਹੈ।

***

## ਅਮਰੀਕਾ ’ਚ ਬੱਚਿਆਂ ਦੀ ਦੇਖਭਾਲ

**ਵਿਆਹ :** ਘਰ ਵਿੱਚ ਰਹਿਣ ਵਾਲੇ 68% ਮਰਦ ਵਿਆਹੇ ਹੋਏ ਹਨ। ਜਦੋਂ ਕਿ 85% ਕੰਮਕਾਜੀ ਮਰਦ ਵਿਆਹੇ ਹੋਏ ਹਨ। 13 ਫੀਸਦੀ ਮਰਦ ਬੇਰੁਜ਼ਗਾਰੀ ਕਾਰਨ ਘਰਾਂ ਵਿੱਚ ਹੀ ਰਹਿੰਦੇ ਹਨ। ਔਰਤਾਂ ਵਿੱਚ, 79% ਪਰਿਵਾਰਕ ਦੇਖਭਾਲ ਕਾਰਨ ਅਤੇ 9% ਬਿਮਾਰੀ ਜਾਂ ਅਪਾਹਜਤਾ ਕਾਰਨ ਘਰ ਵਿੱਚ ਰਹਿੰਦੀਆਂ ਹਨ। ਮਰਦਾਂ ਵਿੱਚੋਂ, 23% ਪਰਿਵਾਰਕ ਦੇਖਭਾਲ ਕਾਰਨ, 34% ਬਿਮਾਰੀ ਜਾਂ ਅਪਾਹਜਤਾ ਕਾਰਨ, 8% ਪੜ੍ਹ ਰਹੇ, 13% ਸੇਵਾਮੁਕਤ ਅਤੇ 13% ਕੰਮ ਲੱਭਣ ਵਿੱਚ ਅਸਮਰੱਥ ਹੋਣ ਕਾਰਨ ਘਰ ਵਿੱਚ ਰਹਿ ਰਹੇ ਹਨ।

***

## ਭਾਰਤ ’ਚ ਤਿੰਨ ਸਾਲਾਂ ਦਰਮਿਆਨ

ਸੁਰੱਖਿਆ ਲਈ ਦੇਸ਼ ਭਰ ’ਚ ਕਦਮ ਚੁੱਕੇ ਗਏ ਹਨ। ਗ੍ਰਹਿ ਮੰਤਰਾਲੇ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਨਾਗਰਿਕਾਂ ਦੀ ਸੁਰੱਖਿਆ ਤੇ ਸਲਾਮਤੀ ਦੀ ਜ਼ਿੰਮੇਵਾਰੀ ਸਬੰਧਿਤ ਸੂਬਾ ਸਰਕਾਰਾਂ ਦੀ ਹੁੰਦੀ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖ਼ਰ ਔਰਤਾਂ ਗ਼ਾਇਬ ਹੋ ਕੇ ਕਿੱਥੇ ਚਲੀਆਂ ਜਾਂਦੀਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਲਾਪਤਾ ਹੋਣ ਵਾਲੇ ਬੱਚਿਆਂ ਵਿੱਚ ਲੜਕਿਆਂ ਨੂੰ ਜ਼ਬਰਦਸਤੀ ਭੀਖ ਮੰਗਾਉਣ ਅਤੇ ਤਸਕਰੀ ਆਦਿ ਲਈ ਮਜਬੂਰ ਕੀਤਾ ਜਾਂਦਾ ਹੈ, ਜਦੋਂ ਕਿ ਲੜਕੀਆਂ ’ਚੋਂ ਜ਼ਿਆਦਾ ਨੂੰ ਵੇਸਵਾਵਿਰਤੀ ਦੀ ਦਲਦਲ ਵਿੱਚ ਧੱਕ ਦਿੱਤਾ ਜਾਂਦਾ ਹੈ। ਭੀਖ ਮੰਗਾਉਣ ਲਈ ਮਜਬੂਰ ਕੀਤੇ ਜਾਣ ਤੋਂ ਪਹਿਲਾਂ ਜ਼ਿਆਦਾਤਰ ਬੱਚਿਆਂ ਦੇ ਅੰਗ ਕੱਟ ਦਿੱਤੇ ਜਾਂਦੇ ਹਨ ਤਾਂ ਕਿ ਲੋਕਾਂ ਨੂੰ ਉਨ੍ਹਾਂ ’ਤੇ ਜ਼ਿਆਦਾ ਤਰਸ ਆਏ ਤੇ ਉਨ੍ਹਾਂ ਦੀ ਆਮਦਨ ’ਚ ਵਾਧਾ ਹੋ ਸਕੇ। ਅਜਿਹੀ ਭੀਖ ਪ੍ਰਥਾ ਦਾ ਬਾਕਾਇਦਾ ਇੱਕ ਘਿਣਾਉਣਾ ਕਾਰੋਬਾਰ ਬਣ ਚੁੱਕਾ ਹੈ। ਭੀਖ ਮੰਗਣ ਦੇ ਧੰਦੇ ਵਿੱਚ ਫਸੇ ਇਨ੍ਹਾਂ ਬੱਚਿਆਂ ਵਿਚੋਂ 60 ਫ਼ੀਸਦੀ ਦੇ ਲਗਭਗ ਅਪਰਾਧ ਦੀ ਦੁਨੀਆ ਵੱਲ ਵਧ ਜਾਂਦੇ ਹਨ। ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਵੀ ਇਨ੍ਹਾਂ ਬੱਚਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਸਮੱਸਿਆ ਨੂੰ ਖ਼ਤਮ ਕਰਨ ਲਈ ਜਿੰਨੀ ਜਲਦੀ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ, ਓਨਾ ਸਮਾਜ ਲਈ ਚੰਗਾ ਹੋਵੇਗਾ। ਕੇਂਦਰ ਨੂੰ ਇਸ ਬਾਰੇ ਸੂਬਿਆਂ ਨੂੰ ਸਹਿਯੋਗ ਦੇਣ ਦੀ ਲੋੜ ਹੈ।

***

## ਯੂ.ਪੀ. ’ਚ ਰਚੀ ਗਈ ਸੀ ਸਿੱਧੂ ਮੂਸੇਵਾਲਾ

ਹਥਿਆਰ ਪੂਰੀ ਤਰ੍ਹਾਂ ਆਟੋਮੈਟਿਕ ਅਤੇ ਵਿਦੇਸ਼ੀ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਪਿਸਤੌਲ ਪਾਕਿਸਤਾਨ ਤੋਂ ਦਰਾਮਦ ਕੀਤੇ ਗਏ ਸਨ। ਤਸਵੀਰਾਂ ’ਚ ਦਿਖਾਈ ਦੇ ਰਹੇ ਇਨ੍ਹਾਂ ਹਥਿਆਰਾਂ ਨਾਲ ਸਿੱਧੂ ਮੂਸੇਵਾਲਾ ’ਤੇ 100 ਤੋਂ ਵੱਧ ਗੋਲੀਆਂ ਚਲਾਈਆਂ ਗਈਆਂ। ਤਸਵੀਰ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਦੇ ਸ਼ੂਟਰ ਸਚਿਨ ਭਿਵਾਨੀ, ਕਪਿਲ ਪੰਡਿਤ ਹਥਿਆਰਾਂ ਸਮੇਤ ਮੌਜੂਦ ਹਨ। ਸੂਤਰਾਂ ਮੁਤਾਬਕ, ਪਾਕਿਸਤਾਨ ਤੋਂ ਤਸਕਰੀ ਕੀਤੇ ਹਥਿਆਰਾਂ ਨੂੰ ਗੁਪਤ ਤਰੀਕੇ ਨਾਲ ਅਯੁੱਧਿਆ ਪਹੁੰਚਾਇਆ ਜਾਂਦਾ ਸੀ।

**ਸਥਾਨਕ ਬਦਮਾਸ਼ਾਂ ਨੇ ਅਯੁੱਧਿਆ ਵਿੱਚ ਕੀਤੀ ਮਦਦ**

ਸੂਤਰਾਂ ਤੋਂ ਪਤਾ ਲੱਗਾ ਹੈ ਕਿ ਯੂਪੀ ਦੇ ਅਯੁੱਧਿਆ ’ਚ ਲਾਰੈਂਸ ਬਿਸ਼ਨੋਈ ਗੈਂਗ ਦੇ ਸ਼ੂਟਰ ਨੂੰ ਸਥਾਨਕ ਬਦਮਾਸ਼ਾਂ ਦੀ ਕਾਫ਼ੀ ਮਦਦ ਮਿਲੀ ਸੀ। ਇਹ ਸ਼ੂਟਰ ਕਈ ਦਿਨਾਂ ਤੱਕ ਅਯੁੱਧਿਆ ਵਿੱਚ ਰਹੇ ਕਿਉਂਕਿ ਉਸ ਨੂੰ ਪਤਾ ਸੀ ਕਿ ਜੇਕਰ ਉਹ ਪੰਜਾਬ ਵਿੱਚ ਰਿਹਾ ਤਾਂ ਉਸ ਦੀ ਸਾਜ਼ਿਸ਼ ਦਾ ਪਰਦਾਫਾਸ਼ ਹੋ ਸਕਦਾ ਹੈ। ਇਸੇ ਲਈ ਉਹ ਅਯੁੱਧਿਆ ਵਿੱਚ ਇੱਕ ਸਥਾਨਕ ਆਗੂ ਵਿਕਾਸ ਸਿੰਘ ਦੇ ਫਾਰਮ ਹਾਊਸ ਵਿੱਚ ਕਈ ਦਿਨ ਰੁਕੇ।

**ਗੋਲੀਬਾਰੀ ਦਾ ਅਭਿਆਸ ਕੀਤਾ**

ਨਿਸ਼ਾਨੇਬਾਜ਼ਾਂ ਨੇ ਅਯੁੱਧਿਆ ਵਿੱਚ ਵਿਕਾਸ ਸਿੰਘ ਦੇ ਫਾਰਮ ਹਾਊਸ ਵਿੱਚ ਨਵੇਂ ਹਥਿਆਰਾਂ ਨਾਲ ਫਾਇਰਿੰਗ ਦਾ ਅਭਿਆਸ ਵੀ ਕੀਤਾ ਸੀ ਜਿੱਥੇ ਉਹ ਰੁਕੇ ਸਨ। ਇਹ ਦੇਖਿਆ ਗਿਆ ਕਿ ਇਨ੍ਹਾਂ ਨਵੇਂ ਹਥਿਆਰਾਂ ਨਾਲ ਨਿਸ਼ਾਨੇ ’ਤੇ ਕਿੰਨੀ ਆਸਾਨੀ ਨਾਲ ਗੋਲੀਬਾਰੀ ਕੀਤੀ ਜਾ ਸਕਦੀ ਹੈ। ਸੂਤਰਾਂ ਮੁਤਾਬਕ, ਸਚਿਨ ਬਿਸ਼ਨੋਈ ਜੋ ਕਿ ਲਾਰੈਂਸ ਬਿਸ਼ਨੋਈ ਦਾ ਸਭ ਤੋਂ ਕਰੀਬੀ ਹੈ, ਗੈਂਗ ਦੇ ਬਾਕੀ ਮੈਂਬਰਾਂ ਨੂੰ ਕਈ ਦਿਨਾਂ ਤੋਂ ਅਯੁੱਧਿਆ ਸਮੇਤ ਲਖਨਊ ਦੇ ਵੱਖ-ਵੱਖ ਇਲਾਕਿਆਂ ’ਚ ਰੱਖ ਰਿਹਾ ਸੀ।

***

## ਬੜਬੋਲੇ ਨੇਤਾਵਾਂ ਦੀ ਜਦੋਂ

ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਮਸ਼ਹੂਰ ਹੋਣ ਲਈ ਕਈ ਤਰਾਂ ਦੀ ਬਕਵਾਸ ਕਰਦੇ ਰਹੇ ਹਨ। ਕਈ ਵਾਰ ਉਨ੍ਹਾਂ ਦੀ ਬਕਵਾਸ ਸਿੱਧੀ ਹਿੰਸਾ ਨਾਲੋਂ ਜ਼ਿਆਦਾ ਹਿੰਸਕ ਲੱਗਦੀ ਹੈ। ਕਈ ਸਿਆਸੀ ਆਗੂ ਭੜਕਾਊ ਤੇ ਅਸਭਿਅਕ ਭਾਸ਼ਣ ਦੇਣ ਲਈ ਮਸ਼ਹੂਰ ਹਨ।

ਨੇਤਾਵਾਂ ਦੀ ਜ਼ੁਬਾਨ ਬਹੁਤ ਮੁਲਾਇਮ ਹੁੰਦੀ ਹੈ, ਉਸ ਨੂੰ ਤਿਲਕਣ ਦੀ ਆਦਤ ਹੁੰਦੀ ਹੈ, ਖਾਸ ਕਰਕੇ ਚੋਣਾਂ ਦੇ ਮੌਸਮ ਵਿੱਚ। ਵੱਖ-ਵੱਖ ਅੰਗਾਂ ਦੇ ਫਿਸਲਣ ਦੇ ਵੱਖ-ਵੱਖ ਨਤੀਜੇ ਹੁੰਦੇ ਹਨ। ਪੈਰ ਤਿਲਕ ਜਾਵੇ ਤਾਂ ਬੰਦਾ ਹੇਠਾਂ ਡਿੱਗ ਪੈਂਦਾ ਹੈ। ਜਦੋਂ ਜ਼ੁਬਾਨ ਫਿਸਲ ਜਾਂਦੀ ਹੈ ਤਾਂ ਲੀਡਰ ਉੱਚਾ ਉੱਠਦਾ ਹੈ। ਪੈਰ ਤਿਲਕਣ ਤੋਂ ਬਾਅਦ ਆਦਮੀ ਅੱਖਾਂ ਬੰਦ ਕਰਕੇ ਕੱਪੜੇ ਝਾੜਦਾ ਹੈ। ਜੀਭ ਦੇ ਤਿਲਕਣ ਤੋਂ ਬਾਅਦ, ਨੇਤਾ ਆਪਣਾ ਸਿਰ ਚੁੱਕਦਾ ਹੈ ਅਤੇ ਬਹਿਸ ਕਰਦਾ ਹੈ। ਸਿਆਸਤ ਦੀ ਅਕਸਰ ਬੜੀ ਬੇਸ਼ਰਮੀ ਨਾਲ ਚਰਚਾ ਹੁੰਦੀ ਹੈ ਕਿਉਂਕਿ ਚੋਣਾਂ ਦੇ ਸੀਜ਼ਨ ਦੌਰਾਨ ਜ਼ੁਬਾਨ ਸਭ ਤੋਂ ਵੱਧ ਤਿਲਕਦੀ ਹੈ।

ਅੱਜ ਕੱਲ੍ਹ ਬਹੁਤ ਸਾਰੇ ਆਗੂ ਪੈਸੇ ਦੇ ਜ਼ੋਰ ’ਤੇ ਚੋਣਾਂ ਜਿੱਤਦੇ ਹਨ। ਉਨ੍ਹਾਂ ਨੂੰ ਆਧੁਨਿਕ ਸਮਾਜ ਦੀਆਂ ਧਾਰਨਾਵਾਂ ਦਾ ਕੋਈ ਗਿਆਨ ਨਹੀਂ ਹੈ। ਉਨ੍ਹਾਂ ਦਾ ਇਸ ਨਾਲ ਕੋਈ ਲੈਣਾ-ਦੇਣਾ ਵੀ ਨਹੀਂ ਹੈ, ਉਨ੍ਹਾਂ ਕੋਲ ਜ਼ਮੀਰ ਅਤੇ ਵਿਚਾਰ ਨਹੀਂ ਹਨ। ਸਿਰਫ਼ ਟੀ.ਵੀ ਚੈਨਲਾਂ ’ਤੇ ਮਸ਼ਹੂਰ ਹੋਣਾ ਇੱਕ ਨੇਤਾ ਨਹੀਂ ਬਣ ਜਾਂਦਾ। ਹਰ ਨੇਤਾ ਦੀ ਆਪਣੀ ਵਿਚਾਰਧਾਰਾ ਹੁੰਦੀ ਹੈ। ਜਿਸ ਆਗੂ ਕੋਲ ਵਿਚਾਰਾਂ ਦੀ ਘਾਟ ਹੁੰਦੀ ਹੈ, ਉਹ ਹੀ ਅਜਿਹੀਆਂ ਸ਼ਰਮਨਾਕ ਘਟਨਾਵਾਂ ਨੂੰ ਲੋਕਾਂ ਦੇ ਸਾਹਮਣੇ ਰੱਖਦਾ ਹੈ। ਸਾਡੇ ਕੋਲ ਡਾਕਟਰ ਅੰਬੇਡਕਰ, ਮਹਾਤਮਾ ਫੂਲੇ, ਰਾਮ ਮਨੋਹਰ ਲੋਹੀਆ, ਡਾ. ਮਨਮੋਹਨ ਸਿੰਘ, ਅਟਲ ਬਿਹਾਰੀ ਵਾਜਪਾਈ, ਪ੍ਰਕਾਸ਼ ਸਿੰਘ ਬਾਦਲ ਵਰਗੇ ਕਈ ਸੰਸਕ੍ਰਿਤ ਨੇਤਾਵਾਂ ਦੀ ਪਰੰਪਰਾ ਹੈ ਪਰ ਅੱਜ ਦੇ ਅਨੇਕਾਂ ਨੇਤਾ ਸ਼ਾਇਦ ਇਸ ਗੱਲ ਨੂੰ ਭੁੱਲ ਗਏ ਹਨ।

ਚਾਹੀਦਾ ਤਾਂ ਇਹ ਹੈ ਕਿ ਸਿਆਸੀ ਨੇਤਾ ਭਾਸ਼ਣ ਦਿੰਦੇ ਹੋਏ ਆਪਣੀ ਜ਼ੁਬਾਨ ’ਤੇ ਕੰਟਰੋਲ ਰੱਖਣ ਅਤੇ ਕੋਈ ਵੀ ਇਤਰਾਜ਼ ਯੋਗ ਗੱਲ ਨਾ ਕਹਿਣ ਤਾਂ ਹੀ ਭਾਰਤ ਵਿੱਚ ਲੋਕਤੰਤਰੀ ਦੀਆਂ ਕਦਰਾਂ ਕੀਮਤਾਂ ਦੀ ਰਾਖੀ ਹੋ ਸਕਦੀ ਹੈ।

***

## ਕਿਸਾਨ ਆਮਦਨ ਦੁੱਗਣੀ-

ਵੱਡੀ ਸ਼ਮੂਲੀਅਤ ਹੋਵੇ। ਦੇਸ਼ ਦੀਆਂ ਹੁਣ ਤੇ ਪਹਿਲੀਆਂ ਕੇਂਦਰੀ ਸਰਕਾਰਾਂ ਦੀ ਬੇਈਮਾਨੀ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਸਰਕਾਰ ਵੱਲੋਂ ਖੇਤੀ ਖੇਤਰ ਲਈ ਸਥਾਪਿਤ ਡਾ: ਸੁਬਰਮਾਨੀਅਮ ਸੁਆਮੀ ਦੀ ਰਿਪੋਰਟ ਹੁਣ ਤੱਕ ਵੀ ਲਾਗੂ ਨਹੀਂ ਕੀਤੀ ਗਈ, ਜਿਹੜੀ ਕਿਸਾਨਾਂ ਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਨਿਰਧਾਰਤ ਕਰਨ ਅਤੇ ਕਿਸਾਨਾਂ, ਉਹਨਾਂ ਦੇ ਪਰਿਵਾਰਾਂ ਵੱਲੋਂ ਕੀਤੀ ਕਿਰਤ ਦਾ ਮੁੱਲ ਪਾਉਣ ਅਤੇ ਉਸ ਉੱਤੇ ਕੁਝ ਮੁਨਾਫ਼ਾ ਦੇਣ ਦੀ ਗੱਲ ਕਰਦੀ ਹੈ।

ਜਦ ਤਕ ਕਿਸਾਨਾਂ ਨੂੰ ਆਪਣੀ ਕਿਰਤ ਦਾ ਮੁੱਲ ਹੀ ਨਹੀਂ ਮਿਲੇਗਾ, ਉਸ ਦੀਆਂ ਫ਼ਸਲਾਂ ’ਤੇ ਲਾਗਤ ਕੀਮਤ ਉੱਤੇ ਕੁਝ ਵਾਧਾ ਨਹੀਂ ਮਿਲੇਗਾ, ਤਾਂ ਫਿਰ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਿਵੇਂ ਹੋਵੇਗਾ? ਤੇ ਕਿਵੇਂ ਕਿਸਾਨਾਂ ਦੀ ਪੰਜ ਸਾਲਾਂ ’ਚ ਆਮਦਨ ਦੁੱਗਣੀ ਹੋਣ ਦਾ ਸੁਪਨਾ ਸਾਕਾਰ ਹੋਏਗਾ?

## ਕਿਵੇਂ ਕਰੀਏ ਨਵਜੰਮੇ ਬੱਚੇ

ਅਜਿਹਾ ਕਰਨ ਨਾਲ ਬੱਚੇ ਨੂੰ ਗੰਭੀਰ ਸਮੱਸਿਆਵਾਂ ਹੋ ਸਕਦੀਆਂ ਹਨ ।

**7. ਨਵਜੰਮੇ ਬੱਚੇ ਦੀ ਮਾਲਿਸ਼ ਕਰਨਾ**

ਸਾਡੇ ਦੇਸ਼ ਵਿੱਚ ਨਵਜੰਮੇ ਬੱਚੇ ਦੀ ਮਾਲਿਸ਼ ਕਰਨ ਦਾ ਰਿਵਾਜ ਸਦੀਆਂ ਤੋਂ ਚੱਲਿਆ ਆ ਰਿਹਾ ਹੈ। ਬੇਬੀ ਮਸਾਜ ਨੂੰ ਲੈ ਕੇ ਵੀ ਕਾਫੀ ਖੋਜ ਹੋਈ ਹੈ, ਜਿਸ ਦੇ ਮੁਤਾਬਕ ਮਸਾਜ ਬੱਚੇ ਦੇ ਤਣਾਅ ਨੂੰ ਘੱਟ ਕਰਨ 'ਚ ਮਦਦ ਕਰਦੀ ਹੈ। ਇਸ ਦੇ ਨਾਲ ਹੀ ਮਸਾਜ ਬੱਚੇ ਦਾ ਵਜ਼ਨ ਵਧਾਉਣ, ਦੁੱਧ ਨੂੰ ਪਚਾਉਣ ਅਤੇ ਮਾਨਸਿਕ ਵਿਕਾਸ ਵਿੱਚ ਵੀ ਮਦਦ ਕਰਦੀ ਹੈ। ਇਸ ਦੇ ਲਈ ਤੁਸੀਂ ਸਟੈਪ-ਦਰ-ਸਟੈਪ ਬੇਬੀ ਮਸਾਜ ਤਕਨੀਕ ਅਪਣਾ ਸਕਦੇ ਹੋ। ਬੱਚੇ ਦੀ ਮਾਲਿਸ਼ ਕਰਨ ਲਈ ਜੈਤੂਨ ਦਾ ਤੇਲ, ਨਾਰੀਅਲ ਤੇਲ ਜਾਂ ਹੋਰ ਬੇਬੀ ਆਇਲ ਦੀ ਵਰਤੋਂ ਕੀਤੀ ਜਾ ਸਕਦੀ ਹੈ।

**8. ਨਵਜੰਮੇ ਬੱਚੇ ਨੂੰ ਸੰਭਾਲਣਾ**

ਅਜਿਹੇ ਛੋਟੇ ਬੱਚੇ ਨੂੰ ਸੰਭਾਲਣਾ ਥੋੜਾ ਔਖਾ ਹੋ ਸਕਦਾ ਹੈ, ਖਾਸ ਕਰਕੇ ਪਹਿਲੀ ਵਾਰ ਬਣੇ ਮਾਪਿਆਂ ਲਈ। ਅਜਿਹੀ ਸਥਿਤੀ ਵਿੱਚ, ਤੁਸੀਂ ਕੁਝ ਆਮ ਗੱਲਾਂ ਦਾ ਧਿਆਨ ਰੱਖ ਸਕਦੇ ਹੋ, ਜਿਵੇਂ ਕਿ – ਬੱਚੇ ਨੂੰ ਛੂਹਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਰੋਗਾਣੂ-ਮੁਕਤ ਕਰੋ । ਇਹ ਸਮਝਣ ਦੀ ਕੋਸ਼ਿਸ਼ ਕਰੋ ਕਿ ਬੱਚਾ ਕਿਉਂ ਰੋ ਰਿਹਾ ਹੈ। ਇਸ ਗੱਲ ਦਾ ਧਿਆਨ ਰੱਖੋ ਕਿ ਬੱਚੇ ਨੂੰ ਬਹੁਤੀ ਠੰਡ ਜਾਂ ਗਰਮੀ ਨਹੀਂ ਲੱਗ ਰਹੀ ਹੈ, ਉਸ ਨੂੰ ਭੁੱਖ ਨਹੀਂ ਹੈ, ਉਸਦਾ ਡਾਇਪਰ ਗਿੱਲਾ ਨਹੀਂ ਹੈ, ਉਸ ਦੇ ਆਲੇ-ਦੁਆਲੇ ਅਜਿਹਾ ਕੁਝ ਨਹੀਂ ਹੋ ਰਿਹਾ ਜਿਸ ਨਾਲ ਉਸ ਨੂੰ ਚਿੜਚਿੜਾ ਮਹਿਸੂਸ ਹੋਵੇ। ਇਸ ਦੇ ਨਾਲ ਹੀ ਇਹ ਵੀ ਧਿਆਨ ਵਿੱਚ ਰੱਖੋ ਕਿ ਤੁਸੀਂ ਉਸ ਦੇ ਮਨੋਰੰਜਨ ਲਈ ਉਸ ਨਾਲ ਗੱਲ ਕਰੋ, ਉਸ ਦੇ ਨੇੜੇ ਹਲਕਾ ਸੰਗੀਤ ਨਾ ਚਲਾਓ, ਉਸ ਨੂੰ ਜ਼ਿਆਦਾ ਦੇਰ ਤੱਕ ਇੱਕ ਹੀ ਸਥਿਤੀ ਵਿੱਚ ਨਾ ਸੌਂਵੋ ਆਦਿ।

**9. ਬੱਚੇ ਨੂੰ ਸੌਣ ਲਈ ਪਾਓ**

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਨਵਜੰਮਿਆ ਬੱਚਾ 24 'ਚੋਂ 16 ਘੰਟੇ ਸੌਂਦਾ ਹੈ। ਅਕਸਰ ਉਹ ਦੋ ਤੋਂ ਚਾਰ ਘੰਟੇ ਲਗਾਤਾਰ ਸੌਂ ਸਕਦੇ ਹਨ, ਪਰ ਪੂਰੀ ਰਾਤ ਸੌਣਾ ਉਨ੍ਹਾਂ ਲਈ ਸੰਭਵ ਨਹੀਂ ਹੁੰਦਾ। ਬੱਚਿਆਂ ਦਾ ਪੇਟ ਬਹੁਤ ਛੋਟਾ ਹੁੰਦਾ ਹੈ ਅਤੇ ਦੁੱਧ ਬਹੁਤ ਜਲਦੀ ਪਚ ਜਾਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਹਰ ਚਾਰ ਘੰਟੇ (ਲਗਭਗ) ਦੁੱਧ ਪਿਲਾਉਣਾ ਜ਼ਰੂਰੀ ਹੁੰਦਾ ਹੈ। ਤੁਸੀਂ ਆਪਣੇ ਬੱਚੇ ਨੂੰ ਸੌਣ ਲਈ ਕੁਝ ਉਪਾਅ ਅਪਣਾ ਸਕਦੇ ਹੋ, ਜਿਵੇਂ ਕਿ ਉਸ ਨੂੰ ਹਰ ਰੋਜ਼ ਇੱਕੋ ਸਮੇਂ 'ਤੇ ਸੌਣ ਦੀ ਆਦਤ ਪਾਉਣਾ। ਉਨ੍ਹਾਂ ਨੂੰ ਸੌਣ ਤੋਂ ਪਹਿਲਾਂ ਮਾਲਿਸ਼ ਕਰਕੇ ਅਤੇ ਹਲਕਾ ਸੰਗੀਤ ਵਜਾ ਕੇ ਨਹਾਓ, ਜਿਸ ਨਾਲ ਬੱਚਾ ਆਰਾਮਦਾਇਕ ਹੋ ਜਾਂਦਾ ਹੈ। ਸੁਰੱਖਿਆ ਲਈ, ਬੱਚੇ ਨੂੰ ਹਮੇਸ਼ਾ ਉਸ ਦੀ ਪਿੱਠ 'ਤੇ ਸੌਣ ਲਈ ਰੱਖੋ ਅਤੇ ਉਸਦਾ ਚਿਹਰਾ ਨੰਗੇ ਰੱਖੋ ।

**10. ਬੱਚੇ ਦੇ ਨਹੁੰ ਕੱਟਣੇ**

ਨਵਜੰਮੇ ਬੱਚੇ ਦੇ ਨਹੁੰ ਬਹੁਤ ਨਰਮ ਹੁੰਦੇ ਹਨ, ਪਰ ਬੱਚੇ ਫਿਰ ਵੀ ਉਨ੍ਹਾਂ ਨਾਲ ਆਪਣੇ ਆਪ ਨੂੰ ਖੁਰਕ ਸਕਦੇ ਹਨ। ਉਹਨਾਂ ਦੇ ਨਹੁੰ ਇੰਨੇ ਤੇਜ਼ੀ ਨਾਲ ਵਧਦੇ ਹਨ ਕਿ ਤੁਹਾਨੂੰ ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰ ਆਪਣੇ ਬੱਚੇ ਦੇ ਨਹੁੰ ਕੱਟਣ ਦੀ ਲੋੜ ਹੁੰਦੀ ਹੈ। ਇਸ ਕਾਰਨ ਇਹ ਜ਼ਰੂਰੀ ਹੈ ਕਿ ਬੱਚੇ ਦੇ ਨਹੁੰ ਛੋਟੇ ਅਤੇ ਸਾਫ਼ ਰੱਖੇ ਜਾਣ। ਇਸ ਦਾ ਧਿਆਨ ਰੱਖਣ ਲਈ ਬੱਚੇ ਨੂੰ ਨਹਾਉਂਦੇ ਸਮੇਂ ਉਸ ਦੇ ਨਹੁੰਆਂ ਨੂੰ ਚੰਗੀ ਤਰ੍ਹਾਂ ਸਾਫ਼ ਕਰੋ। ਇਸ ਤੋਂ ਇਲਾਵਾ, ਤੁਸੀਂ ਬੱਚਿਆਂ ਦੇ ਨਹੁੰ ਕੱਟਣ ਵਾਲੀ ਕੈਂਚੀ ਨਾਲ ਉਨ੍ਹਾਂ ਦੇ ਨਹੁੰ ਵੀ ਕੱਟ ਸਕਦੇ ਹੋ।

***

## ਜ਼ੈਨਬ ਅਤੇ ਬੂਟਾ ਸਿੰਘ ਦੀ ਪ੍ਰੇਮ

ਹੁੰਦਾ ਤਾਂ ਕੇਸ ਖਾਰਜ ਹੋ ਜਾਣਾ ਸੀ, ਪਰ ਜ਼ੈਨਬ ਨੇ ਅਜਿਹਾ ਨਹੀਂ ਕੀਤਾ।

ਜ਼ੈਨਬ ਨੇ ਆਪਣੇ ਪਰਿਵਾਰਕ ਮੈਂਬਰਾਂ ਦੇ ਦਬਾਅ ਹੇਠ ਬੂਟਾ ਸਿੰਘ ਨੂੰ ਛੱਡ ਦਿੱਤਾ। ਬੂਟਾ ਸਿੰਘ ਇਹ ਬਰਦਾਸ਼ਤ ਨਾ ਕਰ ਸਕਿਆ ਅਤੇ ਉਸ ਨੇ ਜ਼ੈਨਬ ਦੀ ਬੇਵਫ਼ਾਈ ਦਾ ਦਰਦ ਨਾ ਝੱਲਦਿਆਂ ਰੇਲਗੱਡੀ ਅੱਗੇ ਛਾਲ ਮਾਰ ਕੇ ਆਪਣੀ ਜਾਨ ਲੈ ਲਈ। ਉਸਨੇ ਆਪਣੀ ਧੀ ਸਮੇਤ ਮਰਨ ਦਾ ਫੈਸਲਾ ਕੀਤਾ ਸੀ, ਪਰ ਕਿਸੇ ਤਰ੍ਹਾਂ ਉਸ ਦੀ ਧੀ ਬਚ ਗਈ। ਬੂਟਾ ਸਿੰਘ ਦੀ 1957 ਵਿੱਚ ਮੌਤ ਹੋ ਗਈ ਅਤੇ ਮਰਨ ਉਪਰੰਤ ਸ਼ਹੀਦ-ਏ-ਮੁਹੱਬਤ ਕਹੇ ਗਏ।

ਬੂਟਾ ਸਿੰਘ ਦੀ ਇੱਛਾ ਸੀ ਕਿ ਉਸ ਨੂੰ ਜ਼ੈਨਬ ਦੇ ਪਿੰਡ ਨੂਰਪੁਰ ਵਿੱਚ ਦਫ਼ਨਾਇਆ ਜਾਵੇ, ਪਰ ਪਿੰਡ ਵਾਸੀਆਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੂੰ ਮਿਆਣੀ ਸਾਹਿਬ ਵਿੱਚ ਦਫ਼ਨਾਇਆ ਗਿਆ ਅਤੇ ਅੱਜ ਵੀ ਉਨ੍ਹਾਂ ਦੀ ਸਮਾਧ ਸ਼ਰਧਾਲੂਆਂ ਲਈ ਬਹੁਤ ਮਹੱਤਵਪੂਰਨ ਮੰਨੀ ਜਾਂਦੀ ਹੈ।

***

## ਭਾਰਤ ਵਿੱਚ ਖੇਡਾਂ ਦਾ ਭਵਿੱਖ

ਮੁੱਕੇਬਾਜ਼ ਮੈਰੀਕਾਮ ਬਾਰੇ ਹਰ ਕੋਈ ਜਾਣਦਾ ਹੈ। ਹੁਣ ਤੱਕ 8 ਵਾਰ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਜਿੱਤ ਚੁੱਕੀ ਹੈ। ਉਹ ਏਸ਼ਿਆਈ ਅਤੇ ਉਲੰਪਿਕ ਖੇਡਾਂ ਵਿੱਚ ਭਾਰਤ ਲਈ ਕਈ ਤਗਮੇ ਲੈ ਕੇ ਆਈ ਹੈ।

ਭਾਰਤੀ ਖੇਡ ਮੰਤਰਾਲੇ ਨੇ ਖੇਡ ਖੇਤਰ ਵਿੱਚ ਕਈ ਸੁਧਾਰ ਕੀਤੇ ਹਨ। ਖਿਡਾਰੀਆਂ ਤੇ ਖੇਡਾਂ ਲਈ ਲੋੜੀਂਦੇ ਸਾਧਨ ਅਤੇ ਲੋੜੀਂਦੀਆਂ ਚੀਜ਼ਾਂ ਉਪਲਬਧ ਕਰਵਾਈਆਂ ਗਈਆਂ ਹਨ। ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਅਤੇ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰੀ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਸੂਬਾ ਸਰਕਾਰ ਵੱਲੋਂ ਕਈ ਐਵਾਰਡ ਦਿੱਤੇ ਗਏ ਹਨ। ਖੇਡਾਂ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਹਨ ਸਗੋਂ ਉੱਜਵਲ ਭਵਿੱਖ ਸਿਰਜਣ ਦਾ ਜ਼ਰੀਆ ਹਨ। ਸਾਨੂੰ ਅੱਜ ਦੇ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਸਮਝਾਉਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਖੇਡਾਂ ਖੇਡਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਖੇਡਾਂ ਖੇਡਣ ਦੇ ਫਾਇਦੇ ਦੱਸੇ ਜਾਣ। ਜੇਕਰ ਬੱਚਾ ਬਚਪਨ ਤੋਂ ਹੀ ਖੇਡਾਂ ਖੇਡਦਾ ਹੈ ਤਾਂ ਉਹ ਹਮੇਸ਼ਾ ਤੰਦਰੁਸਤ ਅਤੇ ਫਿੱਟ ਰਹਿੰਦਾ ਹੈ।

***

## ਧਰਮ ਅਤੇ ਰਾਸ਼ਟਰਵਾਦ

ਦੇਸ਼ਾਂ ਵਿੱਚ ਇੱਕ ਕਰਾਸ ਪ੍ਰਦਰਸ਼ਿਤ ਕਰਦਾ ਹੈ) 'ਤੇ ਕੇਂਦ੍ਰਿਤ ਰਸਮੀ ਸੰਸਕਾਰ ਸ਼ਾਮਲ ਹਨ। ਰਾਸ਼ਟਰਵਾਦ ਅਤੇ ਧਰਮ ਦੋਵੇਂ ਆਪਣੇ ਅਨੁਯਾਈਆਂ ਨੂੰ ਇੱਕ ਕਲਪਿਤ ਨੈਤਿਕ ਭਾਈਚਾਰੇ ਵਿੱਚ ਇੱਕਜੁੱਟ ਕਰਦੇ ਹਨ, ਇੱਕ ਸਾਂਝੇ ਭਲੇ ਨੂੰ ਸਾਂਝਾ ਕਰਦੇ ਹਨ, ਅਤੇ ਦੋਵੇਂ ਆਪਣੇ ਭਾਈਚਾਰੇ ਦੀਆਂ ਸੀਮਾਵਾਂ ਅਤੇ ਸ਼ੁੱਧਤਾ ਨੂੰ ਬਣਾਈ ਰੱਖਣ ਨਾਲ ਸਬੰਧਤ ਹਨ। ਰਾਸ਼ਟਰਵਾਦ ਅਤੇ ਧਰਮ ਦੋਨੋਂ ਹੀ ਕਿਸੇ ਅਤਿਅੰਤ ਕਾਰਨ ਲਈ ਪੂਰੀ ਵਫ਼ਾਦਾਰੀ ਦਾ ਦਾਅਵਾ ਕਰਦੇ ਹਨ, ਜਿਸ ਲਈ ਮਾਰਨਾ ਜਾਂ ਮਰਨਾ ਹੈ। ਇਸ ਲਈ, ਕਿਸੇ ਵਿਅਕਤੀ ਕੋਲ ਸਿਰਫ਼ ਇੱਕ ਕੌਮੀਅਤ ਅਤੇ ਇੱਕ ਧਰਮ ਹੋ ਸਕਦਾ ਹੈ (ਪਰ ਕਈ ਨਾਗਰਿਕਤਾਵਾਂ ਹੋ ਸਕਦੀਆਂ ਹਨ)। ਰਾਸ਼ਟਰਵਾਦ ਅਤੇ ਧਰਮ ਦੋਵੇਂ ਮਨੁੱਖੀ ਪ੍ਰਜਨਨ (ਵਿਆਹ, ਤਲਾਕ, ਬ੍ਰਹਮਚਾਰੀ, ਗਰਭਪਾਤ, ਜਨਮ ਨਾਲ ਸੰਬੰਧਿਤ ਨੀਤੀਆਂ) ਅਤੇ ਮੌਤ ਨੂੰ ਨਿਯਮਤ ਕਰਨ ਦੀ ਕੋਸ਼ਿਸ਼ ਕਰਦੇ ਹਨ।

***

## ਐਨ.ਆਰ.ਆਈ. ਪੰਜਾਬੀ ਬਨਾਮ ਮਹੱਲਾਂ ਵਰਗੇ ਘਰੇ

ਆਲੀਸ਼ਾਨ ਕੋਠੀਆਂ ਦੇ ਅੱਗਿਓਂ ਚੁੱਪ ਕਰਕੇ ਲੰਘ ਜਾਂਦਾ ਹੈ, ਕਿਉਂਕਿ ਵਣਜ਼ਾਰਿਆਂ ਨੂੰ ਵੀ ਪਤਾ ਹੈ ਕਿ ਸਾਉਣ ਮਹੀਨੇ ਵੀ ਇਹਨਾਂ ਕੋਠੀਆਂ ਵਿੱਚ ਸੋਕਾ ਹੀ ਰਹਿੰਦਾ ਹੈ। ਹੁਣ ਰੱਖੜੀ ਦਾ ਤਿਉਹਾਰ ਨੇੜੇ ਆਉਣ ਕਰਕੇ ਐਨ.ਆਰ.ਆਈ. ਪੰਜਾਬੀਆਂ ਦੀਆਂ ਇਹਨਾਂ ਮਹੱਲਾਂ ਵਰਗੀਆਂ ਸੁੰਨੀਆਂ ਪਈਆਂ ਆਲੀਸ਼ਾਨ ਕੋਠੀਆਂ ਨੂੰ ਆਸ ਬਣ ਗਈ ਹੈ ਕਿ ਸ਼ਾਇਦ ਇਹਨਾਂ ਆਲੀਸ਼ਾਨ ਕੋਠੀਆਂ ਦੇ ਸੱਤ ਸਮੁੰਦਰ ਪਾਰ ਰਹਿੰਦੇ ਅਸਲੀ ਵਾਰਸ ਮੁੜ ਫੇਰਾ ਆਉਣ ਅਤੇ ਸੁੰਨੇ ਪਏ ਜ਼ਹਾਜ਼ਾਂ -ਟੈਂਕਾਂ ਵਾਲੇ ਆਲੀਸ਼ਾਨ ਘਰਾਂ ਵਿੱਚ ਰੱਖੜੀ ਅਤੇ ਹੋਰ ਤਿਉਹਾਰਾਂ ਮੌਕੇ ਮੁੜ ਰੌਣਕਾਂ ਲੱਗਣ, ਖੀਰ-ਪੂੜੇ ਬਣਨ, ਇਹਨਾਂ ਘਰਾਂ ਦੇ ਵਿਹੜੇ ਵਿੱਚ ਕੁੜੀਆਂ ਚਿੜੀਆਂ ਪੀਂਘਾਂ ਝੂਟਦੀਆਂ ਹੋਈਆਂ ਗੀਤ ਗਾਉਣ, ਕਿਕਲੀ ਪਾਉਣ, ਸਾਵਣ ਮਹੀਨੇ ਦੇ ਛਰਾਟਿਆਂ ਵਾਂਗ ਇਹਨਾਂ ਘਰਾਂ ਦੇ ਹਰ ਪਾਸੇ ਸੱਤ ਸਮੁੰਦਰ ਪਾਰ ਤੋਂ ਆਏ ਅਸਲੀ ਵਾਰਸਾਂ ਦੇ ਹਾਸੇ ਗੂੰਜਣ, ਸੱਜ ਵਿਆਹੀਆਂ ਦੀਆਂ ਵੱਖ- ਵੱਖ ਰੰਗਾਂ ਵਾਲੀਆਂ ਵੰਗਾਂ ਅਤੇ ਘੁੰਗਰੂਆਂ ਵਾਲੀਆਂ ਝਾਂਜਰਾਂ ਛਣਕਣ, ਸਾਵਣ ਦੇ ਮੀਂਹ ਵਾਂਗ ਹਰ ਪਾਸੇ ਦੁੱਧ ਘਿਓ ਦੇ ਦਰਿਆ ਵਗਣ, ਹਰ ਪਾਸੇ ਲਹਿਰਾਂ- ਬਹਿਰਾਂ ਹੋ ਜਾਣ, ਵੱਡੇ-ਛੋਟੇ ਬੱਚਿਆਂ ਦੀਆਂ ਕਿਲਕਾਰੀਆਂ ਦੇ ਨਾਲ ਹੀ ਸੱਜ ਵਿਆਹੀਆਂ ਜੋੜੀਆਂ ਦੇ ਮਿੰਨੇ ਮਿੰਨੇ ਹਾਸੇ ਸਾਵਣ ਦੀਆਂ ਕਾਲੀਆਂ ਘਟਾਵਾਂ ਅਤੇ ਸਾਵਣ ਦੇ ਬੱਦਲਾਂ ਵਾਂਗ ਚੁਫੇਰੇ ਗੂੰਜਣ ਅਤੇ ਭਾਦੋਂ ਦੇ ਮਹੀਨੇ ਵਾਲੀ ਸਿੱਲੀ ਸਿੱਲੀ ਹਵਾ ਐਨ.ਆਰ.ਆਈ. ਪੰਜਾਬੀਆਂ ਦੇ ਦਿਲਾਂ ਅੰਦਰ ਠੰਡਕ ਤੇ ਸ਼ੀਤਲਤਾ ਪਾਵੇ।

***

## ਭਗਤੀ ਲਹਿਰ, ਸਿੱਖ ਧਰਮ

ਇਸ ਜਨਮ ਵਿੱਚ ਪਰਮਾਤਮਾ ਨਾਲ ਮਿਲਣ ਦਾ ਮੌਕਾ ਹੈ- ਹੇ ਭਾਈ ਤੈਨੂੰ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ। ਪਰਮਾਤਮਾ ਨਾਲ ਮਿਲਣ ਦਾ ਤੇਰੇ ਲਈ ਇਹੀ ਮੌਕਾ ਹੈ। ਜੇ ਪ੍ਰਭੂ ਨਾਲ ਮਿਲਣ ਦਾ ਕੋਈ ਉਦਮ ਨਾਂਹ ਕੀਤਾ ਤਾਂ ਹੋਰ ਸਾਰੇ ਕੰਮ ਤੇਰੇ ਆਪਣੇ ਕਿਸੇ ਵੀ ਅਰਥ ਨਹੀਂ। ਤੇਰੀ ਜਿੰਦ ਨੂੰ ਕੋਈ ਲਾਭ ਨਹੀਂ ਅਪੜਾਣਗੇ। ਇਸ ਵਾਸਤੇ ਸਾਧ ਸੰਗਤ ਵਿੱਚ ਵੀ ਮਿਲ ਬੈਠਿਆ ਕਰ। ਸਾਧ ਸੰਗਤ ਵਿੱਚ ਬੈਠ ਕੇ ਪਰਮਾਤਮਾ ਦਾ ਨਾਮ ਸਿਮਰਿਆ ਕਰ। ਸਾਧ ਸੰਗਤ ਵਿੱਚ ਬੈਠਣ ਦਾ ਵੀ ਤਦੋਂ ਹੀ ਲਾਭ ਹੈ ਜੇ ਉੱਥੇ ਤੂੰ ਪਰਮਾਤਮਾ ਦੀ ਸਿਫ਼ਤ ਸਲਾਹ ਵਿੱਚ ਜੁੜੇਂ।

ਹੇ ਭਾਈ! ਸੰਸਾਰ ਸਮੁੰਦਰ ਤੋਂ ਪਾਰ ਲੰਘਣ ਦੇ ਵੀ ਆਹਰੇ ਲੱਗ। ਨਿਰੇ ਮਾਇਆ ਦੇ ਪਿਆਰ ਵਿੱਚ ਮਨੁੱਖਾ ਜਨਮ ਵਿਅਰਥ ਜਾ ਰਿਹਾ ਹੈ। ਰਹਾਉ॥

ਹੇ ਭਾਈ! ਤੂੰ ਪ੍ਰਭੂ ਦਾ ਸਿਮਰਨ ਨਹੀਂ ਕਰਦਾ। ਪ੍ਰਭੂ ਨੂੰ ਮਿਲਣ ਲਈ ਸੇਵਾ ਆਦਿਕ ਦਾ ਕੋਈ ਉੱਦਮ ਨਹੀਂ ਕਰਦਾ। ਮਨ ਨੂੰ ਵਿਕਾਰਾਂ ਵੱਲੋਂ ਰੋਕਣ ਦਾ ਤੂੰ ਯਤਨ ਨਹੀਂ ਕਰਦਾ। ਤੂੰ ਅਜਿਹਾ ਕੋਈ ਧਰਮ ਨਹੀਂ ਕਮਾਉਂਦਾ। ਨਾਹ ਤਨੂੰ ਗੁਰੂ ਦੀ ਸੇਵਾ ਕੀਤੀ। ਨਾਹ ਤੂੰ ਮਾਲਕ ਪ੍ਰਭੂ ਦਾ ਨਾਮ ਸਿਮਰਨ ਕੀਤਾ। ਹੇ ਨਾਨਕ! ਪ੍ਰਭੂ ਦੇ ਦਰ 'ਤੇ ਅਰਦਾਸ ਕਰ ਤੇ ਆਖ ਹੇ ਪ੍ਰਭੂ! ਅਸੀਂ ਜੀਵ ਮੰਦ ਕਰਮੀ ਹਾਂ। ਤੇਰੀ ਸ਼ਰਨ ਪਏ ਹਾਂ। ਸ਼ਰਨ ਪਿਆ ਦੀ ਲਾਜ਼ ਰੱਖ।

ਅੰਤਿਕਾ : ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਸਤਿ ਤੇ ਰੱਖੀ। ਜਿਸ ਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਪ੍ਰਾਪਤ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਸਦੀਵੀ ਗੁਰੂ ਹਨ। ਇੱਕ ਅਜੇਹੇ ਗ੍ਰੰਥ ਹਨ ਜੋ ਗੁਰੂ ਦੀ ਉਪਾਧੀ ਨਾਲ ਸਨਮਾਨੇ ਜਾਂਦੇ ਹਨ। ਸਿੱਖਿਆ ਮਾਨਵ ਜਾਤੀ ਲਈ ਸਾਂਝੀ ਹੈ। ਜੋ ਅਧਿਆਤਮਕ ਭਾਨਾ , ਚਿੰਤਨ ਅਤੇ ਦ੍ਰਿਸ਼ਟੀਕੋਣ ਤੋਂ ਵਿਸ਼ਵ ਵਿਆਪੀ ਹੈ।

ਸਾਹਿਬ- ਏ- ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ, ਸਬ ਸਿੱਖਣ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ। ਸ਼ਬਦ ਗੁਰੂ ਨਾਲ ਜੋੜ ਕੇ , ਦੇਹਧਾਰੀ ਦੀ ਪ੍ਰਥਾ ਨੂੰ ਖਤਮ ਕੀਤਾ। ਗੁਰਬਾਣੀ ਦਾ ਉਪਦੇਸ਼ ਨਿਰੰਕਾਰ ਨਾਲ ਜੁੜਨ ਦੀ ਜਾਚ ਸਿਖਾਉਂਦਾ ਹੈ। ਇਹ ਸਿੱਖ ਧਰਮ ਦਾ ਕੇਂਦਰੀ ਧੁਰਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂਆ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨਾਲ ਹੋਰ ਮਹਾਨ ਭਗਤਾਂ , ਭੱਟਾਂ ਅਤੇ ਸਿੱਖ ਬਾਣੀਕਾਰਾਂ ਦੀ ਬਾਣੀ ਦਰਜ਼ ਕਰਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜ਼ਾ ਦਿੱਤਾ। ਪਵਿੱਤਰ ਬਾਣੀ ਰੱਬ ਵਿੱਚ ਵਿਸ਼ਵਾਸ ਰੱਖ ਕੇ ਉਸ ਦਾ ਨਾਮ ਜਪਣਾ ਹੈ। ਆਪਸੀ ਮੇਲ ਜੋਲ ਵਿੱਚ ਰਹਿਣਾ। ਨਿੱਜ ਸਵਾਰਥ ਤੋਂ ਉਪਰ ਉਠ ਕੇ ਮਨੁੱਖਤਾ ਦੀ ਸੇਵਾ ਕਰਨੀ। ਨੈਤਿਕ ਜੀਵਨ ਜਿਉਣਾਂ ਹਰ ਸੱਚ ਲਈ ਜੂਝ ਜਾਣਾ। ਸਰਬਤ ਦਾ ਭਲਾ ਮੰਗਣਾ ਦਾ ਉਪਦੇਸ਼ ਹੈ। ਭਗਤੀ ਲਹਿਰ ਦਾ ਪ੍ਰਭਾਵ ਵਿਸ਼ਵ ਧਰਮਾਂ 'ਤੇ ਹੈ। ਇਹ ਇੱਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਹੈ।

***

## ਨਿੱਕਾ ਪੰਛੀ

ਸਈਉਜ਼ਾ ਪਿੰਜਰੇ 'ਚ ਹੱਥ ਪਾ ਕੇ ਸਫ਼ਾਈ ਕਰਨ ਲੱਗਾ, ਪਰ ਪੰਛੀ ਡਰ ਗਿਆ ਤੇ ਉਸਦੇ ਫੜਫੜਾਉਂਦੇ ਹੋਏ ਖੰਭ ਪਿੰਜਰੇ ਨਾਲ ਵੱਜਣ ਲੱਗੇ। ਸਈਉਜ਼ਾ ਪਿੰਜਰੇ ਨੂੰ ਬਾਹਰੋਂ ਸਾਫ਼ ਕਰ ਕੇ ਆਪ ਪਾਣੀ ਲੈਣ ਚਲਾ ਗਿਆ।

ਉਸਦੀ ਮਾਂ ਨੇ ਦੇਖਿਆ ਕਿ ਉਹ ਪਿੰਜਰੇ ਦਾ ਛੋਟਾ ਜਿਹਾ ਦਰਵਾਜ਼ਾ ਬੰਦ ਕਰਨਾ ਭੁੱਲ ਗਿਆ ਹੈ। ਉਸਨੇ ਉਸਨੂੰ ਪਿੱਛੋਂ ਆਵਾਜ਼ ਮਾਰੀ, ਸਈਉਜ਼ਾ, ਪਿੰਜਰੇ ਦਾ ਦਰਵਾਜ਼ਾ ਬੰਦ ਕਰ ਦੇ, ਨਹੀਂ ਤਾਂ ਤੇਰਾ ਪੰਛੀ ਬਾਹਰ ਉੱਡ ਜਾਏਗਾ ਤੇ ਉਸਨੂੰ ਕੋਈ ਸੱਟ ਲੱਗ ਜਾਏਗੀ।

ਜਦੋਂ ਹੀ ਮਾਂ ਨੇ ਏਨੀ ਗੱਲ ਕਹੀ, ਪੰਛੀ ਖੁਸ਼ੀ ਨਾਲ ਖੰਭ ਫੈਲਾਅ ਕੇ ਕਮਰੇ 'ਚ ਉੱਡਦਾ ਹੋਇਆ ਬਾਰੀ ਵੱਲ ਗਿਆ, ਪਰ ਬਾਰੀ ਦਾ ਸ਼ੀਸ਼ਾ ਨਾ 'ਚ ਡਿੱਗ ਪਿਆ। ਸਈਉਜ਼ਾ ਦੌੜਿਆ ਆਇਆ, ਨਿੱਕੇ ਪੰਛੀ ਨੂੰ ਚੁੱਕਿਆ ਅਤੇ ਉਸਨੂੰ ਫੇਰ ਪਿੰਜਰੇ ਅੰਦਰ ਰੱਖ ਦਿੱਤਾ। ਪੰਛੀ ਜਿਊਂਦਾ ਸੀ,ਪਰ ਉਹ ਛਾਤੀ ਪਰਨੇ ਪਿਆ ਹੋਇਆ ਸੀ। ਉਸਦੇ ਛੋਟੇ ਛੋਟੇ ਖੰਭ ਬਾਹਰ ਨੂੰ ਖਿੱਲਰੇ ਹੋਏ ਸਨ ਤੇ ਉਹ ਔਖੇ ਜਿਹੇ ਸਾਹ ਲੈ ਰਿਹਾ ਸੀ। ਸਈਉਜ਼ਾ ਚੀਕਿਆ, ਮਾਂ! ਹੁਣ ਮੈਂ ਕੀ ਕਰਾਂ ?

ਤੂੰ ਕੁਝ ਵੀ ਨਹੀਂ ਕਰ ਸਕਦਾ।

ਉਸ ਦਿਨ ਸਈਉਜ਼ਾ ਆਪਣੇ ਕਮਰੇ ਵਿਚੋਂ ਬਾਹਰ ਨਹੀਂ ਨਿਕਲਿਆ। ਉਹ ਨਿੱਕੇ ਪੰਛੀ ਵੱਲ ਹੀ ਦੇਖਦਾ ਰਿਹਾ। ਪੰਛੀ ਉਸੇ ਤਰ੍ਹਾਂ ਹੀ ਆਪਣੀ ਛਾਤੀ ਪਰਨੇ ਪਿਆ ਹੋਇਆ ਔਖੇ ਔਖੇ ਸਾਹ ਲੈ ਰਿਹਾ ਸੀ। ਰਾਤ ਨੂੰ ਜਦੋਂ ਸਈਉਜ਼ਾ ਆਪਣੇ ਬੈੱਡ 'ਤੇ ਗਿਆ ਤਾਂ ਪੰਛੀ ਉਦੋਂ ਵੀ ਜਿਊਂਦਾ ਸੀ। ਸਈਉਜ਼ਾ ਕਾਫ਼ੀ ਦੇਰ ਸੌਂ ਨਹੀਂ ਸਕਿਆ। ਜਦੋਂ ਹੀ ਉਹ ਅੱਖਾਂ ਬੰਦ ਕਰਦਾ, ਉਸੇ ਵੇਲੇ ਉਸ ਦੀਆਂ ਅੱਖਾਂ ਅੱਗੇ ਉਹ ਨਿੱਕਾ ਪੰਛੀ, ਔਖੇ ਸਾਹ ਲੈਂਦਾ ਦਿਸਣ ਲੱਗ ਪੈਂਦਾ।

ਜਦੋਂ ਅਗਲੀ ਸਵੇਰ ਨੂੰ ਸਈਉਜ਼ਾ ਪਿੰਜਰੇ ਵੱਲ ਗਿਆ ਤਾਂ ਉਹ ਨਿੱਕਾ ਪੰਛੀ ਆਪਣੀ ਪਿੱਠ ਪਰਨੇ ਪਿਆ ਹੋਇਆ ਸੀ ਤੇ ਉਸ ਦੀਆਂ ਲੱਤਾਂ ਉੱਪਰ ਵੱਲ ਮੁੜੀਆਂ ਹੋਈਆਂ ਸਨ। ਉਹ ਹੁਣ ਮਰ ਚੁੱਕਾ ਸੀ। ਇਸ ਤੋਂ ਬਾਅਦ ਸਈਉਜ਼ਾ ਨੇ ਕਦੀ ਵੀ ਕਿਸੇ ਪੰਛੀ ਨੂੰ ਨਹੀਂ ਫੜਿਆ।

***

## ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣ

ਭਾਵੇਂ ਜੀਡੀਪੀ ਦੇ ਇਹ ਅੰਕੜੇ ਦੇਸ਼ ਦੀ ਅਰਥਵਿਵਸਥਾ ਦੀ ਰੌਸ਼ਨ ਤਸਵੀਰ ਪੇਸ਼ ਕਰਦੇ ਹਨ ਪਰ ਇਹ ਅੰਕੜੇ ਦੇਸ਼ ਦੀ ਅਸਲ ਆਰਥਿਕ ਤਸਵੀਰ ਨੂੰ ਉਜਾਗਰ ਨਹੀਂ ਕਰਦੇ। ਅਸਲ ਤਸਵੀਰ ਪ੍ਰਤੀ ਵਿਅਕਤੀ ਆਮਦਨ ਵਿੱਚ ਝਲਕਦੀ ਹੈ, ਜਿਸ ਵਿੱਚ ਭਾਰਤ ਚੋਟੀ ਦੇ 10 ਦੇਸ਼ਾਂ ਵਿੱਚ ਸ਼ਾਮਲ ਨਹੀਂ ਹੈ। ਪਰ ਮੋਦੀ ਕਦੇ ਗਲਤੀ ਨਾਲ ਵੀ ਇਸ ਬਾਰੇ ਚਰਚਾ ਨਹੀਂ ਕਰਦੇ।

ਮੋਦੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਉਨ੍ਹਾਂ ਦੇ ਸ਼ਾਸਨ ਵਿੱਚ ਲੜੀਵਾਰ ਬੰਬ ਧਮਾਕੇ ਅਤੇ ਅੱਤਵਾਦੀ ਹਮਲੇ ਨਹੀਂ ਹੁੰਦੇ ਹਨ ਅਤੇ ਹੁਣ ਨਕਸਲ ਪ੍ਰਭਾਵਿਤ ਇਲਾਕਿਆਂ ਵਿੱਚ ਵੀ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਉਸ ਦਾ ਇਹ ਦਾਅਵਾ ਕਿਸੇ ਹੱਦ ਤੱਕ ਸੱਚ ਹੈ, ਪਰ ਦੇਸ਼ ਅੰਦਰ ਪ੍ਰਧਾਨ ਮੰਤਰੀ ਦੀ ਪਾਰਟੀ ਦੇ ਲੋਕਾਂ ਵੱਲੋਂ ਜਿਸ ਤਰ੍ਹਾਂ ਦੀਆਂ ਹਿੰਸਕ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ, ਕੀ ਉਹ ਅੱਤਵਾਦ ਦੀ ਸ਼੍ਰੇਣੀ ਵਿੱਚ ਨਹੀਂ ਆਉਂਦਾ ?

ਮੋਦੀ ਨੇ ਆਪਣੇ ਭਾਸ਼ਣ ਵਿੱਚ ਮਨੀਪੁਰ ਦਾ ਜ਼ਿਕਰ ਕੀਤਾ ਅਤੇ ਦਾਅਵਾ ਕੀਤਾ ਕਿ ਉੱਥੇ ਹੁਣ ਸ਼ਾਂਤੀ ਸਥਾਪਤ ਹੋ ਰਹੀ ਹੈ, ਪਰ ਅਸਲੀਅਤ ਇਹ ਹੈ ਕਿ ਹੁਣ ਨਾਗਾ ਭਾਈਚਾਰਾ ਵੀ ਉੱਥੇ ਕੂਕੀ-ਮੇਤੀ ਸੰਘਰਸ਼ ਵਿੱਚ ਸ਼ਾਮਲ ਹੋ ਗਿਆ ਹੈ। ਪ੍ਰਧਾਨ ਮੰਤਰੀ ਨੇ ਨਾ ਤਾਂ ਆਪਣੇ ਭਾਸ਼ਣ ਵਿੱਚ ਦੱਸਿਆ ਕਿ ਮਨੀਪੁਰ ਵਿੱਚ ਹਾਲਾਤ ਇੰਨੇ ਵਿਗੜ ਗਏ ਹਨ ਅਤੇ ਨਾ ਹੀ ਉਨ੍ਹਾਂ ਨੇ ਇਹ ਦੱਸਿਆ ਕਿ ਉਨ੍ਹਾਂ ਦੀ ਡਬਲ ਇੰਜਣ ਵਾਲੀ ਸਰਕਾਰ ਉੱਥੇ ਸਮੱਸਿਆ ਦੇ ਹੱਲ ਲਈ ਕੀ ਕਰ ਰਹੀ ਹੈ ?

ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਹਰ ਵਿਅਕਤੀ ਲਈ ਮਕਾਨ ਅਤੇ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਵਰਗੇ ਵਾਅਦਿਆਂ ਦਾ ਜ਼ਿਕਰ ਤੱਕ ਨਹੀਂ ਕੀਤਾ। ਮੋਦੀ ਕਦੇ ਵੀ ਹਰ ਸਾਲ ਦੋ ਕਰੋੜ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਆਪਣੇ ਸ਼ੁਰੂਆਤੀ ਵਾਅਦੇ ਦੀ ਗੱਲ ਨਹੀਂ ਕਰਦੇ ਅਤੇ ਅੱਜ ਵੀ ਉਨ੍ਹਾਂ ਦੇ ਭਾਸ਼ਣ ਵਿੱਚ ਬੇਰੁਜ਼ਗਾਰੀ ਦਾ ਕੋਈ ਜ਼ਿਕਰ ਨਹੀਂ ਸੀ। ਉਨ੍ਹਾਂ ਨੇ ਵਧਦੀ ਮਹਿੰਗਾਈ ਨੂੰ ਆਲਮੀ ਕਾਰਨਾਂ ਨਾਲ ਜੋੜ ਕੇ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀ ਸਰਕਾਰ ਨੇ ਮਹਿੰਗਾਈ ਨੂੰ ਕਾਬੂ ਕਰਨ ਲਈ ਕਦਮ ਨਾ ਚੁੱਕੇ ਹੁੰਦੇ ਤਾਂ ਸਥਿਤੀ ਹੋਰ ਗੰਭੀਰ ਹੋਣੀ ਸੀ। ਕੁੱਲ ਮਿਲਾ ਕੇ ਪ੍ਰਧਾਨ ਮੰਤਰੀ ਦਾ ਭਾਸ਼ਣ ਇੱਕ ਚੋਣ ਰੈਲੀ ਵਰਗਾ ਸੀ, ਜਿਸ ਵਿੱਚ ਉਨ੍ਹਾਂ ਨੇ ਆਪਣੇ ਸਮਰਥਕਾਂ ਨੂੰ ਸੰਬੋਧਨ ਕੀਤਾ।

***

## ਭਾਰਤੀ ਅਰਥਚਾਰੇ ਦੇ ਦੁਨੀਆਂ ਵਿੱਚ

ਸਬੰਧਤ ਸੂਚਕ ਅੰਕ ਵੀ ਦੁਨੀਆਂ ਦੇ ਉੱਪਰਲੇ ਦੇਸ਼ਾਂ ਦੇ ਮੁਕਾਬਲੇ ਵਿੱਚ ਬਹੁਤ ਪਿਛੜੇ ਹੋਏ ਹਨ। ਅਜਿਹਾ ਕਰਨ ਲਈ ਦੇਸ਼ ਵਿੱਚ ਸਰਕਾਰ ਨੂੰ ਅਸਲ ਨਿਵੇਸ਼ ਨੂੰ ਵਧਾਉਣਾ ਪਵੇਗਾ, ਖ਼ਾਸ ਕਰਕੇ ਰੁਜ਼ਗਾਰ ਪੈਦਾ ਕਰਨ ਦੇ ਮੌਕਿਆਂ ਵਿੱਚ, ਸਿਹਤ ਅਤੇ ਸਿੱਖਿਆ ਖੇਤਰ ਵਿੱਚ ਅਤੇ ਖੇਤੀਬਾੜੀ ਖ਼ੇਤਰ ਵਿੱਚ।

ਉਪਰੋਕਤ ਵਿਸ਼ਲੇਸ਼ਣ ਸਪਸ਼ਟ ਕਰਦਾ ਹੈ ਕਿ ਭਾਰਤ ਭਾਵੇਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਵਿੱਚ ਪਹਿਲੇ ਸਥਾਨ 'ਤੇ ਵੀ ਆ ਜਾਵੇ ਪਰ ਉਦੋਂ ਤਕ ਇਸਦੇ ਕੋਈ ਮਾਅਨੇ ਨਹੀਂ ਹੋਣਗੇ, ਜਦੋਂ ਤਕ ਦੇਸ਼ ਦੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਿੱਚ ਚੋਖਾ ਵਾਧਾ ਨਹੀਂ ਹੁੰਦਾ ਅਤੇ ਨਾਲ ਹੀ ਮਨੁੱਖੀ ਵਿਕਾਸ ਨੂੰ ਸਮੇਂ ਦੇ ਹਾਣਦਾ ਨਹੀਂ ਬਣਾਇਆ ਜਾਂਦਾ। ਜਦੋਂ ਤਕ ਦੇਸ਼ ਵਿੱਚੋਂ ਭੁੱਖਮਰੀ ਦੇ ਖ਼ਾਤਮੇ, ਗਰੀਬੀ ਦੇ ਖਾਤਮੇ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਕਾਣੀ ਵੰਡ ਦੇ ਖ਼ਾਤਮੇ ਦੇ ਉਦੇਸ਼ਾਂ ਦੀ ਪ੍ਰਾਪਤੀ ਨਹੀਂ ਹੁੰਦੀ, ਉਦੋਂ ਤਕ ਦੇਸ਼ ਦੇ ਆਮ ਲੋਕਾਂ ਨੂੰ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਦੇ ਪਹਿਲੇ ਜਾਂ ਤੀਜੇ ਦਰਜੇ ਦਾ ਮੁਲਕ ਬਣਨ ਦਾ ਕੋਈ ਲਾਭ ਨਹੀਂ ਹੋਵੇਗਾ।

***

## ਡਾਂਗਮਾਰ ਸਾਹਿਬ ਦੇ ਮਾਮਲੇ 'ਚ ਸਿੱਕਮ ਸਰਕਾਰ

ਮਾਨਤਾ ਦਿੰਦੇ ਰਹੇ ਹਨ, ਜਿਸ ਦੀ ਇੱਕ ਉਦਾਹਰਨ ਅਕਤੂਬਰ 1983 ਵਿੱਚ ਸਥਾਨਕ ਵਿਧਾਇਕ ਵੱਲੋਂ ਗੁਰਦੁਆਰਾ ਡਾਂਗਮਾਰ ਸਾਹਿਬ ਦੀ ਡਿਓਢੀ ਦਾ ਨੀਂਹ ਪੱਥਰ ਰੱਖਣਾ ਹੈ। ਉਨ੍ਹਾਂ ਦੱਸਿਆ ਕਿ ਇਸ ਮਗਰੋਂ ਅਦਾਲਤ ਨੇ ਅਗਲੀ ਸੁਣਵਾਈ 1 ਸਤੰਬਰ 2023 ਦੀ ਤੈਅ ਕੀਤੀ ਹੈ।

ਐਡਵੋਕੇਟ ਸਿਆਲਕਾ ਨੇ ਕਿਹਾ ਕਿ ਸਿੱਕਮ ਸਰਕਾਰ ਨੂੰ ਅਦਾਲਤ ਵਿੱਚ ਪੇਸ਼ ਕੀਤੇ ਗਏ ਹਲਫ਼ਨਾਮੇ ਅਨੁਸਾਰ ਆਪਣੀ ਭੂਮਿਕਾ ਅਦਾ ਕਰ ਕੇ ਸੁਖਾਵੇਂ ਮਾਹੌਲ ਵਿੱਚ ਮਾਮਲਾ ਹੱਲ ਕਰਵਾਉਣਾ ਚਾਹੀਦਾ ਹੈ, ਨਾ ਕਿ ਇਕਤਰਫ਼ਾ ਸਿੱਖ ਵਿਰੋਧੀ ਭੂਮਿਕਾ ਅਦਾ ਕਰਨੀ ਚਾਹੀਦੀ ਹੈ।

***

## ਅਦਾਲਤਾਂ 'ਚ ਸੀ.ਬੀ.ਆਈ.

ਬਹੁਤ ਜ਼ਿਆਦਾ ਕੰਮ ਦੇ ਬੋਝ, ਕਰਮਚਾਰੀਆਂ ਦੀ ਕਮੀ ਅਤੇ ਬੇਨਤੀ ਪੱਤਰ ਦੇ ਮਿਲਣ 'ਚ ਦੇਰੀ ਇੰਨੇ ਮਾਮਲਿਆਂ ਦੇ ਅਦਾਲਤ ਵਿੱਚ ਲੰਟਕੇ ਹੋਣ ਦਾ ਕਾਰਨ ਹੈ।

ਗਰੁੱਪ ਏ ਦੇ ਅਧਿਕਾਰੀਆਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ 52 ਮਾਮਲੇ ਪੈਂਡਿੰਗ

ਗਰੁੱਪ ਏ ਵਰਗ ਦੇ ਅਧਿਕਾਰੀਆਂ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਦੀ ਜਾਂਚ ਦੇ 52 ਮਾਮਲੇ ਲੰਮੇ ਸਮੇਂ ਤੋਂ ਲਟਕੇ ਹੋਏ ਹਨ। ਉਥੇ ਗਰੁੱਪ ਬੀ ਤੇ ਸੀ ਦੇ 19 ਮਾਮਲਿਆਂ ਵਿੱਚ ਜਾਂਚ ਲਟਕੀ ਹੋਈ ਹੈ। ਸਾਲ 2022 ਵਿੱਚ ਹੀ ਸੀਬੀਆਈ ਨੇ 946 ਨਵੇਂ ਮਾਮਲੇ ਦਰਜ ਕੀਤੇ ਹਨ ਜਿਨ੍ਹਾਂ ਵਿਚੋਂ 829 ਜਨਰਲ ਮਾਮਲੇ ਅਤੇ 117 ਮੁੱਢਲੀ ਜਾਂਚ ਨਾਲ ਜੁੜੇ ਹਨ। ਇਨ੍ਹਾਂ 946 ਮਾਮਲਿਆਂ ਵਿਚੋਂ 107 ਸੰਵਿਧਾਨਕ ਅਦਾਲਤਾਂ ਦੇ ਆਦੇਸ਼ਾਂ ਤਹਿਤ ਸੀਬੀਆਈ ਨੂੰ ਮਿਲੇ ਹਨ। ਉਥੇ 20 ਮਾਮਲੇ ਰਾਜ ਸਰਕਾਰਾਂ ਨੇ ਸੀਬੀਆਈ ਨੂੰ ਸੌਂਪੇ ਹਨ।

***

## ਅਮਰੀਕਾ ਦੇ ਮਾਊਈ ਟਾਪੂ 'ਤੇ

ਦੀਆਂ ਕੋਸ਼ਿਸ਼ਾਂ ਜਾਰੀ ਹਨ। ਮਾਊਈ ਪੁਲਿਸ ਮੁਖੀ ਜੌਹਨ ਪੈਲੀਟੀਅਰ ਨੇ ਬੀਤੇ ਦਿਨ ਕਿਹਾ ਕਿ ਟਾਪੂ ਦੇ ਸੜੇ ਜਿਆਦਾਤਰ ਹਿੱਸੇ ਵਿਚ ਅਜੇ ਪੀੜਤਾਂ ਦੀ ਭਾਲ ਕੀਤੀ ਜਾਣੀ ਹੈ।

***

## ਅਮਰੀਕਾ ਦੇ ਮਾਊਈ ਟਾਪੂ 'ਤੇ ਅੱਗ ਕਾਰਨ ਮਰਨ

ਸੂਹੀਆ ਕੁੱਤਿਆਂ ਦੀਆਂ ਸੇਵਾਵਾਂ ਲਈਆਂ ਗਈਆਂ ਹਨ। ਗਰੀਨ ਨੇ ਇਹ ਵੀ ਕਿਹਾ ਕਿ ਲਾਪਤਾ ਲੋਕਾਂ ਦੀ ਗਿਣਤੀ ਬਾਰੇ ਸਥਿੱਤੀ ਸਪਸ਼ਟ ਨਹੀਂ ਹੈ ਕਿਉਂਕਿ ਬਹੁਤ ਸਾਰੇ ਲੋਕ ਆਪਣਾ ਘਰ ਬਾਰ ਸਭ ਕੁੱਝ ਛੱਡੇ ਕੇ ਦੌੜ ਗਏ ਸਨ ਤੇ ਹੋ ਸਕਦਾ ਹੈ ਕਿ ਉਨਾਂ ਦੇ ਫੋਨ ਵੀ ਅੱਗ ਦੀ ਭੇਟਾ ਹੋ ਚੁੱਕੇ ਹੋਣ, ਇਸ ਲਈ ਉਨਾਂ ਨਾਲ ਸੰਪਰਕ ਕਰਨਾ ਸੰਭਵ ਨਹੀਂ ਹੈ। ਮਾਊਈ ਦੇ ਪੁਲਿਸ ਮੁੱਖੀ ਜੌਹਨ ਪੈਲਟੀਅਰ ਨੇ ਆਸ ਪ੍ਰਗਟਾਈ ਹੈ ਕਿ ਇਸ ਹਫਤੇ ਦੇ ਅੰਤ ਤੱਕ 85 ਤੋਂ 90% ਤੱਕ ਸੜੇ ਖੇਤਰ ਵਿਚ ਮ੍ਰਿਤਕਾਂ ਦੀ ਭਾਲ ਦਾ ਕੰਮ ਮੁਕੰਮਲ ਹੋ ਜਾਵੇਗਾ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ਅੱਜ ਦਾ ਮੁੱਦਾ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com